@Qpatrika @qaumipatrika punjabi instagram.com/ qaumipatrika

Largest Circulated

C M Y K

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 9 September 2026

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 9 ਸਤੰਬਰ 2026, 25 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 306, qpatrika@gmail.com ਫੋਨ : 9971359517 www.qaumipatrika.org

## ਪਾਣੀ ਦੇ ਪ੍ਰਦੂਸ਼ਣ ’ਤੇ ਵੱਡਾ ਐਕਸ਼ਨ: ਸਤਲੁਜ ਤੋਂ ਲੈ ਕੇ ਨਲਕਿਆਂ ਤੱਕ ਦੇ ਪਾਣੀ ਦੀ ਹੋਵੇ ਨਿਰਪੱਖ ਜਾਂਚ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਲੁਧਿਆਣਾ 8 ਸਤੰਬਰ। ਲੁਧਿਆਣਾ ਦੀ ਲੰਬੇ ਸਮੇਂ ਦੀ ਪੀਣ ਵਾਲੇ ਪਾਣੀ ਦੀ ਸੁਰੱਖਿਆ ਨੂੰ ਲੈ ਕੇ ਪਬਲਿਕ ਐਕਸ਼ਨ ਕਮੇਟੀ (ਪੀਏਸੀ) ਨੇ ਸਰਕਾਰ ਤੋਂ 580 ਐੱਮਐੱਲਡੀ ਬਿਲਗਾ ਵਾਟਰ ਸਪਲਾਈ ਪ੍ਰਾਜੈਕਟ ਦੀ ਪੂਰੀ ਜਾਣਕਾਰੀ ਜਨਤਕ ਕਰਨ ਅਤੇ ਇਸ ਦੀ ਸੁਤੰਤਰ ਵਿਗਿਆਨਕ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਪੀਏਸੀ ਦੇ ਮੈਂਬਰ ਕਰਨਲ ਸੀਐੱਮ ਲਖਨਪਾਲ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮੰਗ-ਪੱਤਰ ਭੇਜ ਕੇ ਪ੍ਰਾਜੈਕਟ ਨਾਲ ਜੁੜੇ ਵੱਖ-ਵੱਖ ਤਕਨੀਕੀ ਅਤੇ ਵਾਤਾਵਰਨਕ ਮੁੱਦੇ ਚੁੱਕੇ ਹਨ। ਮੰਗ-ਪੱਤਰ ਅਨੁਸਾਰ ਪ੍ਰਸਤਾਵਿਤ ਨਹਿਰੀ ਪੀਣ ਵਾਲੇ ਪਾਣੀ ਦੇ ਪ੍ਰੋਜੈਕਟ ਤਹਿਤ ਪਿੰਡ ਬਿਲਗਾ ਵਿਖੇ 580 ਐੱਮਐੱਲਡੀ ਸਮਰੱਥਾ ਵਾਲਾ ਵਾਟਰ ਟ?ਰੀਟਮੈਂਟ ਪਲਾਂਟ, ਵੱਡਾ ਟਰਾਂਸਮਿਸ਼ਨ ਨੈੱਟਵਰਕ ਤੇ ਲਗਭਗ 137 ਓਵਰਹੈੱਡ ਸਰਵਿਸ ਰਿਜ਼ਰਵਾਇਰ ਬਣਾਏ ਜਾਣੇ ਹਨ। ਪੀਏਸੀ ਦਾ ਕਹਿਣਾ ਹੈ ਕਿ ਇਹ ਪ੍ਰਾਜੈਕਟ ਲੁਧਿਆਣਾ ਦੀ ਧਰਤੀ ਹੇਠਲੇ ਪਾਣੀ ’ਤੇ ਨਿਰਭਰਤਾ ਘਟਾਉਣ ’ਚ ਅਹਿਮ ਭੂਮਿਕਾ ਨਿਭਾਅ ਸਕਦਾ ਹੈ, ਪਰ ਇਸ ਦੀ ਸਫਲਤਾ ਦਾ ਮੁੱਲਾਂਕਣ ਸਿਰਫ਼ ਪਲਾਂਟ ਦੀ ਸਮਰੱਥਾ ਜਾਂ ਨਿਰਮਾਣ ਕਾਰਜਾਂ ਦੀ ਤਰੱਕੀ ਦੇ ਆਧਾਰ ’ਤੇ ਨਹੀਂ ਕੀਤਾ ਜਾ ਸਕਦਾ।ਪੀਏਸੀ ਨੇ ਮੰਗ ਕੀਤੀ ਕਿ ਪਾਣੀ ਦੀ ਗੁਣਵੱਤਾ ਦੀ ਜਾਂਚ ਸਤਲੁਜ ਦਰਿਆ ਤੋਂ ਰੋਪੜ, ਸਰਹਿੰਦ ਤੇ ਸਿੱਧਵਾਂ ਨਹਿਰ ਰਾਹੀਂ ਬਿਲਗਾ ਦੇ ਇੰਟੇਕ ਪੁਆਇੰਟ ਤੇ ਅੱਗੇ ਖਪਤਕਾਰਾਂ ਦੇ ਨਲਕਿਆਂ ਤੱਕ ਕੀਤੀ ਜਾਵੇ। ਕਮੇਟੀ ਨੇ ਕਿਹਾ ਕਿ ਕੱਚੇ ਪਾਣੀ ਵਿੱਚ ਮੌਜੂਦ ਜਾਂ ਭਵਿੱਖ ਵਿੱਚ ਪੈਦਾ ਹੋ ਸਕਣ ਵਾਲੇ ਪ੍ਰਦੂਸ਼ਕਾਂ ਮੁਤਾਬਕ ਹੀ ਟਰੀਟਮੈਂਟ ਪ੍ਰਣਾਲੀ ਦੀ ਸਮਰੱਥਾ ਦਾ ਮੁਲਾਂਕਣ ਹੋਣਾ ਚਾਹੀਦਾ ਹੈ। ਮੰਗ-ਪੱਤਰ ਵਿੱਚ ਸਤਲੁਜ ਵਿੱਚ ਸਰਸਾ-ਬਾਲਦ ਅਤੇ ਸਵਾਂ ਦਰਿਆ ਪ੍ਰਣਾਲੀਆਂ ਰਾਹੀਂ ਆਉਣ ਵਾਲੇ ਸੰਭਾਵਿਤ ਪ੍ਰਦੂਸ਼ਣ ਤੇ ਬੱਦੀ-ਬਰੋਟੀਵਾਲਾ-ਨਾਲਾਗੜ੍ਹ



ਖੇਤਰ ਦੇ ਉਦਯੋਗਿਕ ਪ੍ਰਦੂਸ਼ਣ ਦੇ ਪ੍ਰਭਾਵ ਦਾ ਵੀ ਵਿਗਿਆਨਕ ਅਧਿਐਨ ਕਰਵਾਉਣ ਦੀ ਮੰਗ ਕੀਤੀ ਹੈ।ਪੀਏਸੀ ਨੇ ਵਾਟਰ ਟ?ਰੀਟਮੈਂਟ ਪਲਾਂਟ ਦੀ ਅੰਤਿਮ ਟ?ਰੀਟਮੈਂਟ ਪ੍ਰਕਿਰਿਆ ਜਨਤਕ ਕਰਨ ਦੇ ਨਾਲ ਇਹ ਵੀ ਸਪੱਸ਼ਟ ਕਰਨ ਦੀ ਮੰਗ ਕੀਤੀ ਹੈ ਕਿ ਪਲਾਂਟ ਭਾਰੀ ਧਾਤਾਂ, ਯੂਰੇਨੀਅਮ, ਕੀਟਨਾਸ਼ਕਾਂ, ਦਵਾਈਆਂ ਦੇ ਅਵਸ਼ੇਸ਼, ਐਂਟੀਬਾਇਓਟਿਕਸ, ਪੀਐੱਫਏਐੱਸ ਅਤੇ ਹੋਰ ਉਦਯੋਗਿਕ ਤੇ ਉਭਰਦੇ ਪ੍ਰਦੂਸ਼ਕਾਂ ਨੂੰ ਕਿੰਨੀ ਪ੍ਰਭਾਵਸ਼ਾਲੀ ਢੰਗ ਨਾਲ ਹਟਾ ਸਕਦਾ ਹੈ। ਕਮੇਟੀ ਨੇ ਮੰਗ-ਪੱਤਰ ’ਚ ਸਬੰਧਤ ਅਧਿਕਾਰੀਆਂ ਸਾਹਮਣੇ 80 ਵਿਸ਼ੇਸ਼ ਸਵਾਲ ਰੱਖੇ ਹਨ। ਪ੍ਰੋਜੈਕਟ ਦੀ ਮਨਜ਼ੂਰਸ਼ੁਦਾ ਡੀਪੀਆਰ, ਕੁੱਲ ਲਾਗਤ, ਵਿੱਤੀ ਪ੍ਰਬੰਧ, ਠੇਕੇ ਦੀਆਂ ਸ਼ਰਤਾਂ, ਮੌਜੂਦਾ ਭੌਤਿਕ ਤੇ ਵਿੱਤੀ ਪ੍ਰਗਤੀ, ਕੱਚੇ ਪਾਣੀ ਦੇ ਇੰਟੇਕ ਦੀ ਸੁਰੱਖਿਆ ਅਤੇ ਨਹਿਰ ਵਿੱਚ ਸਾਲ ਭਰ ਪਾਣੀ ਦੀ ਉਪਲੱਬਧਤਾ ਵਰਗੇ ਮੁੱਦੇ ਸ਼ਾਮਲ ਹਨ। ਪ੍ਰਦੂਸ਼ਣ ਦੀ ਸਥਿਤੀ ਵਿੱਚ ਤੁਰੰਤ ਚੇਤਾਵਨੀ, ਪਾਣੀ ਦੀ ਸਪਲਾਈ ਬੰਦ ਕਰਨ ਦੀ ਵਿਵਸਥਾ, ਐਮਰਜੈਂਸੀ ਲਈ ਕੱਚੇ ਪਾਣੀ ਦੀ ਵਾਧੂ ਸਟੋਰੇਜ, ਵਾਟਰ ਟ?ਰੀਟਮੈਂਟ ਪਲਾਂਟ ਦੀ ਸਲੱਜ ਅਤੇ ਫਿਲਟਰ ਬੈਕਵਾਸ਼ ਪਾਣੀ ਦੇ ਵਿਗਿਆਨਕ ਨਿਪਟਾਰੇ, ਓਵਰਹੈੱਡ ਟੈਂਕਾਂ ਅਤੇ ਪਾਈਪਲਾਈਨ ਨੈੱਟਵਰਕ ਦੀ ਸਫ਼ਾਈ ਤੇ ਨਿਗਰਾਨੀ ਬਾਰੇ ਵੀ ਜਾਣਕਾਰੀ ਮੰਗੀ ਹੈ। ਸੁਤੰਤਰ ਮਾਹਿਰਾਂ ਦੀ ਕਮੇਟੀ ਬਣਾਉਣ ਦੀ ਮੰਗਪੀਏਸੀ ਨੇ ਪਾਣੀ ਦੀ ਗੁਣਵੱਤਾ ਅਤੇ ਪ੍ਰਾਜੈਕਟ ਦੀ ਕਾਰਗੁਜ਼ਾਰੀ ਦੀ ਜਾਂਚ ਲਈ ਪਾਣੀ ਟਰੀਟਮੈਂਟ ਮਾਹਿਰਾਂ, ਟੌਕਸੀਕੋਲੋਜਿਸਟਾਂ, ਹਾਈਡਰੋਜਿਓਲੋਜਿਸਟਾਂ, ਜਨ ਸਿਹਤ ਮਾਹਿਰਾਂ ਅਤੇ ਸਿਵਲ ਸੁਸਾਇਟੀ ਦੇ ਨੁਮਾਇੰਦਿਆਂ ਵਾਲੀ ਸੁਤੰਤਰ ਬਹੁ-ਵਿਸ਼ੇਸ਼ਗੀ ਵਿਗਿਆਨਕ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਨਾਲ ਹੀ ਹਿਮਾਚਲ ਪ੍ਰਦੇਸ਼ ਅਤੇ ਹੋਰ ਸਬੰਧਤ ਅਥਾਰਟੀਆਂ ਨਾਲ ਤਾਲਮੇਲ ਕਰਕੇ ਉਪਰਲੇ ਇਲਾਕਿਆਂ ਵਿੱਚ ਪ੍ਰਦੂਸ਼ਣ ਦੀ ਨਿਗਰਾਨੀ ਅਤੇ ਅਗਾਊਂ ਚੇਤਾਵਨੀ ਪ੍ਰਣਾਲੀ ਕਾਇਮ ਕਰਨ ਦੀ ਮੰਗ ਕੀਤੀ ਗਈ ਹੈ।ਪਾਣੀ ਸਪਲਾਈ ਸ਼ੁਰੂ ਕਰਨ ਤੋਂ ਪਹਿਲਾਂ ਸੁਤੰਤਰ ਟੈਸਟਿੰਗ ਹੋਵੇਪੀਏਸੀ ਨੇ ਮੰਗ ਕੀਤੀ ਹੈ ਕਿ ਜਨਤਾ ਨੂੰ ਪਾਣੀ ਸਪਲਾਈ ਕਰਨ ਤੋਂ ਪਹਿਲਾਂ ਪਲਾਂਟ ਦਾ ਸੁਤੰਤਰ ਟ?ਰਾਇਲ ਰਨ, ਕਮਿਸ਼ਨਿੰਗ ਅਤੇ ਕਾਰਗੁਜ਼ਾਰੀ ਦੀ ਜਾਂਚ ਕੀਤੀ ਜਾਵੇ। ਇਸ ਦੇ ਨਾਲ ਟਰੀਟਮੈਂਟ ਪਲਾਂਟ, ਓਵਰਹੈੱਡ ਰਿਜ਼ਰਵਾਇਰ, ਵੰਡ ਪ੍ਰਣਾਲੀ ਅਤੇ ਖਪਤਕਾਰਾਂ ਦੇ ਨਲਕਿਆਂ ਤੋਂ ਲਗਾਤਾਰ ਪਾਣੀ ਦੀ ਜਾਂਚ ਕਰਵਾਈ ਜਾਵੇ। ਕਮੇਟੀ ਨੇ ਪਾਣੀ ਦੀ ਗੁਣਵੱਤਾ ਅਤੇ ਪਲਾਂਟ ਦੀ ਕਾਰਗੁਜ਼ਾਰੀ ਨਾਲ ਸਬੰਧਤ ਸਾਰੀ ਜਾਣਕਾਰੀ ਲਈ ਲਗਾਤਾਰ ਅਪਡੇਟ ਹੋਣ ਵਾਲਾ ਜਨਤਕ ਆਨਲਾਈਨ ਡੈਸ਼ਬੋਰਡ ਬਣਾਉਣ ਦੀ ਮੰਗ ਵੀ ਕੀਤੀ ਹੈ।-ਡੀਸੀ ਤੇ ਨਿਗਮ ਕਮਿਸ਼ਨਰ ਦੀ ਅਗਵਾਈ ਹੇਠ ਸਾਂਝੀ ਮੀਟਿੰਗ ਦੀ ਮੰਗਮੰਗ-ਪੱਤਰ ਵਿੱਚ ਡਿਪਟੀ ਕਮਿਸ਼ਨਰ ਲੁਧਿਆਣਾ ਅਤੇ ਨਗਰ ਨਿਗਮ ਲੁਧਿਆਣਾ ਦੇ ਕਮਿਸ਼ਨਰ ਨੂੰ ਪ੍ਰਾਜੈਕਟ ਨਾਲ ਸਬੰਧਤ ਸਾਰੇ ਵਿਭਾਗਾਂ ਦੀ ਸਾਂਝੀ ਤਕਨੀਕੀ ਮੀਟਿੰਗ ਬੁਲਾਉਣ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ।

## ਮਲਿਕ ਨੇ ਰੇਲ ਮੰਤਰੀ ਤੋਂ ਪੰਜਾਬ ਲਈ ਅੰਮ੍ਰਿਤਸਰ-ਮੁੰਬਈ ਵੰਦੇ ਭਾਰਤ ਸਲੀਪਰ ਟ੍ਰੇਨ ਚਲਾਉਣ ਦੀ ਕੀਤੀ ਮੰਗ

ਕੌਮੀ ਪਤ੍ਰਿਕਾ

ਅੰਮ੍ਰਿਤਸਰ 8 ਸਤੰਬਰ। ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਸ਼ਵੇਤ ਮਲਿਕ ਕੇਂਦਰੀ ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੂੰ ਦਿੱਲੀ ਵਿਖੇ ਮਿਲੇ ਅਤੇ ਅੰਮ੍ਰਿਤਸਰ-ਮੁੰਬਈ ਵੰਦੇ ਭਾਰਤ ਸਲੀਪਰ ਟਰੇਨ ਚਲਾਉਣ ਦੀ ਅਪੀਲ ਕੀਤੀ। ਇਸ ਨਾਲ ਪੰਜਾਬ ਦੇ ਮੁੱਖ ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਫਗਵਾੜਾ, ਲੁਧਿਆਣਾ ਭਾਵ ਮਾਝਾ, ਮਾਲਵਾ ਅਤੇ ਦੋਆਬਾ ਖੇਤਰ ਦੇ ਨਿਵਾਸੀਆਂ ਨੂੰ ਰਾਜਧਾਨੀ ਦਿੱਲੀ, ਗੁਜਰਾਤ, ਮਹਾਰਾਸ਼ਟਰ ਅਤੇ ਦੇਸ਼ ਦੀ ਆਰਥਿਕ ਰਾਜਧਾਨੀ ਮੁੰਬਈ ਲਈ ਇਕ ਤੇਜ਼ ਰਫ਼ਤਾਰ ਅਤੇ ਆਰਾਮਦਾਇਕ ਰੇਲ ਯਾਤਰਾ ਮਿਲੇਗੀ। ਮਲਿਕ ਨੇ ਕਿਹਾ ਕਿ ਲੱਗਭਗ 25 ਸਾਲ ਪਹਿਲਾਂ ਅੰਮ੍ਰਿਤਸਰ-ਮੁੰਬਈ ਲਈ ਗੋਲਡਨ ਟੈਂਪਲ ਐਕਸਪ੍ਰੈੱਸ (ਫ?ਰੰਟੀਅਰ ਮੇਲ) ਅਤੇ ਡੀਲਕਸ ਐਕਸਪ੍ਰੈੱਸ ਟ?ਰੇਨਾਂ ਚੱਲ ਰਹੀਆਂ ਹਨ ਜੋ ਬਹੁਤ ਸਮਾਂ ਲੈਂਦੀਆਂ ਹਨ। ਮਲਿਕ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਦਾ ਦਿੱਲੀ ਤੋਂ ਪੰਜਾਬ ਦੇ ਕਈ ਸ਼ਹਿਰਾਂ ਨੂੰ ਵੰਦੇ ਭਾਰਤ ਰੇਲ ਗੱਡੀਆਂ ਦੇਣ, ਪੰਜਾਬ ਦੇ ਕਈ ਸ਼ਹਿਰਾਂ ਦੇ ਰੇਲਵੇ ਸਟੇਸ਼ਨਾਂ ਦਾ ਆਧੁਨਿਕੀਕਰਨ ਕਰਨ ਅਤੇ ਹਜ਼ਾਰਾਂ



ਕਰੋੜ ਦੇ ਰੇਲਵੇ ਪ੍ਰਾਜੈਕਟ ਪੰਜਾਬ ਨੂੰ ਦੇਣ ਲਈ ਧੰਨਵਾਦ ਕੀਤਾ। ਮਲਿਕ ਨੇ ਰੇਲ ਮੰਤਰੀ ਨੂੰ ਦੱਸਿਆ ਕਿ ਅੰਮ੍ਰਿਤਸਰ-ਮੁੰਬਈ ਵੰਦੇ ਭਾਰਤ ਤੇਜ਼ ਰਫ਼ਤਾਰ ਸਲੀਪਰ ਟ?ਰੇਨ ਚੱਲਣ ਨਾਲ ਪੰਜਾਬ ਦੇ ਯਾਤਰੀਆਂ, ਵਿਸ਼ੇਸ਼ ਕਰ ਕੇ ਕਿਸਾਨਾਂ, ਉਦਯੋਗਪਤੀਆਂ, ਵਪਾਰੀਆਂ, ਭਾਰਤੀ ਫ਼ੌਜ ਅਤੇ ਵਿਦਿਆਰਥੀਆਂ ਨੂੰ ਵਿਸ਼ੇਸ਼ ਲਾਭ ਮਿਲੇਗਾ। ਮਲਿਕ ਨੇ ਦੱਸਿਆ ਕਿ ਮੋਦੀ ਸਰਕਾਰ ਦੇ ਰੇਲ ਮੰਤਰਾਲਾ ਵੱਲੋਂ ਪੰਜਾਬ ’ਚ ਰੇਲਵੇ ਇਨਫਰਾਸਟਰਕਚਰ ਦੇ ਵਿਕਾਸ ਅਤੇ ਕਨੈਕਟੀਵਿਟੀ ਨੂੰ ਮਜ਼ਬੂਤ ਕਰਨ ਲਈ ਵੱਡੇ ਪੱਧਰ ’ਤੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ।

## ਭਰੋਸੇਯੋਗਤਾ ਦਾ ਸੰਕਟ ਮੀਡੀਆ ਖੇਤਰ ’ਚ ਸਭ ਤੋਂ ਵੱਡੀ ਸਮੱਸਿਆ ਹੈ : ਨਿਤਿਨ ਗਡਕਰੀ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਾਗਪੁਰ 8 ਸਤੰਬਰ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਲੋਕਤੰਤਰ ਦੀ ਪ੍ਰਗਤੀ ਲਈ ਸੁਤੰਤਰ ਨਿਆਂਪਾਲਿਕਾ ਅਤੇ ਮੀਡੀਆ ਦੇ ਮਹੱਤਵ ’ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਸਾਰੇ ਅਦਾਰਿਆਂ ’ਚ ਭਰੋਸੇਯੋਗਤਾ ਦਾ ਸੰਕਟ ਹੈ ਪਰ ਮੀਡੀਆ ਖੇਤਰ ’ਚ ਇਹ ਸਮੱਸਿਆ ਸਭ ਤੋਂ ਗੰਭੀਰ ਹੈ। ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਗਡਕਰੀ ਨੇ ਨਾਗਪੁਰ ਸਥਿਤ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ (ਆਈ. ਆਈ. ਐੱਮ.) ਦੇ ‘ਮੀਡੀਆ ਕਾਨਕਲੇਵ 2026’ ’ਚ ‘ਮੀਡੀਆ, ਲੀਡਰਸ਼ਿਪ ਅਤੇ ਨਵੀਂ ਵਿਸ਼ਵ ਵਿਵਸਥਾ’ ਵਿਸ਼ੇ ’ਤੇ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਰਤ ਲੋਕਤੰਤਰ ਦੀ ਮਾਂ ਹੈ ਅਤੇ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਪ੍ਰੋਗਰਾਮ ’ਚ ਪ੍ਰੈੱਸ ਟਰੱਸਟ ਆਫ਼ ਇੰਡੀਆ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਪ੍ਰਧਾਨ ਸੰਪਾਦਕ ਵਿਜੇ ਜੋਸ਼ੀ ਸਮੇਤ ਮੀਡੀਆ ਜਗਤ ਦੇ ਕਈ ਅਹਿਮ ਲੋਕ ਮੌਜੂਦ ਸਨ। ਉਨ੍ਹਾਂ ਨੇ ਲੋਕਤੰਤਰ ’ਚ ਗੁਣਵੱਤਾ ’ਚ ਸੁਧਾਰ ਦੀ ਲੋੜ ’ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਸੰਵਿਧਾਨ ਨੇ ਲੋਕਤੰਤਰ ਦੇ ਚਾਰ ਥੰਮ?ਹਾਂ- ਵਿਧਾਨਪਾਲਿਕਾ, ਕਾਰਜਪਾਲਿਕਾ, ਨਿਆਂਪਾਲਿਕਾ ਅਤੇ ਮੀਡੀਆ-ਦੀਆਂ ਜ਼ਿੰਮੇਵਾਰੀਆਂ ਨੂੰ ਬਹੁਤ



ਸਪੱਸ਼ਟ ਤੌਰ ’ਤੇ ਤੈਅ ਕੀਤਾ ਹੈ। ਲੋਕਤੰਤਰ ਦੀ ਪ੍ਰਗਤੀ ਅਤੇ ਵਿਕਾਸ ਲਈ ਸੁਤੰਤਰ, ਨਿਰਪੱਖ ਅਤੇ ਨਿਆਂਪੂਰਨ ਨਿਆਂਪਾਲਿਕਾ ਅਤੇ ਮੀਡੀਆ ਬੇਹੱਦ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਰਾਜਨੀਤੀ ਅਤੇ ਰਾਜਨੀਤਕ ਪਾਰਟੀਆਂ ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਹਨ। ਸੀਨੀਅਰ ਨੇਤਾ ਨੇ ਕਿਹਾ ਕਿ ਮਤਭੇਦ ਜਾਂ ਵਿਚਾਰਕ ਮਤਭੇਦ ਹੋ ਸਕਦੇ ਹਨ, ਪਰ ਆਪਣੀ ਵਿਚਾਰਧਾਰਾ ਨੂੰ ਲੈ ਕੇ ਵਚਨਬੱਧਤਾ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਸਮਾਜਿਕ, ਆਰਥਿਕ ਅਤੇ ਵਿੱਦਿਅਕ ਮੁੱਦਿਆਂ ’ਚ ਲੋਕਾਂ ’ਚ ਜਾਗਰੂਕਤਾ ਵਧਾਉਣ ’ਤੇ ਵੀ ਜ਼ੋਰ ਦਿੱਤਾ। ਗਡਕਰੀ ਨੇ ਕਿਹਾ ਕਿ ਲੋਕਾਂ ’ਚ ਲੋਕਤੰਤਰ ਅਤੇ ਲੋਕਤੰਤਰੀ ਮੁੱਲਾਂ ਪ੍ਰਤੀ ਜਾਗਰੂਕਤਾ ਅਤੇ ਇਨ੍ਹਾਂ ਮੁੱਲਾਂ ਅਤੇ ਵਿਚਾਰਧਾਰਾ ਦੇ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ 21ਵੀਂ ਸਦੀ ’ਚ ਸਾਰੇ ਖੇਤਰਾਂ ਲਈ ਭਰੋਸੇਯੋਗਤਾ, ਸਦਭਾਵਨਾ ਅਤੇ ਇਮਾਨਦਾਰੀ ਸਭ ਤੋਂ ਵੱਡੀ ਪੂੰਜੀ ਹਨ। ਗਡਕਰੀ ਨੇ ਕਿਹਾ ਕਿ ਸਾਰੇ ਖੇਤਰਾਂ ’ਚ ਭਰੋਸੇਯੋਗਤਾ ਘੱਟ ਹੋਈ ਹੈ ਪਰ ਮੀਡੀਆ ਦੀ ਭਰੋਸੇਯੋਗਤਾ ’ਚ ਬਹੁਤ ਜ਼ਿਆਦਾ ਗਿਰਾਵਟ ਆਈ ਹੈ। ਉਨ੍ਹਾਂ ਹਾਲਾਂਕਿ ਕਿਹਾ ਕਿ ਸਾਰੇ ਮੀਡੀਆ ਅਦਾਰਿਆਂ ਨੇ ਆਪਣੀ ਭਰੋਸੇਯੋਗਤਾ ਨਹੀਂ ਗੁਆਈ ਹੈ।

## ਪਾਕਿਸਤਾਨ ਭਵਿੱਖ ’ਚ ਵੀ ਸੁਰੱਖਿਆ ਲਈ ਵੱਡੀ ਚਿੰਤਾ : ਅਨਿਲ ਚੌਹਾਨ

ਨਵੀਂ ਦਿੱਲੀ 8 ਸਤੰਬਰ। ਪਾਕਿਸਤਾਨ, ਸਾਊਦੀ ਅਰਬ ਅਤੇ ਤੁਰਕੀ ਵਿਚਾਲੇ ਮਹੱਤਵਪੂਰਨ ਸਾਂਝੇ ਰੱਖਿਆ ਸਮਝੌਤੇ ’ਤੇ ਦਸਤਖਤ ਦੇ ਲਗਭਗ ਇਕ ਮਹੀਨੇ ਬਾਅਦ ਸਾਬਕਾ ਸੀ. ਡੀ. ਐੱਸ. ਅਨਿਲ ਚੌਹਾਨ ਨੇ ਕਿਹਾ ਕਿ ਅਜਿਹੇ ਸਮਝੌਤੇ ਨਾਲ ਪਾਕਿਸਤਾਨ ਵਿਚ ‘ਅੱਤ-ਆਤਮਵਿਸ਼ਵਾਸ’ ਪੈਦਾ ਹੋ ਸਕਦਾ ਹੈ, ਜਿਸ ਨਾਲ ਉਹ ਇਕ ਹੋਰ ‘ਗਲਤ ਅਨੁਮਾਨ’ ਲਗਾ ਸਕਦਾ ਹੈ। ਤਿੰਨ ਮੂਰਤੀ ਭਵਨ ਕੰਪਲੈਕਸ ’ਚ ਆਯੋਜਿਤ ਇਕ ਪ੍ਰੋਗਰਾਮ ਵਿਚ ‘ਭਾਰਤ ਦੀ ਸੁਰੱਖਿਆ ਲਈ ਖਤਰੇ ਅਤੇ ਚੁਣੌਤੀਆਂ’ ਵਿਸ਼ੇ ’ਤੇ ਲੈਕਚਰ ਦਿੰਦਿਆਂ ਉਨ੍ਹਾਂ ਕਿਹਾ, ‘ਮੇਰਾ ਮੰਨਣਾ ਹੈ ਕਿ ਪਾਕਿਸਤਾਨ ਆਉਣ ਵਾਲੇ ਸਮੇਂ ਵਿਚ ਵੀ ਇਕ ਵੱਡੀ ਸੁਰੱਖਿਆ ਚਿੰਤਾ ਅਤੇ ਖਤਰਾ ਬਣਿਆ ਰਹੇਗਾ।’ ਉਨ੍ਹਾਂ ਕਿਹਾ ਕਿ ‘ਆਪ੍ਰੇਸ਼ਨ ਸਿੰਧੂਰ’, ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਅਤੇ ਕੁਝ ਅਮਲੀ ਕਦਮਾਂ ਨਾਲ ‘ਉਮੀਦ ਹੈ ਕਿ ਸਾਡੇ ਗੁਆਂਢੀ ਦੇ ਵਰਤਾਓ ਵਿਚ ਬਦਲਾਅ ਆਵੇਗਾ ਜਾਂ ਵਰਤਾਓ ਬਦਲਣ ਲਈ ਪ੍ਰੇਰਿਤ ਹੋਵੇਗਾ।’ ਉਨ੍ਹਾਂ ਕਿਹਾ ਕਿ ਪਰ ਅਸੀਂ ਇਹ ਵੀ ਦੇਖਿਆ ਹੈ ਕਿ ਉਨ੍ਹਾਂ ਨੇ ਹਾਲ ਹੀ ਵਿਚ ਕੁਝ ਸਮਝੌਤਿਆਂ ਅਤੇ ਸੰਧੀਆਂ ’ਤੇ ਦਸਤਖਤ ਕੀਤੇ ਹਨ। ਮੈਨੂੰ ਲੱਗਦਾ ਹੈ ਕਿ ਇਸ ਨਾਲ ਕਦੇ ਪਾਕਿਸਤਾਨ ਵਿਚ ਕਿਸੇ ਤਰ੍ਹਾਂ ਦਾ ਅੱਤ-ਆਤਮਵਿਸ਼ਵਾਸ ਪੈਦਾ ਹੋ ਸਕਦਾ ਹੈ ਅਤੇ ਉਹ ਫਿਰ ਕੋਈ ਗਲਤ ਅਨੁਮਾਨ ਲਾ ਸਕਦਾ ਹੈ। ਸਾਨੂੰ ਇਸ ਨੂੰ ਲੈ ਕੇ ਚੌਕਸ ਰਹਿਣਾ ਪਵੇਗਾ।’

## ਸਰਕਾਰ ਕੋਲ ਪੈਂਡਿੰਗ ਹਾਈ ਕੋਰਟਾਂ ’ਚ ਜੱਜਾਂ ਦੀ ਨਿਯੁਕਤੀ ਲਈ ਕਾਲੇਜੀਅਮ ਦੀਆਂ 25 ਸਿਫ਼ਾਰਿਸ਼ਾਂ

ਕੌਮੀ ਪਤ੍ਰਿਕਾ

ਨਵੀਂ ਦਿੱਲੀ 8 ਸਤੰਬਰ। ਸੁਪਰੀਮ ਕੋਰਟ ਕਾਲੇਜੀਅਮ ਨੇ ਪੰਜ ਹਾਈ ਕੋਰਟਾਂ ’ਚ ਜੱਜਾਂ ਦੀ ਨਿਯੁਕਤੀ ਲਈ 25 ਨਾਵਾਂ ਦੀ ਸਿਫ਼ਾਰਸ਼ ਕੀਤੀ, ਜੋ ਅਜੇ ਵੀ ਸਰਕਾਰ ਕੋਲ ਪੈਂਡਿੰਗ ਹਨ। ਇਨ੍ਹਾਂ ’ਚ ਸਭ ਤੋਂ ਪੁਰਾਣਾ ਮਾਮਲਾ ਵਕੀਲ ਸੌਰਭ ਕ੍ਰਿਪਾਲ ਦਾ ਹੈ, ਜਿਨ੍ਹਾਂ ਦਾ ਨਾਮ ਅਕਤੂਬਰ 2017 ਤੋਂ ਅੰਤਿਮ ਫੈਸਲੇ ਦਾ ਇੰਤਜ਼ਾਰ ਹੈ। ਸੁਪਰੀਮ ਕੋਰਟ ਅਤੇ ਹਾਈ ਕੋਰਟ ਦੀ ਨਿਯੁਕਤੀ ਪ੍ਰਕਿਰਿਆ ਤੋਂ ਜਾਣੂ ਸੂਤਰਾਂ ਨੇ ਦੱਸਿਆ ਕਿ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਲਈ ਕੇਂਦਰ ਸਰਕਾਰ ਕੋਲ ਪੈਂਡਿੰਗ ਸਿਫ਼ਾਰਸ਼ਾਂ ਦੀ ਗਿਣਤੀ ਹਾਲ ਹੀ ਦੇ ਸਾਲਾਂ ਦੇ ਮੁਕਾਬਲੇ ਕਾਫ਼ੀ ਘੱਟ ਗਈ ਹੈ। ਹਾਈ ਕੋਰਟਾਂ ’ਚ ਨਿਯੁਕਤੀ ਲਈ ਪੈਂਡਿੰਗ 25 ਨਾਵਾਂ ’ਚੋਂ ਜ਼ਿਆਦਾਤਰ ਦਿੱਲੀ, ਕਲਕੱਤਾ, ਮਦਰਾਸ, ਪੰਜਾਬ ਅਤੇ ਹਰਿਆਣਾ ਅਤੇ ਗੁਜਰਾਤ ਹਾਈ ਕੋਰਟਾਂ ਨਾਲ ਸਬੰਧਤ ਹਨ। ਇਸ ਤੋਂ ਇਲਾਵਾ ਕੁਝ ਹੋਰ ਹਾਈ ਕੋਰਟਾਂ ਦੇ ਨਾਂ ਵੀ ਇਨ੍ਹਾਂ ’ਚ ਸ਼ਾਮਲ ਹਨ। ਸਾਬਕਾ ਚੀਫ਼ ਜਸਟਿਸ ਬੀ.ਐੱਨ. ਕ੍ਰਿਪਾਲ ਦੇ ਪੁੱਤਰ ਅਤੇ ਇਕ ਵਕੀਲ ਸੌਰਭ ਕ੍ਰਿਪਾਲ ਨੂੰ ਦਿੱਲੀ ਹਾਈ ਕੋਰਟ ਕਾਲੇਜੀਅਮ ਨੇ ਅਕਤੂਬਰ 2017 ’ਚ ਹਾਈ ਕੋਰਟ ਦੇ ਜੱਜ ਵਜੋਂ ਤਰੱਕੀ ਲਈ ਸੁਪਰੀਮ ਕੋਰਟ ਕਾਲਜੀਅਮ ਨੂੰ ਸਿਫ਼ਾਰਸ਼ ਕੀਤੀ ਸੀ। ਹਾਲਾਂਕਿ, ਸੁਪਰੀਮ ਕੋਰਟ ਕਾਲੇਜੀਅਮ ਨੇ ਉਨ੍ਹਾਂ ਦੇ ਨਾਮ ’ਤੇ ਤਿੰਨ ਵਾਰ



ਵਿਚਾਰ-ਵਟਾਂਦਰਾ ਟਾਲ ਦਿੱਤਾ। ਆਖਰਕਾਰ, ਸਾਬਕਾ ਚੀਫ਼ ਜਸਟਿਸ ਐੱਨ.ਵੀ. ਰਨ ਦੀ ਪ੍ਰਧਾਨਗੀ ਵਾਲੀ ਕਾਲੇਜੀਅਮ ਨੇ ਨਵੰਬਰ 2021 ’ਚ ਕ੍ਰਿਪਾਲ ਦੇ ਪੱਖ ’ਚ ਫੈਸਲਾ ਕੀਤਾ। ਇਸ ਤੋਂ ਬਾਅਦ, ਅਗਲੇ ਸਾਲ ਨਵੰਬਰ ’ਚ ਸਰਕਾਰ ਨੇ ਉਨ੍ਹਾਂ ਦੀ ਫਾਈਲ ਸੁਪਰੀਮ ਕੋਰਟ ਕਾਲੇਜੀਅਮ ਨੂੰ ਮੁੜ ਵਿਚਾਰ ਲਈ ਵਾਪਸ ਕਰ ਦਿੱਤੀ। ਫਾਈਲ ਅਜੇ ਵੀ ਪੈਂਡਿੰਗ ਹੈ ਕਿਉਂਕਿ ਕਾਲੇਜੀਅਮ ਨੇ ਆਪਣੀ ਸਿਫ਼ਾਰਸ਼ ਦੁਹਰਾਈ ਹੈ। ਉੱਪਰ ਦੱਸੇ ਗਏ ਸੂਤਰਾਂ ਨੇ ਦੱਸਿਆ ਕਿ ਸਰਕਾਰ ਕੋਲ ਪੈਂਡਿੰਗ ਜ਼ਿਆਦਾਤਰ ਹੋਰ ਨਾਮ ਮੁਕਾਬਲਤਨ ਨਵੇਂ ਹਨ। ਸੌਰਭ ਕ੍ਰਿਪਾਲ ਤੋਂ ਇਲਾਵਾ, ਸਿਰਫ 2 ਹੋਰ ਨਾਮ ਕਾਫ਼ੀ ਸਮੇਂ ਤੋਂ ਪੈਂਡਿੰਗ ਹਨ। ਹਾਈ ਕੋਰਟ ਕਾਲੇਜੀਅਮ ਨਿਆਂਇਕ ਅਧਿਕਾਰੀਆਂ ਅਤੇ ਵਕੀਲਾਂ ਦੀ ਜੱਜ ਵਜੋਂ ਨਿਯੁਕਤੀ ਲਈ ਆਪਣੀਆਂ ਸਿਫ਼ਾਰਸ਼ਾਂ ਕੇਂਦਰੀ ਕਾਨੂੰਨ ਮੰਤਰਾਲੇ ਦੇ ਨਿਆਂ ਵਿਭਾਗ ਨੂੰ ਭੇਜਦੇ ਹਨ। ਵਿਭਾਗ ਸੁਪਰੀਮ ਕੋਰਟ ਕਾਲੇਜੀਅਮ ਨੂੰ ਭੇਜਣ ਤੋਂ ਪਹਿਲਾਂ ਸੰਬੰਧਤ ਉਮੀਦਵਾਰ ਬਾਰੇ ਸੰਬੰਧਿਤ ਖੁਫੀਆ ਬਿਊਰੋ (ਆਈਬੀ) ਦੀ ਰਿਪੋਰਟ ਸਮੇਤ ਹੋਰ ਜ਼ਰੂਰੀ ਜਾਣਕਾਰੀਆਂ ਇਸ ’ਚ ਜੋੜਦਾ ਹੈ। ਦੇਸ਼ ਦੀਆਂ 25 ਹਾਈ ਕੋਰਟਾਂ ’ਚ ਜੱਜਾਂ ਦੀ ਕੁੱਲ ਮਨਜ਼ੂਰਸ਼ੁਦਾ ਗਿਣਤੀ ਇਸ ਵੇਲੇ 1,122 ਹੈ। ਹਾਈ ਕੋਰਟ ’ਚ ਅਜੇ 304 ਅਸਾਮੀਆਂ ਖਾਲੀ ਹਨ। ਇਸ ਵੇਲੇ, 25 ਹਾਈ ਕੋਰਟਾਂ ਨਚ 818 ਜੱਜ ਸੇਵਾ ਨਿਭਾ ਰਹੇ ਹਨ। ਹਾਈ ਕੋਰਟਾਂ ’ਚ ਕੁੱਲ ਮਨਜ਼ੂਰਸ਼ੁਦਾ ਅਸਾਮੀਆਂ ’ਚੋਂ ਲਗਭਗ 27 ਫੀਸਦੀ ਖਾਲੀ ਹਨ।

## ਪੰਜਾਬ ਕਾਂਗਰਸ ’ਚ ਕਲੇਸ਼ ਖ਼ਤਮ ਕਰਾਉਣ ਲਈ ਹਾਈਕਮਾਨ ਦਾ ਮਾਸਟਰ ਪਲਾਨ

ਕੌਮੀ ਪਤ੍ਰਿਕਾ

ਚੰਡੀਗੜ੍ਹ 8 ਸਤੰਬਰ। ਪੰਜਾਬ ਕਾਂਗਰਸ ’ਚ ਲੰਬੇ ਸਮੇਂ ਤੋਂ ਚੱਲ ਰਹੇ ਅੰਦਰੂਨੀ ਕਲੇਸ਼ ਨੂੰ ਖ਼ਤਮ ਕਰਨ ਲਈ ਕਾਂਗਰਸ ਹਾਈਕਮਾਨ ਹੁਣ ਸਿੱਧੇ ਤੌਰ ’ਤੇ ਦਖ਼ਲ ਦੇਣ ਦੀ ਤਿਆਰੀ ’ਚ ਹੈ। ਰਾਹੁਲ ਗਾਂਧੀ ਦੀ ਇਸ ਮਹੀਨੇ ਸੰਭਾਵਿਤ ਪੰਜਾਬ ਫੇਰੀ ਤੋਂ ਪਹਿਲਾਂ ਸੂਬੇ ਦੇ ਕਈ ਸੀਨੀਅਰ ਆਗੂਆਂ ਨੂੰ ਦਿੱਲੀ ਬੁਲਾਇਆ ਜਾ ਸਕਦਾ ਹੈ। ਇਸ ਮੀਟਿੰਗ ਦਾ ਮਕਸਦ ਸਿਰਫ਼ ਚੋਣ ਰਣਨੀਤੀ ਤੈਅ ਕਰਨਾ ਨਹੀਂ, ਸਗੋਂ ਪੰਜਾਬ ਕਾਂਗਰਸ ਅੰਦਰ ਵੱਧ ਰਹੀ ਧੜੇਬੰਦੀ ’ਤੇ ‘ਡੈਮੇਜ ਕੰਟਰੋਲ’ ਕਰਨਾ ਵੀ ਦੱਸਿਆ ਜਾ ਰਿਹਾ ਹੈ। ਪੰਜਾਬ ’ਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਅਤੇ ਕਾਂਗਰਸ ਸੱਤਾ ’ਚ ਵਾਪਸੀ ਲਈ ਆਪਣੀ ਜ਼ਮੀਨ ਤਿਆਰ ਕਰ ਰਹੀ ਹੈ ਪਰ ਪਾਰਟੀ ਲਈ ਸਭ ਤੋਂ ਵੱਡੀ ਚੁਣੌਤੀ ਵਿਰੋਧੀ ਪਾਰਟੀਆਂ ਨਹੀਂ, ਸਗੋਂ ਆਪਣੇ ਘਰ ਨੂੰ ਇਕਜੁੱਟ ਰੱਖਣਾ ਬਣਦੀ ਜਾ ਰਹੀ ਹੈ। ਹੁਣ ਸਾਰੀਆਂ ਨਜ਼ਰਾਂ ਇਸ ਗੱਲ ’ਤੇ ਹਨ ਕਿ ਕੀ ਹਾਈਕਮਾਨ ਚੰਨੀ, ਬਾਜਵਾ, ਵੜਿੰਗ, ਰੰਧਾਵਾ ਅਤੇ ਹੋਰ ਸੀਨੀਅਰ ਆਗੂਆਂ ਨੂੰ ਇੱਕੋ ਮੇਜ਼ ’ਤੇ ਬਿਠਾ ਕੇ ਕੋਈ ਸਾਂਝਾ ਫਾਰਮੂਲਾ ਤਿਆਰ ਕਰ ਸਕਦੀ ਹੈ। ਰਾਹੁਲ ਗਾਂਧੀ ਦੀ ਸੰਭਾਵਿਤ 15 ਸਤੰਬਰ ਦੀ ਪੰਜਾਬ ਯਾਤਰਾ ਤੋਂ ਪਹਿਲਾਂ ਜੇਕਰ ਇਹ ਮੀਟਿੰਗ ਹੁੰਦੀ ਹੈ ਤਾਂ ਇਸ ਨੂੰ ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਨੂੰ ਠੰਡਾ ਕਰਨ ਲਈ ਹਾਈਕਮਾਨ ਦਾ ਸਭ ਤੋਂ ਵੱਡਾ ‘ਡੈਮੇਜ ਕੰਟਰੋਲ’ ਕਦਮ ਮੰਨਿਆ ਜਾਵੇਗਾ। ਹੁਣ ਦੇਖਣਾ ਇਹ ਹੋਵੇਗਾ ਕਿ ਦਿੱਲੀ ਦੀ ਮੇਜ਼ ’ਤੇ ਸਿਆਸੀ ਦੂਰੀਆਂ ਘੱਟਦੀਆਂ ਹਨ ਜਾਂ ਪੰਜਾਬ



ਕਾਂਗਰਸ ਦੀ ਧੜੇਬੰਦੀ 2027 ਦੀ ਚੋਣ ਤੱਕ ਵੀ ਪਾਰਟੀ ਦਾ ਪਿੱਛਾ ਕਰਦੀ ਰਹਿੰਦੀ ਹੈ। ਵੀਰਵਾਰ ਨੂੰ ਨਵੀਂ ਦਿੱਲੀ ’ਚ ਪੰਜਾਬ ਕਾਂਗਰਸ ਨਾਲ ਸਬੰਧਿਤ ਕਈ ਸੀਨੀਅਰ ਆਗੂਆਂ ਦੀ ਮੀਟਿੰਗ ਹੋ ਚੁੱਕੀ ਹੈ। ਇਸ ਮੀਟਿੰਗ ’ਚ ਰਾਹੁਲ ਗਾਂਧੀ ਦੀ ਪ੍ਰਸਤਾਵਿਤ ਪੰਜਾਬ ਯਾਤਰਾ ਨੂੰ ਲੈ ਕੇ ਵਿਚਾਰ-ਵਟਾਂਦਰਾ ਕੀਤਾ ਗਿਆ। ਪੰਜਾਬ ਇੰਚਾਰਜ ਭੂਪੇਸ਼ ਬਘੇਲ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਰਾਹੁਲ ਗਾਂਧੀ ਦੀ ਯਾਤਰਾ ਦਾ ਪ੍ਰਸਤਾਵ ਉਨ੍ਹਾਂ ਦੇ ਦਫ਼ਤਰ ਨੂੰ ਭੇਜਿਆ ਗਿਆ ਹੈ ਤੇ ਤਾਰੀਖ਼ ਜਲਦ ਤੈਅ ਕੀਤੀ ਜਾਵੇਗੀ। ਫ਼?ਲਿਹਾਲ 15 ਸਤੰਬਰ ਦੇ ਆਸ-ਪਾਸ ਯਾਤਰਾ ਹੋਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ। ਸੂਤਰਾਂ ਅਨੁਸਾਰ ਕੇਂਦਰੀ ਲੀਡਰਸ਼ਿਪ ਚਾਹੁੰਦੀ ਹੈ ਕਿ ਰਾਹੁਲ ਗਾਂਧੀ ਦੇ ਪੰਜਾਬ ਪਹੁੰਚਣ ਤੋਂ ਪਹਿਲਾਂ ਸੂਬਾਈ ਕਾਂਗਰਸ ਦੇ ਆਗੂਆਂ ਵਿਚਾਲੇ ਘੱਟੋ-ਘੱਟ ਸਿਆਸੀ ਤਾਲਮੇਲ ਕਾਇਮ ਹੋ ਜਾਵੇ। ਇਸੇ ਤਹਿਤ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਵਿਧਾਨ ਸਭਾ ’ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਸਮੇਤ ਹੋਰ ਆਗੂਆਂ ਨੂੰ ਦਿੱਲੀ ਬੁਲਾਏ ਜਾਣ ਦੀ ਸੰਭਾਵਨਾ ਹੈ। ਇਹ ਮੀਟਿੰਗ ਪੰਜਾਬ ਕਾਂਗਰਸ ਲਈ ਬੇਹੱਦ ਮਹੱਤਵਪੂਰਨ ਮੰਨੀ ਜਾ ਰਹੀ ਹੈ ਕਿਉਂਕਿ ਲੰਬੇ ਸਮੇਂ ਤੋਂ ਸੂਬੇ ਦੇ ਕਈ ਸੀਨੀਅਰ ਆਗੂਆਂ ਦੇ ਸਿਆਸੀ ਰੁਖ਼ ’ਚ ਅੰਤਰ ਖੁੱਲ੍ਹ ਕੇ ਸਾਹਮਣੇ ਆਉਂਦਾ ਰਿਹਾ ਹੈ। ਕਾਂਗਰਸ ਲਈ ਰਾਹੁਲ ਗਾਂਧੀ ਦੀ ਪੰਜਾਬ ਯਾਤਰਾ ਸਿਆਸੀ ਤੌਰ ’ਤੇ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ’ਚ ਮੁੜ ਸੱਤਾ ਹਾਸਲ ਕਰਨ ਦੀ ਤਿਆਰੀ ਕਰ ਰਹੀ ਹੈ।

## ਕੌਮੀ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਨਾਲ ਮੁਲਾਕਾਤ ਕਰ ਕੇ ਇਸ ਮਾਮਲੇ ਵਿਚ ਸੀ ਬੀ ਆਈ ਕੇਸ ਦਰਜ ਕਰਨ ਦੀ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸਿਫਾਰਸ਼ ਕਰਨ ਦੀ ਕੀਤੀ ਅਪੀਲ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਦਿੱਲੀ/8 ਸਤੰਬਰ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬਠਿੰਡਾ ਦੇ ਐਮ ਪੀ ਸਰਦਾਰਨੀ ਹਰਸਿਮਰਤ ਕੌਰ ਬਾਦਲ ਨੇ ਅੱਜ ਕੌਮੀ ਮਹਿਲਾ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਜ਼ਬਰ ਜਨਾਹ ਦੇ ਦੋ ਕੇਸਾਂ ਵਿਚ ਮੁਲਜ਼ਮਾਂ ਨੂੰ ਬਚਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਤੇ ਉਹਨਾਂ ਦੇ ਸਾਥੀਆਂ ਵੱਲੋਂ 5 ਕਰੋੜ ਰੁਪਏ ਰਿਸ਼ਵਤ ਲੈਣ ਲਈ ਉਹਨਾਂ ਖਿਲਾਫ ਐਫ ਆਈ ਆਰ ਦਰਜ ਕਰਨ ਦੀ ਪੰਜਾਬ ਸਰਕਾਰ ਨੂੰ ਹਦਾਇਤ ਦੇਣ। ਬਠਿੰਡਾ ਦੇ ਐਮ ਪੀ, ਜਿਹਨਾਂ ਨੇ ਅੱਜ ਸ਼ਾਮ ਕੌਮੀ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਵਿਜੇ ਕਿਸ਼ੋਰ ਰਾਹਤਕਰ ਨਾਲ ਮੁਲਾਕਾਤ ਕੀਤੀ, ਨੇ ਕਿਹਾ ਕਿ ਇਹ ਐਫ ਆਈ ਆਰ ਮੁੱਖ ਮੰਤਰੀ ਦੀ ਪਤਨੀ ਤੇ ਉਹਨਾਂ ਦੇ ਸਾਥੀਆਂ ਖਿਲਾਫ ਕੌਮੀ ਮਹਿਲਾ ਕਮਿਸ਼ਨ ਐਕਟ 1990 ਦੀ ਧਾਰਾ 10 ਦੇ ਤਹਿਤ ਨੋਟਿਸ ਲੈਂਦਿਆਂ ਦਰਜ ਹੋਣੀ ਚਾਹੀਦੀ ਹੈ। ਉਹਨਾਂ ਨੇ ਕਮਿਸ਼ਨ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸਿਫਾਰਸ਼ ਕਰੇ ਕਿ ਇਕ ਸੀ ਬੀ ਆਈ ਜਾਂਚ ਸ਼ੁਰੂ ਕਰ ਕੇ ਅੰਮ੍ਰਿਤਸਰ ਤੇ ਮੁਹਾਲੀ ਵਿਚ ਦਰਜ ਹੋਏ ਦੋ ਜ਼ਬਰ ਜਨਾਹ ਦੇ ਕੇਸਾਂ ਨੂੰ ਮੁੱਖ ਮੰਤਰੀ ਦੇ ਪਰਿਵਾਰ ਦੇ ਜ਼ੋਰ ਦੇਣ ’ਤੇ ਰਫਾ ਦਫਾ ਕਰਨ ਦੇ ਮਾਮਲੇ ਦੀ ਵੀ ਜਾਂਚ ਹੋਵੇ। ਸਰਦਾਰਨੀ ਹਰਸਿਮਰਤ ਕੌਰ ਬਾਦਲ ਨੇ ਕਮਿਸ਼ਨ ਨੇ ਧਿਆਨ ਵਿਚ ਲਿਆਂਦਾ ਕਿ ਪੰਜਾਬ ਪੁਲਿਸ ਨੇ ਅੰਮ੍ਰਿਤਸਰ ਤੇ ਮੁਹਾਲੀ ਵਿਚ ਦੋ ਮਹਿਲਾਵਾਂ ਵੱਲੋਂ ਦਰਜ ਕਰਵਾਏ ਜ਼ਬਰ ਜਨਾਹ ਦੇ ਮਾਮਲਿਆਂ ਵਿਚ ਜਾਂਚ ਨੂੰ ਤਰਕਸੰਗਤ ਨਤੀਜੇ ਤੱਕ ਲਿਜਾਣ ਦੀ ਥਾਂ ’ਤੇ ਇਹਨਾਂ ਨੂੰ ਖੁਰਦ ਬੁਰਦ ਕਰ ਦਿੱਤਾ। ਉਹਨਾਂ ਕਿਹਾ ਕਿ ਇਕਪਾਸੜ ਤੌਰ ’ਤੇ ਕੇਸ ਰੱਦ ਕਰਨ ਦੀਆਂ ਰਿਪੋਰਟਾਂ ਦਾਇਰ ਕਰਨ ਅਤੇ ਮੁਲਜ਼ਮ ਮੀਡੀਆ ਇਨਫਲੂਐਂਸਰ ਗੁਰੀ ਚਹਿਲ ਨੂੰ ਗ੍ਰਿਫਤਾਰੀ ਦੇ ਦੋ ਮਹੀਨਿਆਂ ਵਿਚ ਹੀ ਰਿਹਾਅ ਕਰਵਾਉਣ ਵਾਲੇ ਪੁਲਿਸ ਅਫਸਰਾਂ ਦੇ ਖਿਲਾਫ ਸੀ ਬੀ ਆਈ ਜਾਂਚ ਹੋਣੀ ਚਾਹੀਦੀ ਹੈ। ਸਰਦਾਰ ਬਾਦਲ ਨੇ ਸ੍ਰੀਮਤੀ ਰਾਹਤਕਰ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਇਕ ਜਾਂਚ ਕਮੇਟੀ ਗਠਿਤ ਕਰਨ ਜੋ ਪੰਜਾਬ ਜਾ ਕੇ ਦੋਵੇਂ ਸ਼ਿਕਾਇਤਕਰਤਾ ਮਹਿਲਾਵਾਂ ਤੇ ਉਹਨਾਂ ਦੇ ਪਰਿਵਾਰਾਂ ਦੇ ਇਕ ਸੁਰੱਖਿਆ ਤੇ ਵਿਸ਼ਵਾਸਭਰੇ ਮਾਹੌਲ ਵਿਚ ਬਿਆਨ ਦਰਜ ਕਰੇ। ਉਹਨਾਂ ਕਿਹਾ ਕਿ ਇਕ ਵਾਰ ਇਹ ਪ੍ਰਕਿਰਿਆ ਮੁਕੰਮਲ ਹੋਣ ’ਤੇ ਡੀ ਜੀ ਪੀ, ਕਮਿਸ਼ਨਰ ਆਫ ਪੁਲਿਸ ਅੰਮ੍ਰਿਤਸਰ, ਐਸ ਐਸ ਪੀ ਐਸ ਏ ਐਸ ਨਗਰ ਅਤੇ ਸਪੈਸ਼ਲ ਡੀ ਜੀ ਪੀ ਜਿਹਨਾਂ ਨੂੰ ਹਾਈ ਕੋਰਟ ਨੇ ਅੰਮ੍ਰਿਤਸਰ ਦੀ ਜਾਂਚ ਸੌਂਪੀ ਸੀ ਨੂੰ ਧਾਰਾ 10 (4) ਦੇ ਤਹਿਤ ਮੁਲਜ਼ਮ ਦੀ ਹਿਰਾਸਤ ਤੇ ਜੇਲ੍ਹ ਤਬਦੀਲੀ ਦਾ ਸਾਰਾ ਰਿਕਾਰਡ ਲੈ ਕੇ ਤਲਬ ਕੀਤਾ ਜਾਵੇ। ਉਹਨਾਂ ਨੇ ਆਡੀਓ ਰਿਕਾਰਡਿੰਗਾਂ, ਤਸਵੀਰਾਂ, ਸੀ ਸੀ ਟੀ ਵੀ ਫੁਟੇਜ ਅਤੇ ਸਬੰਧਤ ਵਿਅਕਤੀਆਂ ਦੇ ਕਾਲ ਰਿਕਾਰਡ ਦੇ ਵੇਰਵੇ ਸਮੇਤ ਸਾਰੇ ਇਲੈਕਟ?ਰਾਨਿਕ ਸਬੂਤ ਸਾਂਭ ਕੇ ਰੱਖਣ ਤੇ ਉਹਨਾਂ ਦੀ ਫੋਰੈਂਸਿਕ ਜਾਂਚ ਦੀ ਵੀ ਮੰਗ ਕੀਤੀ। ਉਹਨਾਂ ਨੇ ਇਹ ਵੀ ਅਪੀਲ ਕੀਤੀ ਕਿ ਗਵਾਹਾਂ ਨੂੰ ਗਵਾਹ ਸੁਰੱਖਿਆ ਸਕੀਮ ਤਹਿਤ ਰੱਖਿਆ ਜਾਵੇ ਅਤੇ ਮੁਲਜ਼ਮਾਂ ਦੇ ਖਿਲਾਫ ਐਲ ਓ ਸੀ ਜਾਰੀ ਕੀਤੀ ਜਾਵੇ ਤਾਂ ਜੋ ਉਹਨਾਂ ਨੂੰ ਵਾਪਸ ਲਿਆ ਕੇ ਉਹਨਾਂ ਨੂੰ ਮੁਕੱਦਮੇ ਦਾ ਸਾਹਮਣਾ ਕਰਵਾਇਆ ਜਾਵੇ। ਕੌਮੀ ਮਹਿਲਾ ਕਮਿਸ਼ਨ ਦੇ ਚੇਅਰਮੈਨ ਨਾਲ ਮੁਲਾਕਾਤ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਦਾਰ ਬਾਦਲ ਨੇ ਕਿਹਾ ਕਿ ਪੰਜਾਬ ਦੀ ਧੀ ਹੋਣ ਦੇ ਨਾਅਤੇ ਉਹ ਉਸ ਵੇਲੇ ਚੁੱਪ ਨਹੀਂ ਰਹਿ ਸਕਦੇ ਜਦੋਂ ਸਾਡੀਆਂ ਧੀਆਂ ਦੀ ਸੁਰੱਖਿਆ ਨਾਲ ਮੁੱਖ ਮੰਤਰੀ ਦੇ ਘਰੋਂ ਸੌਦੇਬਾਜ਼ੀ ਕੀਤੀ ਜਾ ਰਹੀ ਹੋਵੇ। ਉਹਨਾਂ ਇਹ ਵੀ ਸਪਸ਼ਟ ਕੀਤਾ ਕਿ ਉਹਨਾਂ ਨੇ ਮਹਿਲਾ ਕਮਿਸ਼ਨ ਕੋਲ ਉਦੋਂ ਪਹੁੰਚ ਕੀਤੀ ਹੈ ਜਦੋਂ ਪੀੜਤਾਂ ਦੀ ਪੱਤ ਦੀ ਰਾਖੀ ਲਈ ਬਣੇ ਹਰ ਦਫਤਰ ਦੇ ਬੂਹੇ ਨਿਆਂ ਹਾਸਲ ਕਰਨ ਵਾਸਤੇ ਬੰਦ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਕਿਵੇਂ ਉਹਨਾਂ ਨੇ ਦਸਤਾਵੇਜ਼ ਸੌਂਪੇ ਹਨ ਜਿਸ ਵਿਚ ਅਮਰਦੀਪ ਗਰੇਵਾਲ ਜੋ ਕਿ ਮੁੱਖ ਮੰਤਰੀ ਦੀ ਪਤਨੀ ਦਾ



ਰਿਸ਼ਤੇਦਾਰ ਹੈ, ਦੇ ਕੰਮ ਕਰਨ ਦੇ ਤਰੀਕੇ ਦਾ ਪਤਾ ਚਲਦਾ ਹੈ ਕਿ ਕਿਵੇਂ ਜ਼ਬਰ ਜਨਾਹ ਦੇ ਮੁਲਜ਼ਮ ਨੂੰ ਬਚਾਇਆ ਗਿਆ। ਉਹਨਾਂ ਕਿਹਾ ਕਿ ਅਮਰਦੀਪ ਗਰੇਵਾਲ ਨੇ ਵਿਚੋਲੇ ਸਿਮਰਜੀਤ ਹੁੰਦਲ ਨੂੰ ਸਪਸ਼ਟ ਕਿਹਾ ਹੈ ਕਿ ਇਕ ਵਾਰ ‘ਮਾਣ ਤਾਣ’ ਕਰ ਦਿੱਤਾ ਗਿਆ ਅਤੇ ਪੇਸ਼ਗੀ ਦੇ ਦਿੱਤੀ ਗਈ ਤਾਂ ਕੰਮ ਹੋ ਜਾਵੇਗਾ। ਉਹਨਾਂ ਦੱਸਿਆ ਕਿ ਗਰੇਵਾਲ ਨੇ ਵਿਚੋਲੇ ਨੂੰ ਮੁੱਖ ਮੰਤਰੀ ਦੀ ਪਤਨੀ ਨਾਲ 20 ਮਈ ਨੂੰ ਮਿਲਾਉਣ ਦਾ ਇਕਰਾਰ ਕੀਤਾ ਤੇ ਉਸਨੂੰ ਉਸਦੇ ਚੰਡੀਗੜ੍ਹ ਰੈਸਟੋਰੈਂਟ ਵਿਚ ਕੀਤੀ ਜਾ ਰਹੀ ਸੌਦੇਬਾਜ਼ੀ ਵੇਲੇ ਦੀ ਤਸਵੀਰ ਵੀ ਭੇਜੀ ਤਾਂ ਜੋ ਪੁਖ਼ਤਾ ਸਬੂਤ ਦਿੱਤੇ ਜਾ ਸਕਣ। ਉਹਨਾਂ ਕਿਹਾ ਕਿ ਰੈਸਟੋਰੈਂਟ ਦੀ ਸੀ ਸੀ ਟੀ ਵੀ ਫੁਟੇਜ ਤੋਂ ਇਸ ਮੀਟਿੰਗ ਦਾ ਸਮਾਂ ਤੇ ਤਾਰੀਕ ਦਾ ਪਤਾ ਲਾਇਆ ਜਾ ਸਕਦਾ ਹੈ। ਸਰਦਾਰਨੀ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਗਰੇਵਾਲ ਨੇ ਇਹ ਵੀ ਆਖਿਆ ਸੀ ਕਿ ਇਕ ਵਾਰ ਰਿਸ਼ਵਤ ਦਾ ਪੈਸਾ ਮਿਲ ਗਿਆ ਤਾਂ ਫੋਨ ਉਹਨਾਂ ਅਫਸਰਾਂ ਨੂੰ ਚਲੇ ਜਾਣਗੇ ਜਿਹਨਾਂ ਦੇ ਨਾਮ ਉਸਨੇ ਦੱਸੇ ਹਨ ਤੇ ਫਿਰ ਮੁਲਜ਼ਮ ਨੂੰ ਉਸਦੀ ਮਰਜ਼ੀ ਦੀ ਜੇਲ੍ਹ ਵਿਚ ਭੇਜ ਦਿੱਤਾ ਜਾਵੇਗਾ ਅਤੇ ਹਸਪਤਾਲ ਵੀ ਰੈਫਰ ਕਰ ਦਿੱਤਾ ਜਾਵੇਗਾ ਜਿੱਥੇ ਉਹ ਆਪਣੀ ਲੋੜ ਮੁਤਾਬਕ ਨਸ਼ੇ ਵੀ ਲੈ ਸਕਦਾ ਹੈ ਤੇ ਉਸਦੇ ਖਿਲਾਫ ਸਾਰੇ ਦੋਸ਼ ਵੀ ਖਾਰਜ ਹੋ ਜਾਣਗੇ। ਉਹਨਾਂ ਕਿਹਾ ਕਿ ਇਸ ਸਾਰੇ ਖਰੜੇ ਮੁਤਾਬਕ ਹੀ ਕੰਮ ਹੋਇਆ ਜਿਸ ਤੋਂ ਪਤਾ ਚਲਦਾ ਹੈ ਕਿ ਮੁੱਖ ਮੰਤਰੀ ਦੀ ਪਤਨੀ ਨੇ ਗੁਰੀ ਚਹਿਲ ਦੇ ਖਿਲਾਫ ਜ਼ਬਰ ਜਨਾਹ ਦੇ ਦੋ ਕੇਸ ਰੱਦ ਕਰਵਾਉਣ ਲਈ ਰਿਸ਼ਵਤ ਦੀ ਸੌਦੇਬਾਜ਼ੀ ਪੱਕੀ ਕਰ ਲਈ ਸੀ।

# ਮੋਬਾਇਲ ਝਪਟ ਕੇ ਭੱਜੇ ਲੁਟੇਰੇ ਨੂੰ ਥਾਣੇ ਕੋਲ ਲੋਕਾਂ ਨੇ ਫੜਿਆ, ਖੰਭੇ ਨਾਲ ਬੰਨ੍ਹ ਕੀਤੀ ਕੁੱਟਮਾਰ

**ਕੌਮੀ ਪਤ੍ਰਿਕਾ**

ਜਲੰਧਰ 8 ਸਤੰਬਰ। ਇੰਡਸਟਰੀਅਲ ਏਰੀਆ ਵਿਚ ਸਾਈਕਲ ਸਵਾਰ ਤੋਂ ਮੋਬਾਇਲ ਝਪਟ ਕੇ ਭੱਜੇ ਸਨੈਚਰ ਨੂੰ ਪੀੜਤ ਨੇ ਲੋਕਾਂ ਦੀ ਮਦਦ ਨਾਲ ਥਾਣਾ ਨੰਬਰ 1 ਕੋਲ ਕਾਬੂ ਕਰ ਲਿਆ। ਜਿਵੇਂ ਹੀ ਭੀੜ ਇਕੱਠੀ ਹੋਈ ਤਾਂ ਲੋਕਾਂ ਨੇ ਸਨੈਚਰ ਨੂੰ ਖੰਭੇ ਨਾਲ ਬੰਨ੍ਹ ਦਿੱਤਾ ਅਤੇ ਉਸ ਦੀ ਜੰਮ ਕੇ ਛਿੱਤਰ-ਪਰੇਡ ਕੀਤੀ। ਗੁੱਸਾ ਕੱਢ ਕੇ ਲੋਕਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਮੁਲਜ਼ਮ ਦੀ ਮੰਨੀਏ ਤਾਂ ਉਸ ਨੇ ਸੰਜੇ ਗਾਂਧੀ ਨਗਰ ਦੇ ਆਸ਼ੂ ਦੇ ਕਹਿਣ 'ਤੇ ਵਾਰਦਾਤ ਕੀਤੀ ਸੀ। ਜੇਕਰ ਉਹ ਉਸ ਨੂੰ ਮਨ੍ਹਾ ਕਰਦਾ ਸੀ ਤਾਂ ਉਹ ਬੰਦ ਕਮਰੇ ਵਿਚ ਉਸ ਨਾਲ ਕੁੱਟਮਾਰ ਕਰਦਾ ਸੀ। ਜਾਣਕਾਰੀ ਦਿੰਦੇ ਸਾਈਕਲ ਸਵਾਰ ਵਿਜੇ ਕੁਮਾਰ ਨੇ ਦੱਸਿਆ ਕਿ ਉਹ ਫੈਕਟਰੀ ਤੋਂ ਲੰਚ ਕਰਨ ਲਈ ਇੰਡਸਟਰੀਅਲ ਏਰੀਆ ਤੋਂ ਨਿਕਲਿਆ ਸੀ। ਜਿਵੇਂ ਹੀ ਕੁਝ ਦੂਰੀ 'ਤੇ ਪਹੁੰਚਿਆ ਤਾਂ ਸੁੰਨਸਾਨ ਇਲਾਕਾ ਵੇਖ ਕੇ ਬਾਈਕ ਸਵਾਰ ਇਕ ਨੌਜਵਾਨ ਨੇ ਉਸ ਦੀ ਜੇਬ ਵਿਚੋਂ ਮੋਬਾਈਲ ਕੱਢ ਲਿਆ ਅਤੇ ਫ਼ਰਾਰ ਹੋ ਗਿਆ। ਉਸ ਨੇ ਰੌਲਾ ਪਾਇਆ ਅਤੇ ਬਾਈਕ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਵਿਜੇ ਨੇ ਦੱਸਿਆ ਕਿ ਥਾਣਾ ਨੰਬਰ 1 ਦੇ ਕੋਲ ਜਦੋਂ ਸਾਹਮਣਿਓਂ ਆ ਰਹੇ ਦੱਸਿਆ, ਜੋ ਸ਼ਹੀਦ ਭਗਤ ਸਿੰਘ ਕਾਲੋਨੀ ਦਾ ਰਹਿਣ ਵਾਲਾ ਹੈ। ਮੁਲਜ਼ਮ ਨੇ ਮੰਨਿਆ ਕਿ ਉਸ ਨੂੰ ਆਸ਼ੂ ਨਾਂ ਦੇ ਜਾਣਕਾਰ ਨੇ ਆਪਣੀ ਬਾਈਕ ਦੇ ਕੇ ਸਨੈਚਿੰਗ




ਲੋਕਾਂ ਨੇ ਰੌਲਾ ਸੁਣਿਆ ਤਾ ਉਨ੍ਹਾਂ ਨੇ ਬਾਈਕ ਰੁਕਵਾ ਲਈ। ਸਨੈਚਿੰਗ ਦੀ ਗੱਲ ਸੁਣ ਕੇ ਇਕੱਠੀ ਹੋਈ ਭੀੜ ਨੇ ਮੁਲਜ਼ਮ ਨੂੰ ਖੰਭੇ ਨਾਲ ਬੰਨ੍ਹ ਲਿਆ। ਉਸ ਤੋਂ ਖੋਹਿਆ ਹੋਇਆ ਮੋਬਾਈਲ ਵੀ ਬਰਾਮਦ ਹੋ ਗਿਆ। ਮੁਲਜ਼ਮ ਨੇ ਖੁਦ ਦਾ ਨਾਂ ਰਣਜੀਤ ਸਿੰਘ ਲਈ ਭੇਜਿਆ ਸੀ। ਜੇਕਰ ਉਹ ਉਸ ਨੂੰ ਮਨ੍ਹਾ ਕਰਦਾ ਹੈ ਤਾਂ ਉਸ ਨਾਲ ਕੁੱਟਮਾਰ ਕੀਤੀ ਜਾਂਦੀ ਹੈ। ਰਣਜੀਤ ਨੇ ਕਿਹਾ ਕਿ ਆਸ਼ੂ ਨੇ ਹੋਰ ਵੀ ਪ੍ਰਵਾਸੀਆਂ ਦਾ ਗਰੁੱਪ ਬਣਾਇਆ ਹੋਇਆ ਹੈ, ਜੋ ਸਨੈਚਿੰਗ ਕਰਦਾ ਹੈ ਅਤੇ ਲੁੱਟ ਦੇ ਮੋਬਾਈਲ ਆਸ਼ੂ ਨੂੰ ਦੇ ਦਿੱਤੇ ਜਾਂਦੇ ਹਨ, ਜੋ ਉਨ੍ਹਾਂ ਮੋਬਾਇਲਾਂ ਨੂੰ ਅੱਗੇ ਵੇਚ ਦਿੰਦਾ ਹੈ। ਰਣਜੀਤ ਨੇ ਕਿਹਾ ਕਿ ਉਹ ਗਾਂਜੇ ਦਾ ਨਸ਼ਾ ਕਰਦਾ ਹੈ ਅਤੇ ਆਸ਼ੂ ਹੀ ਉਸ ਨੂੰ ਗਾਂਜਾ ਦਿੰਦਾ ਹੈ। ਸਨੈਚਰ ਫੜਨ ਦੀ ਸੂਚਨਾ ਮਿਲਦੇ ਹੀ ਫੋਕਲ ਪੁਆਇੰਟ ਚੌਕੀ ਦੀ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਮੁਲਜ਼ਮ ਨੂੰ ਹਿਰਾਸਤ ਵਿਚ ਲੈ ਲਿਆ। ਪੁਲਸ ਦਾ ਕਹਿਣਾ ਹੈ ਕਿ ਉਸ ਤੋਂ ਪੁੱਛਗਿੱਛ ਕਰ ਕੇ ਬਾਕੀ ਦੇ ਲੋਕਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾਵੇਗਾ। ਦੱਸਿਆ ਜਾ ਰਿਹਾ ਹੈ ਕਿ ਆਸ਼ੂ ਨੂੰ ਪੁਲਸ ਨੇ ਹਿਰਾਸਤ ਵਿਚ ਲੈ ਲਿਆ ਹੈ ਪਰ ਇਸ ਦੀ ਪੁਸ਼ਟੀ ਨਹੀਂ ਹੋ ਸਕੀ। ਵਾਰਦਾਤ ਵਿਚ ਵਰਤੀ ਬਾਈਕ ਵੀ ਪੁਲਸ ਨੇ ਕਬਜ਼ੇ ਵਿਚ ਲੈ ਲਈ ਹੈ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਉਹ ਚੋਰੀ ਦੀ ਹੈ ਜਾਂ ਫਿਰ ਆਸ਼ੂ ਦੀ ਹੈ।

## ਜਲੰਧਰ ਵਿਖੇ ਮਾਤਾ ਰਾਣੀ ਚੌਂਕ ਨੇੜੇ ਸਵਿੱਫਟ ਕਾਰ ਨੂੰ ਲੱਗੀ ਅੱਗ

**ਕੌਮੀ ਪਤ੍ਰਿਕਾ**

ਜਲੰਧਰ 8 ਸਤੰਬਰ। ਜਲੰਧਰ ਸ਼ਹਿਰ ਦੇ ਮਾਡਲ ਹਾਊਸ ਮਾਤਾ ਰਾਣੀ ਚੌਕ 'ਤੇ ਇਕ ਚੱਲਦੀ ਸਵਿੱਫਟ ਕਾਰ ਨੂੰ ਅੱਗ ਲੱਗ ਗਈ। ਕੁਝ ਮਿੰਟਾਂ 'ਚ ਹੀ ਕਾਰ ਅੱਗ ਦੀ ਲਪੇਟ 'ਚ ਆ ਗਈ ਅਤੇ ਕਾਰ ਵਿਚ ਸਵਾਰ ਦੋ ਲੋਕਾਂ ਨੇ ਹੇਠਾਂ ਉਤਰ ਕੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਅੱਗ ਦੀਆਂ ਲਪਟਾਂ ਵਧਦੀਆਂ ਗਈਆਂ। ਰਾਹਗੀਰਾਂ ਨੇ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ। ਸੂਚਨਾ ਮਿਲਣ 'ਤੇ ਫਾਇਰ ਬ੍ਰਿਗੇਡ ਟੀਮ ਨੇ ਤੁਰੰਤ ਅੱਗ 'ਤੇ ਕਾਬੂ ਪਾਇਆ। ਕਾਰ ਚਾਲਕ ਰਘੂਵਿੰਦਰ ਸਿੰਘ ਨੇ ਦੱਸਿਆ ਕਿ ਉਹ ਕਪੂਰਥਲਾ ਦੇ ਰਹਿਣ ਵਾਲੇ ਹਨ ਅਤੇ ਕਿਸੇ ਨਿੱਜੀ ਕੰਮ ਲਈ ਜਲੰਧਰ ਆਏ ਹੋਏ ਸਨ। ਜਿਵੇਂ ਹੀ ਉਹ ਮਾਤਾ ਰਾਣੀ ਚੌਕ ਦੇ ਨੇੜੇ ਪਹੁੰਚੇ ਤਾਂ ਚੱਲਦੀ ਕਾਰ 'ਚ ਅਚਾਨਕ ਅੱਗ ਲੱਗ ਗਈ। ਲੋਕਾਂ ਨੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰ ਅੱਗ 'ਤੇ ਕਾਬੂ ਨਹੀਂ ਪਾਇਆ ਗਿਆ, ਇਸ ਲਈ ਉਨ੍ਹਾਂ ਨੇ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ। ਫਾਇਰ ਬ੍ਰਿਗੇਡ ਅਧਿਕਾਰੀ ਨਰੇਸ਼ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੂੰ ਕੰਟਰੋਲ ਰੂਮ ਤੋਂ ਸੂਚਨਾ ਮਿਲੀ ਸੀ ਕਿ ਮਾਤਾ ਰਾਣੀ ਚੌਂਕ ਨੇੜੇ ਇਕ ਕਾਰ ਨੂੰ ਅੱਗ ਲੱਗ ਗਈ ਹੈ। ਫਿਰ ਉਹ ਮੌਕੇ 'ਤੇ ਪਹੁੰਚੇ ਅਤੇ ਆਪਣੀ ਟੀਮ ਨਾਲ ਮਿਲ ਕੇ ਅੱਗ 'ਤੇ ਕਾਬੂ ਪਾਇਆ। ਉਨ੍ਹਾਂ ਕਿਹਾ ਕਿ ਕੋਈ ਜਾਨੀ ਨੁਕਸਾਨ ਨਹੀਂ



ਹੋਇਆ ਪਰ ਕਾਰ ਸੜ ਕੇ ਸੁਆਹ ਹੋ ਗਈ। ਪੁਲਸ ਅਧਿਕਾਰੀ ਸਤਿੰਦਰਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਕੰਟਰੋਲ ਰੂਮ ਤੋਂ ਫੋਨ ਆਇਆ ਕਿ ਮਾਤਾ ਰਾਣੀ ਚੌਕ ਨੇੜੇ ਇਕ ਕਾਰ ਨੂੰ ਅੱਗ ਲੱਗ ਗਈ ਹੈ। ਉਨ੍ਹਾਂ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਫਾਇਰ ਬ੍ਰਿਗੇਡ ਨੂੰ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦੇ ਵੇਖਿਆ। ਗਨੀਮਤ ਇਹ ਰਹੀ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ।

## ਲੋਹੇ ਦੀਆਂ ਚਾਦਰਾਂ 'ਚ ਆ ਰਹੇ ਕਰੰਟ ਨੇ ਲਈ ਮਾਸੂਮ ਦੀ ਜਾਨ

ਫਿਰੋਜ਼ਪੁਰ 8 ਸਤੰਬਰ। ਫਿਰੋਜ਼ਪੁਰ ਛਾਉਣੀ ਦੇ ਮੇਲੇ ਵਿੱਚ ਵਾਪਰੇ ਇਕ ਹਾਦਸੇ ਨੇ ਖੁਸ਼ੀਆਂ ਦੇ ਮਾਹੌਲ ਨੂੰ ਗਮ ਵਿਚ ਬਦਲ ਦਿੱਤਾ। ਮਨੋਰੰਜਨ ਕਰਨ ਗਈ ਇੱਕ 8 ਸਾਲਾ ਮਾਸੂਮ ਬੱਚੀ ਦੀ ਕਰੰਟ ਲੱਗਣ ਕਾਰਨ ਮੌਤ ਹੋ ਗਈ। ਇਸ ਅਚਾਨਕ ਵਾਪਰੀ ਘਟਨਾ ਨਾਲ ਖੇਤਰ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਮੇਲੇ ਵਿੱਚ ਜਿੱਥੇ ਹੋਰ ਬੱਚੇ ਝੂਲਿਆਂ ਅਤੇ ਖੇਡ-ਤਮਾਸ਼ਿਆਂ ਦਾ ਆਨੰਦ ਮਾਣ ਰਹੇ ਸਨ, ਉੱਥੇ ਹੀ ਦੀਵਾਨਸ਼ੀ ਪਿਸ਼ਾਬ ਕਰਨ ਲਈ ਮੇਲੇ ਦੇ ਇੱਕ ਪਾਸੇ ਲਗਾਈਆਂ ਗਈਆਂ ਲੋਹੇ ਦੀਆਂ ਸ਼ੀਟਾਂ (ਚਾਦਰਾਂ) ਕੋਲ ਚਲੀ ਗਈ। ਪ੍ਰਬੰਧਕਾਂ ਦੀ ਅਣਗਹਿਲੀ ਕਾਰਨ ਇਨ੍ਹਾਂ ਲੋਹੇ ਦੀਆਂ ਸ਼ੀਟਾਂ ਵਿੱਚ ਨੰਗੀਆਂ ਤਾਰਾਂ ਜਾਂ ਲੀਕੇਜ ਕਰਕੇ ਤੇਜ਼ ਬਿਜਲੀ ਦਾ ਕਰੰਟ ਆ ਰਿਹਾ ਸੀ। ਜਿਵੇਂ ਹੀ ਮਾਸੂਮ ਬੱਚੀ ਨੇ ਇਨ੍ਹਾਂ ਸ਼ੀਟਾਂ ਨੂੰ ਛੂਹਿਆ, ਉਹ ਕਰੰਟ ਦੀ ਜ਼ਦ ਵਿੱਚ ਆ ਕੇ ਬੁਰੀ ਤਰ੍ਹਾਂ ਝੁਲਸ ਗਈ ਅਤੇ ਮੌਕੇ 'ਤੇ ਹੀ ਬੇਹੋਸ਼ ਹੋ ਕੇ ਡਿੱਗ ਪਈ। ਘਟਨਾ ਤੋਂ ਤੁਰੰਤ ਬਾਅਦ ਬੱਚੀ ਨੂੰ ਗੰਭੀਰ ਹਾਲਤ ਵਿੱਚ ਨੇੜਲੇ ਹਸਪਤਾਲ ਲਿਜਾਇਆ ਗਿਆ। ਹਸਪਤਾਲ ਦੇ ਡਾਕਟਰ ਮਾਨਕ ਨੇ ਦੱਸਿਆ ਕਿ ਜਦੋਂ ਬੱਚੀ ਨੂੰ ਇਲਾਜ ਲਈ ਲਿਆਂਦਾ ਗਿਆ, ਤਾਂ ਉਸ ਦੀ ਧੜਕਣ ਰੁਕ ਚੁੱਕੀ ਸੀ ਅਤੇ ਉਹ ਮ੍ਰਿਤਕ ਹਾਲਤ ਵਿੱਚ ਸੀ। ਡਾਕਟਰ ਅਨੁਸਾਰ ਮੁੱਢਲੀ ਜਾਂਚ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਮੌਤ ਦਾ ਕਾਰਨ ਬਿਜਲੀ ਦਾ ਜ਼ੋਰਦਾਰ ਝਟਕਾ ਲੱਗਣਾ ਹੀ ਹੈ। ਹਾਲਾਂਕਿ, ਮੌਤ ਦੇ ਸਹੀ ਅਤੇ ਤਕਨੀਕੀ ਕਾਰਨਾਂ ਦੀ ਪੂਰੀ ਪੁਸ਼ਟੀ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਕੀਤੀ ਜਾਵੇਗੀ। ਇਸ ਅਚਾਨਕ ਹੋਈ ਦੁਖਦਾਈ ਘਟਨਾ ਤੋਂ ਬਾਅਦ ਮਾਸੂਮ ਬੱਚੀ ਦੇ ਮਾਤਾ-ਪਿਤਾ ਅਤੇ ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਰੋਜ਼ੀ-ਰੋਟੀ ਲਈ ਆਪਣੇ ਘਰੋਂ ਦੂਰ ਆਏ ਪਰਿਵਾਰ ਉੱਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਪੀੜ੍ਹਤ ਪਰਿਵਾਰ ਅਤੇ ਸਥਾਨਕ ਲੋਕਾਂ ਨੇ ਪ੍ਰਸ਼ਾਸਨ ਅਤੇ ਪੁਲਿਸ ਤੋਂ ਮੰਗ ਕੀਤੀ ਹੈ ਕਿ ਮੇਲੇ ਵਿੱਚ ਬਿਜਲੀ ਪ੍ਰਬੰਧਾਂ ਦੀਆਂ ਖਾਮੀਆਂ ਅਤੇ ਲਾਪਰਵਾਹੀ ਦੀ ਨਿਰਪੱਖਤਾ ਨਾਲ ਜਾਂਚ ਕੀਤੀ ਜਾਵੇ।

## ਫੂਡ ਸੇਫਟੀ ਟੀਮ ਨੇ ਚਲਾਈ ਚੈਕਿੰਗ ਮੁਹਿੰਮ, 1037 ਕਿਲੋ ਗੁੜ, 500 ਕਿਲੋ ਸ਼ੱਕਰ ਅਤੇ 1160 ਕਿਲੋ ਖੰਡ ਜ਼ਬਤ

ਲੁਧਿਆਣਾ 8 ਸਤੰਬਰ। ਫੂਡ ਸੇਫਟੀ ਟੀਮ ਨੇ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ 'ਚ ਇਕ ਵਿਆਪਕ ਨਿਰੀਖਣ ਅਤੇ ਨਮੂਨੇ ਭਰਨ ਲਈ ਮੁਹਿੰਮ ਚਲਾਈ ਤਾਂ ਜੋ ਖਾਣ-ਪੀਣ ਦੀਆਂ ਚੀਜ਼ਾਂ ਦੀ ਗੁਣਵੱਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਮੁਹਿੰਮ ਦੌਰਾਨ ਟੀਮ ਨੇ ਫਿਰੋਜ਼ਪੁਰ ਰੋਡ, ਮੁੱਲਾਂਪੁਰ, ਸੁਧਾਰ ਅਤੇ ਜਗਰਾਓਂ ਸਮੇਤ ਵੱਖ-ਵੱਖ ਖੇਤਰਾਂ ਤੋਂ ਕੁੱਲ 15 ਭੋਜਨ ਨਮੂਨੇ ਇਕੱਠੇ ਕੀਤੇ। ਨਮੂਨਿਆਂ 'ਚ ਚਾਂਦੀ ਵਰਕ ਲੱਗੀਆ ਮਠਿਆਈਆਂ, ਦੁੱਧ ਦੇ ਕੇਕ, ਧਨੀਆ, ਕਾਲੀ ਮਿਰਚ, ਲਾਲ ਮਿਰਚ ਪਾਊਡਰ, ਗੁੜ, ਖੰਡ, ਸ਼ੱਕਰ, ਪਨੀਰ ਅਤੇ ਘਿਓ ਵਰਗੀਆਂ ਆਮ ਤੌਰ 'ਤੇ ਖਪਤ ਹੋਣ ਵਾਲੀਆਂ ਖਾਣ-ਪੀਣ ਦੀਆਂ ਵਸਤਾਂ ਸ਼ਾਮਲ ਸਨ। ਇਨ੍ਹਾਂ ਨਮੂਨਿਆਂ ਦੀ FSSAI ਦੁਆਰਾ ਨਿਰਧਾਰਿਤ ਸੁਰੱਖਿਆ ਅਤੇ ਗੁਣਵੱਤਾ ਦੇ ਮਾਪਦੰਡਾਂ ਲਈ ਜਾਂਚ ਕੀਤੀ ਗਈ। ਇਸ ਤੋਂ ਇਲਾਵਾ ਟੀਮ ਨੇ ਤਾਜਪੁਰ ਪਿੰਡ 'ਚ ਇਕ ਗੁੜ ਨਿਰਮਾਣ ਯੂਨਿਟ ਤੋਂ 500 ਕਿਲੋ ਖੰਡ, 1,160 ਕਿਲੋ ਸ਼ੱਕਰ ਅਤੇ 1,037 ਕਿਲੋ ਗੁੜ ਜ਼ਬਤ ਕੀਤਾ। ਜ਼ਬਤ ਕੀਤੀ ਗਈ ਸਮੱਗਰੀ ਨੂੰ ਹੋਰ ਜਾਂਚ ਲਈ ਜ਼ਬਤ ਕਰ ਲਿਆ ਗਿਆ ਹੈ। ਸਾਰੇ ਨਮੂਨੇ ਵਿਗਿਆਨਕ ਵਿਸ਼ਲੇਸ਼ਣ ਲਈ ਸਟੇਟ ਫੂਡ ਲੈਬ ਵਿਚ ਭੇਜ ਦਿੱਤੇ ਗਏ ਹਨ ਅਤੇ ਪ੍ਰਯੋਗਸ਼ਾਲਾ ਰਿਪੋਰਟ ਪ੍ਰਾਪਤ ਹੋਣ 'ਤੇ ਢੁੱਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਸਿਵਲ ਸਰਜਨ ਡਾ. ਰਮਨਦੀਪ ਕੌਰ ਨੇ ਕਿਹਾ ਕਿ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਜਨਤਾ ਦੀ ਸਹੂਲਤ ਲਈ ਇਕ ਵ?ਹਟਸਐਪ ਹੈਲਪਲਾਈਨ ਨੰ. 946449-4180 ਜਾਰੀ ਕੀਤਾ ਹੈ। ਤਿਉਹਾਰਾਂ ਦੇ ਸੀਜ਼ਨ ਦੌਰਾਨ ਮਿਲਾਵਟ ਨਾਲ ਸਬੰਧਤ ਜਾਣਕਾਰੀ ਜਾਂ ਸ਼ਿਕਾਇਤਾਂ ਸਾਂਝੀਆਂ ਕਰਨ ਲਈ ਇਹ ਹੈਲਪਲਾਈਨ ਨੰਬਰ ਜਨਤਾ ਲਈ ਉਪਲੱਬਧ ਕਰਵਾਇਆ ਗਿਆ ਹੈ। ਡਾ. ਰਮਨਦੀਪ ਕੌਰ ਨੇ ਕਿਹਾ ਕਿ ਇਸ ਨੰਬਰ 'ਤੇ ਪ੍ਰਾਪਤ ਹੋਈ ਸਾਰੀ ਜਾਣਕਾਰੀ ਸਿੱਧੇ ਸੂਬੇ ਦੇ ਮੁੱਖ ਦਫਤਰ ਨੂੰ ਭੇਜੀ ਜਾਵੇਗੀ। ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਸਿਵਲ ਸਰਜਨ ਡਾ. ਰਮਨਦੀਪ ਕੌਰ ਨੇ ਕਿਹਾ ਕਿ ਹਰ ਫੂਡ ਬਿਜ਼ਨੈੱਸ ਆਪਰੇਟਰ ਕੋਲ ਇਕ ਵੈਧ ਫੂਡ ਲਾਇਸੈਂਸ ਜਾਂ ਰਜਿਸਟ?ਰੇਸ਼ਨ ਹੋਣੀ ਚਾਹੀਦੀ ਹੈ ਅਤੇ ਮਿਠਾਈਆਂ ਅਤੇ ਡੇਅਰੀ ਉਤਪਾਦਾਂ 'ਤੇ ਸਭ ਤੋਂ ਪਹਿਲਾਂ ਮਿਤੀ ਲਿਖੀ ਹੋਣੀ ਚਾਹੀਦੀ ਹੈ। ਉਸ ਨੇ ਇਹ ਵੀ ਕਿਹਾ ਕਿ FSSAI ਨਿਯਮਾਂ ਅਨੁਸਾਰ ਕਿਸੇ ਵੀ ਅਣ-ਅਧਿਕਾਰਤ ਰੰਗ, ਖੁਸ਼ਬੂ ਜਾਂ ਰਸਾਇਣ ਦੀ ਵਰਤੋਂ ਕਰਨਾ ਕਾਨੂੰਨ ਦੀ ਉਲੰਘਣਾ ਹੈ ਅਤੇ ਅਜਿਹੇ ਮਿਲਾਵਟੀ ਸਾਮਾਨ ਨੂੰ ਵੇਚਣਾ ਇਕ ਅਪਰਾਧ ਮੰਨਿਆ ਜਾਂਦਾ ਹੈ। ਸਾਰੇ ਵਿਕ੍ਰੇਤਾਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਉਤਪਾਦ ਲੇਬਲਿੰਗ ਅਤੇ ਪੈਕੇਜਿੰਗ ਮਿਆਰਾਂ ਦੇ ਅਨੁਸਾਰ ਹੋਵੇ ਅਤੇ ਭੋਜਨ ਸੁਰੱਖਿਆ ਜਾਂਚ ਲਈ ਤਿਆਰ ਰਹਿਣ। ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਨੁਸਾਰ ਤਿਉਹਾਰਾਂ ਦੇ ਸੀਜ਼ਨ ਦੌਰਾਨ ਖੋਏ ਅਤੇ ਘਿਓ-ਅਧਾਰਤ ਉਤਪਾਦਾਂ ਦੀ ਵਿਆਪਕ ਜਾਂਚ ਕੀਤੀ ਜਾਵੇਗੀ।

## ਸ਼ਾਹਕੋਟ 'ਚ ਸਨਸਨੀਖੇਜ਼ ਵਾਰਦਾਤ, ਸਕੂਲ ਬੱਸ ਦੀ ਉਡੀਕ ਕਰ ਰਿਹਾ ਦੂਸਰੀ ਜਮਾਤ ਦਾ ਬੱਚਾ ਕਾਰ ਸਵਾਰਾਂ ਵੱਲੋਂ ਅਗਵਾ

**ਕੌਮੀ ਪਤ੍ਰਿਕਾ**

ਸ਼ਾਹਕੋਟ 8 ਸਤੰਬਰ। ਇਥੋਂ ਨਜ਼ਦੀਕੀ ਪਿੰਡ ਬਾਜਵਾ ਕਲਾਂ ਵਿਖੇ ਸਕੂਲ ਬੱਸ ਦਾ ਇੰਤਜ਼ਾਰ ਕਰ ਰਹੇ ਦੂਸਰੀ ਜਮਾਤ ਦੇ ਸੱਤ ਸਾਲਾ ਵਿਦਿਆਰਥੀ ਨੂੰ ਕਾਰ ਸਵਾਰਾਂ ਵੱਲੋਂ ਜ਼ਬਰਦਸਤੀ ਅਗਵਾ ਕਰ ਕੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਸ਼ਪਿੰਦਰ ਕੌਰ ਵਾਸੀ ਬਾਜਵਾ ਕਲਾਂ, ਜੋ ਕਿ ਸਿਵਲ ਹਸਪਤਾਲ ਸ਼ਾਹਕੋਟ ਵਿਖੇ ਬਤੌਰ ਸਟਾਫ਼ ਨਰਸ ਤਾਇਨਾਤ ਹੈ, ਨੇ ਦੱਸਿਆ ਕਿ ਅੱਜ ਸਵੇਰੇ ਕਰੀਬ 7:15 ਵਜੇ ਉਸ ਦਾ ਪੁੱਤਰ ਜੁਝਾਰ ਵੀਰ ਸਿੰਘ, ਜੋ ਕਿ ਦੂਸਰੀ ਜਮਾਤ ਦਾ ਵਿਦਿਆਰਥੀ ਹੈ, ਰੋਜ਼ਾਨਾ ਵਾਂਗ ਸਕੂਲ ਬੱਸ ਦੀ ਉਡੀਕ ਕਰ ਰਿਹਾ ਸੀ। ਇਸੇ ਦੌਰਾਨ ਚੰਡੀਗੜ੍ਹ ਨੰਬਰ ਦੀ ਇਕ ਕਾਰ ਵਿਚ ਆਏ ਦੋ ਵਿਅਕਤੀਆਂ ਅਤੇ ਇਕ ਮਹਿਲਾ ਨੇ ਮਾਸੂਮ ਬੱਚੇ ਨੂੰ ਜ਼ਬਰਦਸਤੀ ਗੱਡੀ ਵਿਚ ਸੁੱਟ ਲਿਆ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਪੀੜਤ ਮਾਂ ਪੁਸ਼ਪਿੰਦਰ ਕੌਰ ਨੇ ਦੋਸ਼ ਲਾਇਆ ਕਿ ਉਸ ਦੀ ਚੰਡੀਗੜ੍ਹ ਸਥਿਤ ਕਰੀਬ ਢਾਈ ਕਰੋੜ ਰੁਪਏ ਦੀ ਕੋਠੀ 'ਤੇ ਉਸ ਦੇ ਸਹੁਰੇ ਪਰਿਵਾਰ ਵੱਲੋਂ ਕਬਜ਼ਾ ਕਰਨ ਦੀ ਨੀਅਤ ਨਾਲ ਇਹ ਸਾਰੀ ਸਾਜ਼ਿਸ਼ ਰਚੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸੇ ਰੰਜਿਸ਼ ਤਹਿਤ ਪਹਿਲਾਂ ਵੀ 18 ਮਈ ਨੂੰ ਸਕੂਲ ਵਿਚੋਂ ਬੱਚੇ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਸਬੰਧੀ ਥਾਣਾ ਸ਼ਾਹਕੋਟ ਵਿਖੇ ਲਿਖਤੀ ਸ਼ਿਕਾਇਤ ਦਿੱਤੀ ਗਈ ਸੀ ਪਰ ਪੁਲਸ ਵੱਲੋਂ ਕੋਈ ਕਾਰਵਾਈ ਨਾ ਹੋਣ ਕਾਰਨ ਮੁਲਜ਼ਮ ਅੱਜ ਬੱਚੇ ਨੂੰ ਅਗਵਾ ਕਰਨ ਵਿੱਚ ਕਾਮਯਾਬ ਹੋ ਗਏ। ਪੀੜਤ ਪਰਿਵਾਰ ਨੇ ਪੁਲਸ ਪ੍ਰਸ਼ਾਸਨ ਤੋਂ ਬੱਚੇ ਨੂੰ ਤੁਰੰਤ ਸੁਰੱਖਿਅਤ ਬਰਾਮਦ ਕਰਨ ਅਤੇ ਦੋਸ਼ੀਆਂ ਖ਼?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਪੁਸ਼ਪਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਮੌਕੇ 'ਤੇ 112 ਨੰਬਰ 'ਤੇ ਕਾਲ ਕਰਕੇ ਪੁਲਸ ਨੂੰ ਸੂਚਿਤ ਕੀਤਾ ਸੀ, ਜਿਸ 'ਤੇ ਤੁਰੰਤ ਪੁਲਸ ਪਾਰਟੀ ਘਟਨਾ ਸਥਾਨ 'ਤੇ ਪਹੁੰਚੀ ਅਤੇ ਸੀ.ਸੀ.ਟੀ.ਵੀ. ਕੈਮਰਿਆਂ ਦੀ



ਜਾਂਚ ਕੀਤੀ ਗਈ। ਇਸ ਸਬੰਧੀ ਜਦੋਂ ਮਾਡਲ ਥਾਣਾ ਸ਼ਾਹਕੋਟ ਦੇ ਐੱਸ.ਐੱਚ.ਓ. ਇੰਸਪੈਕਟਰ ਅਮਨ ਸੈਣੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਪੰਜ ਵਿਅਕਤੀਆਂ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਤਿੰਨ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ, ਜਦਕਿ ਦੋ ਵਿਅਕਤੀ ਅਣਪਛਾਤੇ ਹਨ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਵਾਰਦਾਤ ਵਿਚ ਵਰਤੀ ਗਈ ਕਾਰ ਦੇ ਮਾਲਕ ਦਾ ਵੀ ਪਤਾ ਲਗਾ ਲਿਆ ਗਿਆ ਹੈ, ਜੋ ਕਿ ਮੋਹਾਲੀ ਨਾਲ ਸਬੰਧਤ ਹੈ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਅਗਵਾਕਾਰਾਂ ਨੂੰ ਪੁਲਸ ਵੱਲੋਂ ਕਾਬੂ ਕਰ ਲਿਆ ਜਾਵੇਗਾ ਤੇ ਬੱਚੇ ਨੂੰ ਸੁਰੱਖਿਅਤ ਬਰਾਮਦ ਕਰਕੇ ਮਾਂ ਦੇ ਹਵਾਲੇ ਕੀਤਾ ਜਾਵੇਗਾ।

## ਜ਼ਿਲ੍ਹੇ 'ਚ ਪ੍ਰੀਗਾਬਾਲਿਨ ਦੇ ਕੈਪਸੂਲਾਂ ਅਤੇ ਟੈਬਲੇਟਸ ਦੀ ਵਿਕਰੀ 'ਤੇ ਮੁਕੰਮਲ ਪਾਬੰਦੀ

ਫਾਜ਼ਿਲਕਾ 8 ਸਤੰਬਰ। ਜ਼ਿਲ੍ਹਾ ਮੈਜਿਸਟ?ਰੇਟ ਅਮਰਪ੍ਰੀਤ ਕੌਰ ਨੇ ਜ਼ਿਲ੍ਹੇ 'ਚ ਪ੍ਰੀਗਾਬਾਲਿਨ 75 ਐੱਮ. ਜੀ. ਤੋਂ ਵੱਧ ਮਾਤਰਾ ਦੇ ਕੈਪਸੂਲ/ਟੈਬਲੇਟਸ ਦੀ ਵਿਕਰੀ ਤੇ ਸਟਾਕ ਕਰਨ 'ਤੇ ਮੁਕੰਮਲ ਤੌਰ ਪਾਬੰਦੀ ਲਗਾਈ ਹੈ। ਉਨ੍ਹਾਂ ਕਿਹਾ ਕਿ ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰਿਸਕ੍ਰਿਪਸ਼ਨ ਸਲਿੱਪ 'ਤੇ ਆਪਣੀ ਮੋਹਰ ਲਗਾਈ ਜਾਵੇਗੀ ਅਤੇ ਕੈਮਿਸਟ ਦੀ ਫਰਮ ਦਾ ਨਾਮ, ਦਵਾਈ ਦੇਣ ਦੀ ਮਿਤੀ ਅਤੇ ਟੈਬਲੇਟਸ ਦੀ ਗਿਣਤੀ ਦਰਜ ਕੀਤੀ ਜਾਵੇਗੀ। ਇਹ ਪਾਬੰਦੀ 31 ਅਕਤੂਬਰ ਤੱਕ ਲਾਗੂ ਰਹੇਗੀ। ਇਹ ਹੁਕਮ ਸਿਵਲ ਸਰਜਨ ਫਾਜ਼ਿਲਕਾ ਦੇ ਪੱਤਰ ਉੱਤੇ ਕੀਤੀ ਗਈ ਕਾਰਵਾਈ ਸਬੰਧੀ ਜਾਰੀ ਕੀਤਾ ਗਿਆ ਹੈ। ਸਿਵਲ ਸਰਜਨ ਨੇ ਆਪਣੀ ਰਿਪੋਰਟ 'ਚ ਦੱਸਿਆ ਹੈ ਕਿ ਕੈਪਸੂਲ ਦਾ ਆਮ ਲੋਕਾਂ ਵੱਲੋਂ ਮੈਡੀਕਲ ਨਸ਼ੇ ਵਜੋਂ ਸੇਵਨ ਕੀਤਾ ਜਾ ਰਿਹਾ ਹੈ। ਕੈਪਸੂਲ ਦੀ ਵਿਕਰੀ 'ਤੇ ਉਕਤ ਧਾਰਾ ਤਹਿਤ ਮੁਕੰਮਲ ਤੌਰ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ। ਜਾਰੀ ਹੁਕਮ ਅਨੁਸਾਰ ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ਮੈਡੀਕਲ ਸਟੋਰ ਦੇ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਜਾਂ ਕੋਈ ਹੋਰ ਵਿਅਕਤੀ ਪ੍ਰੀਗਾਬਾਲਿਨ 75 ਐਮਜੀ ਦੀ ਅਸਲ ਪਰਚੀ ਤੋਂ ਬਿਨਾਂ ਨਹੀਂ ਵੇਚੇਗਾ।

## ਹੈਰੋਇਨ ਅਤੇ ਨਸ਼ੇ ਵਾਲੇ ਕੈਪਸੂਲਾਂ ਸਮੇਤ 7 ਲੋਕ ਗ੍ਰਿਫ਼ਤਾਰ

ਬਠਿੰਡਾ 8 ਸਤੰਬਰ। ਜ਼ਿਲ੍ਹਾ ਪੁਲਸ ਨੇ ਵੱਖ-ਵੱਖ ਥਾਵਾਂ ਤੋਂ ਹੈਰੋਇਨ ਅਤੇ ਨਸ਼ੇ ਵਾਲੇ ਕੈਪਸੂਲਾਂ ਸਮੇਤ 7 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਕੋਤਵਾਲੀ ਪੁਲਸ ਨੇ ਮੁਲਜ਼ਮ ਗੌਰਵ ਕੁਮਾਰ ਨੂੰ ਬੱਸ ਸਟੈਂਡ ਤੋਂ 4 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰ੍ਹਾਂ ਕੈਨਾਲ ਕਾਲੋਨੀ ਪੁਲਸ ਨੇ ਬਾਦਲ ਰੋਡ ਓਵਰਬ੍ਰਿਜ ਤੋਂ ਮੁਲਜ਼ਮ ਭਜਨ ਸਿੰਘ ਵਾਸੀ ਬੀੜ ਤਲਾਬ ਅਤੇ ਅੰਗਰੇਜ਼ ਸਿੰਘ ਵਾਸੀ ਜੋਧਪੁਰ ਰੋਮਾਣਾ ਨੂੰ 21.60 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਕ ਹੋਰ ਮਾਮਲੇ 'ਚ ਕੈਨਾਲ ਕਾਲੋਨੀ ਪੁਲਸ ਨੇ ਜਨਤਾ ਨਗਰ ਰੇਲਵੇ ਫਾਟਕ ਤੋਂ ਮੁਲਜ਼ਮ ਗੁਰਮੀਤ ਸਿੰਘ ਵਾਸੀ ਚੱਕ ਕੰਨੀਆ ਕਲਾਂ ਨੂੰ 100 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸੇ ਤਰ੍ਹਾਂ ਕੈਨਾਲ ਕਾਲੋਨੀ ਨੇ ਮੁਲਜ਼ਮ ਰਾਜਵਿੰਦਰ ਸਿੰਘ ਵਾਸੀ ਬਠਿੰਡਾ ਨੂੰ ਪ੍ਰੀਗਾਬਾਲਿਨ ਦੇ 60 ਕੈਪਸੂਲਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਥਰਮਲ ਪੁਲਸ ਸਟੇਸ਼ਨ ਨੇ ਬਠਿੰਡਾ ਦੇ ਰਹਿਣ ਵਾਲੇ ਮੁਲਜ਼ਮ ਰੰਗਾ ਸਿੰਘ ਅਤੇ ਨੈਸ਼ਨਲ ਕਾਲੋਨੀ ਨੇੜੇ ਗੁਰਦਿੱਤ ਸਿੰਘ ਵਾਸੀ ਰੋਪਾਣਾ ਨੂੰ 11 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪਠਾਨਕੋਟ 'ਚ ਵਣ ਜੀਵ ਵਿਭਾਗ ਦੀ ਰੇਡ, ਦੁਰਲੱਭ ਪੰਛੀਆਂ ਦੀ ਤਸਕਰੀ ਕਰਨ ਵਾਲਾ ਇਕ ਗ੍ਰਿਫਤਾਰ, 179 ਪੰਛੀ ਰੈਸਕਿਊ

ਪਠਾਨਕੋਟ 8 ਸਤੰਬਰ। ਪਠਾਨਕੋਟ ਵਿੱਚ ਸੁਰੱਖਿਅਤ ਅਤੇ ਦੁਰਲੱਭ ਪੰਛੀਆਂ ਦੀ ਕਥਿਤ ਗੈਰਕਾਨੂੰਨੀ ਤਸਕਰੀ ਦਾ ਮਾਮਲਾ ਸਾਹਮਣੇ ਆਇਆ ਹੈ। ਵਣ ਜੀਵ ਸੁਰੱਖਿਅਤ ਵਿਭਾਗ ਅਤੇ ਪੁਲਸ ਦੀ ਸਾਂਝੀ ਟੀਮ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਇੱਕ ਥਾਂ 'ਤੇ ਰੇਡ ਕਰਕੇ ਵੱਡੀ ਗਿਣਤੀ ਵਿੱਚ ਪੰਛੀਆਂ ਨੂੰ ਬਰਾਮਦ ਕੀਤਾ ਗਿਆ। ਜਾਣਕਾਰੀ ਅਨੁਸਾਰ ਟੀਮ ਨੂੰ ਸੁਰੱਖਿਅਤ ਪੰਛੀਆਂ ਦੀ ਗੈਰਕਾਨੂੰਨੀ ਖਰੀਦ-ਫਰੋਖ਼ਤ ਅਤੇ ਤਸਕਰੀ ਸਬੰਧੀ ਸੂਚਨਾ ਮਿਲੀ ਸੀ। ਇਸ ਤੋਂ ਬਾਅਦ ਵਣ ਜੀਵ ਵਿਭਾਗ ਵੱਲੋਂ ਪੁਲਸ ਦੇ ਸਹਿਯੋਗ ਨਾਲ ਕਾਰਵਾਈ ਕਰਦਿਆਂ ਮੌਕੇ 'ਤੇ ਛਾਪੇਮਾਰੀ ਕੀਤੀ ਗਈ। ਰੇਡ ਦੌਰਾਨ 179 ਪੰਛੀਆਂ ਨੂੰ ਰੈਸਕਿਊ ਕੀਤਾ ਗਿਆ, ਜਿਨ੍ਹਾਂ ਨੂੰ ਕਥਿਤ ਤੌਰ 'ਤੇ ਗੈਰਕਾਨੂੰਨੀ ਢੰਗ ਨਾਲ ਰੱਖਿਆ ਗਿਆ ਸੀ। ਕਾਰਵਾਈ ਦੌਰਾਨ ਮੁਕੇਰੀਆਂ ਨਿਵਾਸੀ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਹੈ। ਵਿਭਾਗ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਇਹ ਪੰਛੀ ਕਿੱਥੋਂ ਲਿਆਂਦੇ ਗਏ ਸਨ ਅਤੇ ਇਨ੍ਹਾਂ ਨੂੰ ਅੱਗੇ ਕਿੱਥੇ ਭੇਜਿਆ ਜਾਣਾ ਸੀ। ਵਣਜੀਵ ਵਿਭਾਗ ਵੱਲੋਂ ਬਰਾਮਦ ਪੰਛੀਆਂ ਦੀ ਸਿਹਤ ਦੀ ਜਾਂਚ ਕਰਵਾਈ ਜਾ ਰਹੀ ਹੈ। ਅਧਿਕਾਰੀਆਂ ਅਨੁਸਾਰ ਜੰਗਲੀ ਅਤੇ ਸੁਰੱਖਿਅਤ ਪੰਛੀਆਂ ਨੂੰ ਫੜ ਕੇ ਰੱਖਣਾ ਜਾਂ ਉਨ੍ਹਾਂ ਦੀ ਖਰੀਦ-ਫਰੋਖ਼ਤ ਕਰਨਾ ਕਾਨੂੰਨੀ ਤੌਰ 'ਤੇ ਗੰਭੀਰ ਅਪਰਾਧ ਹੈ।

## ਹਲਵਾਰਾ ਏਅਰਪੋਰਟ ਜਾਣ ਵਾਲੇ ਯਾਤਰੀਆਂ ਲਈ ਅਹਿਮ ਖ਼ਬਰ, ਦਿੱਲੀ ਜਾਣ ਵਾਲੀ ਉਡਾਣ ਦਾ ਬਦਲਿਆ ਸਮਾਂ

ਹਲਵਾਰਾ 8 ਸਤੰਬਰ। ਏਅਰ ਇੰਡੀਆ ਨੇ ਹਲਵਾਰਾ ਏਅਰਪੋਰਟ ਤੋਂ ਚੱਲਣ ਵਾਲੀ ਉਡਾਣ ਦੇ ਸਮੇਂ ਵਿੱਚ ਸੋਧ ਕੀਤੀ ਹੈ। ਖਾਸ ਤੌਰ 'ਤੇ ਦਿੱਲੀ ਲਈ ਦੁਪਹਿਰ ਦੀ ਉਡਾਣ ਦਾ ਸਮਾਂ ਬਦਲ ਦਿੱਤਾ ਗਿਆ ਹੈ, ਜੋ ਕਿ 10 ਸਤੰਬਰ ਤੋਂ ਲਾਗੂ ਹੋਵੇਗਾ। ਨਿਯਮਤ ਯਾਤਰੀ ਲੰਬੇ ਸਮੇਂ ਤੋਂ ਇਸ ਉਡਾਣ ਦੇ ਸਮੇਂ ਵਿੱਚ ਤਬਦੀਲੀ ਦੀ ਬੇਨਤੀ ਕਰ ਰਹੇ ਸਨ, ਜਿਸ ਕਾਰਨ ਏਅਰ ਇੰਡੀਆ ਨੇ ਇਹ ਬਦਲਾਅ ਕੀਤਾ ਹੈ। ਵੇਰਵਿਆਂ ਅਨੁਸਾਰ, ਹਲਵਾਰਾ ਅੰਤਰਰਾਸ਼ਟਰੀ ਏਅਰਪੋਰਟ ਤੋਂ ਚੱਲਣ ਵਾਲੀ ਦੁਪਹਿਰ ਦੀ ਉਡਾਣ ਦਾ ਸਮਾਂ 10 ਸਤੰਬਰ ਤੋਂ ਬਦਲ ਜਾਵੇਗਾ। ਉਸ ਤਾਰੀਖ ਤੋਂ ਦਿੱਲੀ ਤੋਂ ਆਉਣ ਵਾਲੀ ਉਡਾਣ ਹਲਵਾਰਾ ਹਵਾਈ ਅੱਡੇ 'ਤੇ ਦੁਪਹਿਰ 3:35 ਵਜੇ ਪਹੁੰਚੇਗੀ ਅਤੇ ਸ਼ਾਮ 4:05 ਵਜੇ ਦਿੱਲੀ ਲਈ ਰਵਾਨਾ ਹੋਵੇਗੀ। ਇਹ ਧਿਆਨ ਦੇਣ ਯੋਗ ਹੈ ਕਿ ਸਵੇਰ ਦੀ ਉਡਾਣ ਦੇ ਸਮੇਂ ਵਿੱਚ ਕੋਈ ਬਦਲਾਅ ਨਹੀਂ ਹੋਇਆ ਹੈ, ਇਹ ਉਹੀ ਸਮਾਂ ਹੈ। ਨਿਯਮਤ ਯਾਤਰੀਆਂ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਬੇਨਤੀਆਂ ਦੇ ਜਵਾਬ ਵਿੱਚ ਸਿਰਫ ਦੁਪਹਿਰ ਦੀ ਉਡਾਣ ਦਾ ਸਮਾਂ ਬਦਲਿਆ ਗਿਆ ਹੈ।

## ਜਲੰਧਰ-ਅੰਮ੍ਰਿਤਸਰ ਹਾਈਵੇਅ 'ਤੇ ਦੋਸਤਾਂ ਨਾਲ ਵੱਡਾ ਹਾਦਸਾ, 2 ਦੀ ਦਰਦਨਾਕ ਮੌਤ, ਕਾਰ ਦੇ ਉੱਡੇ ਪਰਖੱਚੇ

**ਕੌਮੀ ਪਤ੍ਰਿਕਾ**

ਕਰਤਾਰਪੁਰ 8 ਸਤੰਬਰ। ਤੜਕਸਾਰ ਕਰਤਾਰਪੁਰ-ਦਿਆਲਪੁਰ ਜੀ. ਟੀ. ਰੋਡ ਨੇੜੇ ਆਪਣਾ ਫਾਰਮ ਅੰਮ੍ਰਿਤਸਰ ਵੱਲ ਜਾ ਰਹੇ ਸਰੀਏ ਨਾਲ ਭਰੇ 16 ਟਾਇਰੀ ਟਰੱਕ ਦੀ ਅਚਾਨਕ ਬਰੇਕ ਲੱਗਣ ਕਾਰਨ ਪਿਛਿਓਂ ਆ ਰਹੀ ਬਲੀਨੋ ਕਾਰ ਸਰੀਏ ਨਾਲ ਲੱਦੇ ਟਰੱਕ ਦੇ ਪਿੱਛੇ ਵੱਜੀ, ਜਿਸ ਨਾਲ ਕਾਰ ਦੇ ਡਰਾਈਵਰ ਸੀਟ ਅਤੇ ਨਾਲ ਦੀ ਸੀਟ 'ਤੇ ਬੈਠੇ ਦੋਵੇ ਨੌਜਵਾਨਾਂ ਦੇ ਲੋਹੇ ਦੇ ਸਰੀਏ ਆਰ ਪਾਰ ਹੋਣ ਕਾਰਨ ਮੌਕੇ 'ਤੇ ਮੌਤ ਹੋ ਗਈ ਜਦਕਿ ਕਾਰ ਦੀ ਪਿਛਲੀ ਸੀਟ 'ਤੇ ਬੈਠੇ ਤਿੰਨ ਨੌਜਵਾਨਾਂ ਦੀ ਵੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਜ਼ਖ਼ਮੀਆਂ ਨੂੰ ਅੰਮ੍ਰਿਤਸਰ ਦੇ ਕਿਸੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਇਸ ਹਾਦਸੇ ਸੰਬਧੀ ਪੁਲਸ ਨੂੰ ਅਨਿਲ ਕੁਮਾਰ ਪੱਤਰ ਸੁਰਿੰਦਰ ਕੁਮਾਰ ਵਾਸੀ ਏਕਤਾ ਨਗਰ ਥਾਣਾ ਡਿਵੀਜ਼ਨ ਨੰਬਰ ਬੀ ਅੰਮ੍ਰਿਤਸਰ ਨੇ ਜਾਣਕਾਰੀ ਦਿੰਦੇ ਦਸਿਆ ਕਿ ਉਸ ਦਾ ਪੁਤੱਰ ਚਾਂਦ (22) ਸਾਲ ਕਾਰ ਨੰ ਐੱਚ. ਆਰ-14-ਟੀ-1034 ਬਲੀਨੋ ਕਾਰ 'ਤੇ ਆਪਣੇ ਦੋਸਤ ਨਿਖਿਲ ਪੁੱਤਰ ਸੁਦੇਸ਼ ਕੁਮਾਰ ਵਾਸੀ 88 ਫੁਟੀਆਂ ਮਜੀਠਾ ਰੋਡ ਸਰਦਾਰ ਦੀ ਡਾਇਰੀ ਵਾਲੀ ਗਲੀ ਅੰਮ੍ਰਿਤਸਰ ਸ਼ੁਭਮ ਪੁੱਤਰ ਸੋਹਣ ਲਾਲ ਅਤੇ ਅਮਰੀਕ ਸਿੰਘ ਉਰਫ਼ ਕੋਹਲੀ ਪੁੱਤਰ ਮੱਖਣ ਸਿੰਘ ਦੋਵੇਂ ਵਾਸੀ ਮੁਹੱਲਾ ਏਕਤਾ ਨਗਰ ਅੰਮ੍ਰਿਤਸਰ ਅਤੇ ਰੁਦਰ ਮਹਾਜਨ ਪੁੱਤਰ ਰਾਕੇਸ਼ ਕੁਮਾਰ ਵਾਸੀ ਇਸਲਾਮਾਬਾਦ ਅੰਮ੍ਰਿਤਸਰ ਘਰ ਇਹ ਕਹਿ ਕੇ ਗਏ ਸਨ ਕਿ ਉਹ ਜਲੰਧਰ ਸ਼ਕਤੀ ਨਗਰ ਵਿਖੇ ਵਾਲਮੀਕਿ ਚੌਂਕ ਆਸ਼ਰਮ ਵਿਖੇ ਧਾਰਿਮਕ ਪ੍ਰੋਗਰਾਮ ਵਿਚ ਜਾ ਰਹੇ ਹਾਂ। ਅੱਜ ਸਵੇਰੇ ਇਨ੍ਹਾਂ ਵਿੱਚੋਂ ਇਕ ਦੋਸਤ ਰੁਦਰ ਨੇ ਮੈਨੂੰ ਫੋਨ ਕਰਕੇ ਦੱਸਿਆ ਕਿ ਕਰਤਾਰਪੁਰ ਨੇੜੇ ਟਰੱਕ ਨੰਬਰੀ ਪੀ. ਬੀ-13-ਵੀ-7311 16 ਟਾਇਰੀ ਟਰੱਕ ਜਿਸ ਵਿਚ ਸਰੀਆ ਭਰਿਆ ਹੋਇਆ ਸੀ ਅਤੇ ਟਰੱਕ ਦੇ ਡਰਾਈਵਰ ਨੇ ਅਚਾਨਕ ਬਰੇਕ ਲਗਾ ਦਿੱਤੀ, ਜਿਸ ਕਾਰਨ ਉਨ੍ਹਾਂ ਦੀ ਕਾਰ ਟਰੱਕ ਉਕਤ ਨਾਲ ਪਿਛਲੇ ਪਾਸੇ ਤੋਂ ਟਕਰਾ ਗਈ ਹੈ। ਹਾਦਸੇ ਵਿਚ ਚਾਂਦ ਅਤੇ ਨਿਖਿਲ ਦੇ ਟਰੱਕ ਵਿਚ ਲੱਧੇ ਸਰੀਏ ਵੱਜਣ ਕਰਕੇ ਮੌਕੇ 'ਤੇ ਮੌਤ ਹੋ ਗਈ ਹੈ ਅਤੇ ਸ਼ੁਭਮ ਅਤੇ ਅਮਰੀਕ ਸਿੰਘ ਕੋਹਲੀ ਗੰਭੀਰ ਜ਼ਖ਼ਮੀ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਉਹ ਆਪਣੇ ਭਰਾ ਲਵ ਪੁੱਤਰ ਹਿੰਦਰਾਜ ਵਾਸੀ ਘਿਓ ਮੰਡੀ ਅੰਮ੍ਰਿਤਸਰ ਨਾਲ ਲੈ ਕੇ ਮੌਕੇ ਪੁੱਜੇ, ਜਿੱਥੇ ਵੇਖਿਆ ਕਿ ਮੇਰੇ ਲੜਕੇ ਚਾਂਦ ਅਤੇ ਨਿਖਿਲ ਦੇ ਸਰੀਰ ਦੇ ਲੋਹੇ ਦੇ ਸਰੀਏ ਆਰ ਪਾਰ ਹੋਏ ਸਨ। ਚਾਂਦ ਦੀ ਲਾਸ਼ ਡਰਾਈਵਰ ਸੀਟ 'ਤੇ ਪਈ ਹੋਈ ਸੀ ਅਤੇ ਨਿਖਿਲ ਦੀ ਲਾਸ਼ ਨਾਲ ਦੀ ਸੀਟ 'ਤੇ ਪਈ ਹੋਈ ਸੀ ਅਤੇ ਸ਼ੁਭਮ ਅਤੇ ਅਮਰੀਕ ਸਿੰਘ ਉਰਫ਼ ਕੋਹਲ ਦੇ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਕਾਰ ਪੂਰੀ ਤਰਾਂ ਨੁਕਸਾਨੀ ਗਈ ਸੀ। ਮੌਤੇ 'ਤੇ ਪੁੱਜੀ ਪੁਲਸ ਨੇ ਦੱਸਿਆ ਕਿ ਟਰੱਕ ਮੰਡੀ ਗੋਬਿੰਦਗੜ ਤੋਂ ਅੰਮ੍ਰਿਤਸਰ ਵੱਲ ਜਾ ਰਿਹਾ ਸੀ ਅਤੇ ਇਸ ਨੂੰ ਡਰਾਈਵਰ ਮਨਜੀਤ ਸਿੰਘ ਚਲਾ ਰਿਹਾ ਸੀ, ਜੋਕਿ ਮੌਕੇ ਤੋਂ ਫਰਾਰ ਦੱਸਿਆ ਜਾ ਰਿਹਾ ਹੈ। ਹਾਦਸੇ ਵਿੱਚ ਗੰਭੀਰ ਜ਼ਖ਼ਮੀ ਸ਼ੁਭਮ ਅਤੇ ਅਮਰੀਕ ਸਿੰਘ ਉਰਫ਼ ਕੋਹਲੀ ਬੜੀ ਮੁਸ਼ਿਕਲ ਨਾਲ ਕਾਰ ਵਿੱਚੋਂ ਜ਼ਖ਼ਮੀ ਹਾਲਤ ਵਿਚ ਕੱਢ ਕੇ ਸਿਵਲ ਹਸਪਤਾਲ ਕਰਤਾਰਪੁਰ ਵਿਖੇ ਭੇਜਿਆ ਗਿਆ, ਜਿੱਥੋ ਉਨ੍ਹਾਂ ਨੂੰ ਪਰਿਵਾਰਕ ਮੈਂਬਰ ਅੰਮ੍ਰਿਤਸਰ ਲੈ ਗਏ ਹਨ ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਬੀ. ਐੱਨ. ਐੱਸ. ਧਾਰਾ 106,281,125,324 ਅਧੀਨ ਮਾਮਲਾ ਦਰਜ ਕਰ ਲਿਆ ਹੈ।

## ਘਰਵਾਲੀ ਨਾਲ ਫ਼ੋਨ 'ਤੇ ਹੋਈ ਲੜਾਈ ਤਾਂ ਬੰਦੇ ਨੇ ਕਰ'ਤਾ ਖ਼ੌਫ਼ਨਾਕ ਕਾਰਾ !

ਸ਼ਿਮਲਾ 8 ਸਤੰਬਰ। ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ 'ਚ ਇਕ ਵਿਅਕਤੀ ਨੇ ਪਤਨੀ ਨਾਲ ਫੋਨ 'ਤੇ ਬਹਿਸ ਹੋਣ ਤੋਂ ਬਾਅਦ ਆਪਣੇ 6 ਸਾਲਾ ਬੇਟੇ ਨੂੰ ਰਾਵੀ ਨਦੀ 'ਚ ਸੁੱਟ ਦਿੱਤਾ ਅਤੇ ਬਾਅਦ 'ਚ ਪੁਲਸ ਦੇ ਸਾਹਮਣੇ ਸਰੰਡਰ ਕਰ ਦਿੱਤਾ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਦੋਸ਼ੀ ਦੀ ਪਛਾਣ ਹਿਤੇਸ਼ ਕੁਮਾਰ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਉਸ ਦੀ ਪਤਨੀ ਪਿਛਲੇ ਇਕ ਮਹੀਨੇ ਤੋਂ ਅੰਮ੍ਰਿਤਸਰ 'ਚ ਆਪਣੇ ਪੇਕੇ 'ਚ ਆਪਣੇ ਛੋਟੇ ਬੇਟੇ ਨਾਲ ਰਹਿ ਸੀ, ਜਦੋਂ ਕਿ 6 ਸਾਲ ਦਾ ਬੇਟਾ ਆਪਣੇ ਪਿਤਾ ਨਾਲ ਰਹਿ ਰਿਹਾ ਸੀ। ਪੁਲਸ ਨੇ ਦੱਸਿਆ ਕਿ ਕੁਮਾਰ ਦੀ ਆਪਣੀ ਪਤਨੀ ਨਾਲ ਫੋਨ 'ਤੇ ਬਹਿਸ ਹੋਈ ਸੀ, ਜਿਸ ਤੋਂ ਬਾਅਦ ਉਹ ਸੋਮਵਾਰ ਰਾਤ ਆਪਣੇ ਬੇਟੇ ਗਗਨਦੀਪ ਨੂੰ ਪਾਰੇਲ ਪੁਲ 'ਤੇ ਲੈ ਗਿਆ ਅਤੇ ਨਦੀ 'ਚ ਸੁੱਟ ਦਿੱਤਾ। ਮੰਗਲਵਾਰ ਸੇਵੇਰ ਕੁਮਾਰ ਨੇ ਪੁਲਸ ਹੈਲਪਲਾਈਨ 112 'ਤੇ ਫੋਨ ਕਰ ਕੇ ਘਟਨਾ ਦੀ ਜਾਣਕਾਰੀ ਦਿੱਤੀ। ਪੁਲਸ ਨੇ ਸ਼ੁਰੂ 'ਚ ਉਸ ਦੇ ਦਾਅਵੇ 'ਤੇ ਸ਼ੱਕ ਕੀਤਾ ਪਰ ਹਾਦਸੇ ਵਾਲੀ ਜਗ?ਹਾ ਜਾ ਕੇ ਜਾਂਚ ਕਰਨ ਤੋਂ ਬਾਅਦ ਪਾਇਆ ਕਿ ਬੱਚਾ ਉਸ ਕਿਸਾਏ ਦੇ ਮਕਾਨ ਤੋਂ ਗਾਇਬ ਸੀ, ਜਿੱਥੋਂ ਉਹ ਰਹਿ ਰਿਹਾ ਸੀ। ਇਸ ਤੋਂ ਬਾਅਦ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਨਦੀ 'ਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਹਾਲਾਂਕਿ ਤੇਜ਼ ਵਹਾਅ ਅਤੇ ਪਾਣੀ ਦਾ ਪੱਧਰ ਜ਼ਿਆਦਾ ਹੋਣ ਕਾਰਨ ਮੁਹਿੰਮ 'ਚ ਰੁਕਾਵਟ ਆਈ। ਵਧੀਕ ਪੁਲਸ ਸੁਪਰਡੈਂਟ ਦਿਨੇਸ਼ ਸ਼ਰਮਾ ਨੇ ਕਿਹਾ ਕਿ ਨਦੀ 'ਚ ਸੰਭਾਵਿਤ ਥਾਵਾਂ ਦੀ ਤਲਾਸ਼ੀ ਲਈ ਜਾ ਰਹੀ ਸੀ ਪਰ ਅਜੇ ਤੱਕ ਬੱਚੇ ਦਾ ਪਤਾ ਨਹੀਂ ਲੱਗ ਸਕਿਆ ਹੈ। ਪੁਲਸ ਨੇ ਪਤਨੀ ਦਾ ਮੋਬਾਈਲ ਫੋਨ ਜ਼ਬਤ ਕਰ ਲਿਆ ਹੈ ਅਤੇ ਉਸ ਤੋਂ ਪੁੱਛ-ਗਿੱਛ ਕਰ ਰਹੀ ਹੈ। ਪੁਲਸ ਨੇ ਦੱਸਿਆ ਕਿ ਜਾਂਚਕਰਤਾ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਕਿ ਘਟਨਾ ਤੋਂ ਪਹਿਲਾਂ ਜੋੜੇ ਵਿਚਾਲੇ ਕੀ ਹੋਇਆ ਸੀ।

## 17 ਸਾਲਾ ਮੁੰਡੇ ਨੇ ਫਾਹਾ ਲੈ ਕੇ ਕੀਤੀ ਖੁਦਕੁਸ਼ੀ

ਜੈਤੋ 8 ਸਤੰਬਰ। ਅੱਜ ਦੁਪਹਿਰ ਕਰੀਬ 1 ਵਜੇ ਡਾਕਟਰ ਅੰਬੇਡਕਰ ਨਗਰ ਜੈਤੋ ਵਿਖੇ ਇਕ ਘਰ ਵਿਚ 17 ਸਾਲਾਂ ਨੌਜਵਾਨ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਣ ਦੀ ਸੂਚਨਾ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਡਾਕਟਰ ਅੰਬੇਡਕਰ ਨਗਰ 'ਚੋਂ ਹੀ ਕਿਸੇ ਵਿਅਕਤੀ ਨੇ ਜੈਤੋ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਸਹਾਰਾ ਕਲੱਬ ਦੇ ਐਮਰਜੰਸੀ ਫੋਨ ਨੰਬਰ 'ਤੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਡਾਕਟਰ ਅੰਬੇਡਕਰ ਨਗਰ ਵਿਚ ਹੀ ਇਕ ਘਰ ਵਿਚ ਇਕ ਨੌਜਵਾਨ ਨੇ ਫਾਹਾ ਲੈ ਲਿਆ ਹੈ। ਇਹ ਸੂਚਨਾ ਮਿਲਦੇ ਹੀ ਸਹਾਰਾ ਕਲੱਬ ਦੇ ਪ੍ਰਧਾਨ ਪ੍ਰਵੀਨ ਸਿੰਘਲਾ ਪਾਇਲਟ ਸਵਰਨ ਸਿੰਘ ਮੈਂਬਰ ਦੀਪਕ ਸਿੰਘਲਾ ਅਤੇ ਲਲਿਤ ਕੁਮਾਰ ਤੁਰੰਤ ਡਾਕਟਰ ਅੰਬੇਡਕਰ ਨਗਰ ਵਿਖੇ ਉਨ੍ਹਾਂ ਦੇ ਘਰ ਪਹੁੰਚੇ। ਸਥਿਤੀ ਨੂੰ ਦੇਖਦੇ ਹੋਏ ਸਹਾਰਾ ਟੀਮ ਦੇ ਪ੍ਰਧਾਨ ਵੱਲੋਂ ਇਸ ਘਟਨਾ ਸਬੰਧੀ, ਪੁਲਸ ਥਾਣਾ ਜੈਤੋ ਵਿਖੇ ਜਾਣਕਾਰੀ ਦਿੱਤੀ ਗਈ। ਥਾਣਾ ਜੈਤੋ ਦੇ ਮੁਖੀ ਦੀ ਮੌਜੂਦਗੀ ਹੇਠ ਛੱਤ ਤੇ ਲੋਹੇ ਦੇ ਗਾਡਰ ਨਾਲ ਡਰ ਰੱਸੀ ਪਾ ਕੇ ਲਮਕ ਰਹੇ ਨੌਜਵਾਨ ਨੂੰ ਹੇਠਾਂ ਉਤਾਰਿਆ ਅਤੇ ਤੁਰੰਤ ਸਿਵਲ ਹਸਪਤਾਲ ਜੈਤੋ ਵਿਖੇ ਲਿਜਾਇਆ ਗਿਆ। ਹਸਪਤਾਲ ਵਿਚ ਮੌਜੂਦ ਡਾਕਟਰਾਂ ਦੀ ਟੀਮ ਵੱਲੋਂ ਇਸ ਨੌਜਵਾਨ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਬਾਅਦ 'ਚ ਉਸ ਦੀ ਡੈਡ ਬਾਡੀ ਮੋਰਚਰੀ ਵਿਚ ਰੱਖ ਦਿੱਤੀ ਗਈ। ਪੁਲਸ ਅਗਲੀ ਕਾਰਵਾਈ ਕਰ ਰਹੀ ਹੈ। ਫਾਹਾ ਲੈ ਕੇ ਮਰਨ ਵਾਲੇ ਨੌਜਵਾਨ ਦੀ ਪਹਿਚਾਣ ਗੁਰਦਿੱਤ ਸਿੰਘ (17) ਸਪੁੱਤਰ ਸੁਖਵਿੰਦਰ ਸਿੰਘ ਵਾਸੀ ਅੰਬੇਡਕਰ ਨਗਰ ਜੈਤੋ ਵਜੋਂ ਹੋਈ।

## ਪੰਜਾਬ 'ਚ ਹੋ ਜਾਣੀ ਸੀ ਵੱਡੀ ਡਕੈਤੀ, ਪੁਲਸ ਨੇ ਐਨ ਮੌਕੇ ਪਾ'ਤੀ ਵੱਡੀ ਕਾਰਵਾਈ

**ਕੌਮੀ ਪਤ੍ਰਿਕਾ**

ਗੁਰਦਾਸਪੁਰ, 8 ਸਤੰਬਰ। ਜ਼ਿਲ੍ਹਾ ਗੁਰਦਾਸਪੁਰ ਦੇ ਥਾਣਾ ਦੀਨਾਨਗਰ ਦੀ ਪੁਲਸ ਵੱਲੋਂ ਨਸ਼ਾ ਤਸਕਰੀ ਅਤੇ ਗੈਰ-ਕਾਨੂੰਨੀ ਹਥਿਆਰਾਂ ਖ਼?ਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਵੱਡੀ ਕਾਰਵਾਈ ਕਰਦਿਆਂ ਡਕੈਤੀ ਦੀ ਯੋਜਨਾ ਨੂੰ ਨਕਾਮ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ ਅਤੇ 6 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 02 ਪਿਸਟਲ .30 ਬੋਰ ਸਮੇਤ ਮੈਗਜ਼ੀਨ ਅਤੇ 9 ਜਿੰਦਾ ਰੌਂਦ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਪੁਲਿਸ ਵੱਲੋਂ ਇੱਕ ਕਿਰਪਾਨ ਅਤੇ 3 ਦਾਤਰ ਵੀ ਬਰਾਮਦ ਕਰਨ ਦੀ ਜਾਣਕਾਰੀ ਦਿੱਤੀ ਗਈ ਹੈ। ਪੁਲਸ ਅਨੁਸਾਰ ਇਹ ਕਾਰਵਾਈ ਮਾਣਯੋਗ ਡੀਆਈਜੀ ਬਾਰਡਰ ਰੇਂਜ ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਤੇ ਐੱਸਐੱਸਪੀ ਸ਼ੈਡ ਨਜ਼ਦੀਕ ਇੱਕ ਕਾਰ ਨੰਬਰ 54 2 3888 'ਚ ਸਵਾਰ ਵਿਅਕਤੀ



ਗੁਰਦਾਸਪੁਰ ਅਦਿੱਤਿਆ ਦੀ ਅਗਵਾਈ ਹੇਠ ਕੀਤੀ ਗਈ। ਇਸ ਸਬੰਧੀ ਪ੍ਰੈਸ ਕਾਨਫਰੰਸ ਦੌਰਾਨ ਐਸ.ਪੀ. ਡੀ ਮਨੋਜ ਕੁਮਾਰ ਨੇ ਦੱਸਿਆ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਦਾਣਾ ਮੰਡੀ ਪਨਿਆੜ ਵਿੱਚ ਬਣੀ ਸੀਮੇਂਟ ਦੀ ਵੱਲੋਂ ਡਕੈਤੀ ਦੀ ਯੋਜਨਾ ਬਣਾਈ ਜਾ ਰਹੀ ਸੀ, ਜਿਸਨੂੰ ਗੁਪਤ ਸੂਚਨਾ ਦੇ ਆਧਾਰ 'ਤੇ ਪੁਲਸ ਪਾਰਟੀ ਨੇ ਕਾਰਵਾਈ ਕਰਦਿਆਂ ਕਾਰ ਵਿਚ ਸਵਾਰ 6 ਵਿਅਕਤੀਆਂ ਨੂੰ ਕਾਬੂ ਕਰ ਲਿਆ। ਪੁਲਸ ਵੱਲੋਂ ਕਾਬੂ ਕੀਤੇ ਵਿਅਕਤੀਆਂ ਦੀ ਪਛਾਣ ਦੀਪਕ ਮਲਹੋਤਰਾ ਉਰਫ਼ ਵਾਸੀ ਢਾਕੀ ਰੋਡ ਪਠਾਨਕੋਟ,ਸ਼ੇਰਪ੍ਰੀਤ ਸਿੰਘ ਉਰਫ਼ ਗੁਲਾਬਾ, ਵਾਸੀ ਦਸਮੇਸ਼ ਨਗਰ ਅੰਮ੍ਰਿਤਸਰ, ਪੰਕਜ ਸ਼ਰਮਾ ਉਰਫ਼ ਕਾਕਾ, ਵਾਸੀ ਦੀਨਾਨਗਰ, ਰਾਹੁਲ ਕੁਮਾਰ ਉਰਫ਼ ਰੋਟਾ, ਵਾਸੀ ਹੈ ਹੈਬਤਪਿੰਡੀ ਪਠਾਨਕੋਟ, ਸਾਹਿਲ ਸੈਣੀ ਗੱਜੂ ਜਗੀਰ ਤਾਰਾਗੜ ਅਤੇ ਮੰਨੀ ਉਰਫ ਰਾਜਾ ਵਾਸੀ ਨਵਾਂ ਪਿੰਡ ਬਹਾਦਰ ਵਜੋਂ ਦੱਸੀ ਗਈ ਹੈ। ਪੁਲਸ ਜਾਂਚ ਮੁਤਾਬਕ ਇਨ੍ਹਾਂ ਵਿੱਚੋਂ ਕੁਝ ਮੁਲਜ਼ਮਾਂ ਖ਼?ਲਾਫ਼ ਪਹਿਲਾਂ ਵੀ ਐਕਟ ਅਤੇ ਹੋਰ ਧਾਰਾਵਾਂ ਤਹਿਤ ਮਾਮਲੇ ਦਰਜ ਹਨ। ਪੁਲਸ ਨੇ ਬਰਾਮਦ ਹਥਿਆਰਾਂ ਅਤੇ ਹੋਰ ਸਾਮਾਨ ਨੂੰ ਕਬਜ਼ੇ ਵਿੱਚ ਲੈ ਕੇ ਮਾਮਲਾ ਦਰਜ ਕਰ ਲਿਆ ਹੈ। ਦੋਸ਼ੀਆਂ ਖ਼?ਲਾਫ਼ ਮੁਕੱਦਮਾ ਨੰਬਰ 243 ਮਿਤੀ 20.08.2026 ਤਹਿਤ ਦੀਆਂ ਧਾਰਾਵਾਂ 310(4), 310(5) ਅਤੇ 25-54-59 ਸਮੇਤ ਐਕਟ ਦੀਆਂ ਧਾਰਾਵਾਂ ਅਧੀਨ ਕਾਰਵਾਈ ਕੀਤੀ ਗਈ ਹੈ। ਪੁਲਿਸ ਵੱਲੋਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਅਗਲੇਰੀ ਪੁੱਛਗਿੱਛ ਕੀਤੀ ਜਾ ਰਹੀ ਹੈ।

## ਕਤਲ ਦੀ ਨੀਅਤ ਨਾਲ ਨੌਜਵਾਨ 'ਤੇ ਚਲਾਈਆਂ ਗੋਲੀਆਂ

ਅੰਮ੍ਰਿਤਸਰ 8 ਸਤੰਬਰ। ਕਤਲ ਦੀ ਨੀਅਤ ਨਾਲ ਨੌਜਵਾਨ 'ਤੇ ਗੋਲੀਆਂ ਚਲਾਉਣ ਦੇ ਮਾਮਲੇ ਵਿਚ ਥਾਣਾ ਮੱਤੇਵਾਲ ਦੀ ਪੁਲਸ ਨੇ ਗੁਰਵਿੰਦਰ ਸਿੰਘ, ਹਰਮਨ ਸਿੰਘ, ਕਰਮ ਸਿੰਘ, ਗੁਰਜੀਤ ਕੌਰ ਅਤੇ ਹਰਜੋਤ ਕੌਰ ਖ਼?ਲਾਫ਼ ਕੇਸ ਦਰਜ ਕੀਤਾ ਹੈ। ਸੁਖਦੇਵ ਸਿੰਘ ਨੇ ਦੱਸਿਆ ਕਿ ਉਸ ਦੇ ਦੋਵੇਂ ਲੜਕੇ ਹਵੇਲੀ ਦੇ ਬਾਹਰ ਖੜ੍ਹੇ ਸਨ ਕਿ ਇੰਨੇ ਵਿਚ ਮੋਟਰਸਾਈਕਲ 'ਤੇ ਸਵਾਰ ਮੁਲਜ਼ਮ ਆਏ ਅਤੇ ਉਸ ਦੇ ਦੋਵਾਂ ਲੜਕਿਆਂ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਉਨ੍ਹਾਂ 'ਤੇ ਗੋਲੀਆਂ ਚਲਾਉਣ ਲੱਗੇ। ਇਸ ਦੌਰਾਨ ਦੋ ਗੋਲੀਆਂ ਉਸ ਦੇ ਲੜਕੇ ਗੁਰਵਿੰਦਰ ਸਿੰਘ ਨੂੰ ਲੱਗੀਆਂ ਅਤੇ ਉਹ ਜ਼ਖ਼ਮੀ ਹੋ ਗਿਆ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੁਲਸ ਵੱਲੋਂ ਐਨਕਾਊਂਟਰ ਕੀਤੇ ਵਿੱਕੀ ਨਿਹੰਗ ਨੂੰ ਲੈ ਕੇ ਸਨਸਨੀਖੇਜ਼ ਖੁਲਾਸੇ

**ਕੌਮੀ ਪਤ੍ਰਿਕਾ**

ਲੁਧਿਆਣਾ 8 ਸਤੰਬਰ। ਕਾਰਤਿਕ ਬੱਗਨ ਕਤਲ ਕਾਂਡ 'ਚ ਫੜੇ ਗਏ ਮੁਲਜ਼ਮ ਗੁਰਪ੍ਰੀਤ ਸਿੰਘ ਉਰਫ਼ ਵਿੱਕੀ ਨਿਹੰਗ ਕਤਲ ਤੋਂ ਬਾਅਦ ਪੁਲਸ ਨੂੰ ਲੋੜੀਂਦਾ ਸੀ। ਉਸ ਨੇ ਪੁਲਸ ਨੂੰ ਚਕਮਾ ਦੇਣ ਲਈ ਖੁਦ ਦਾ ਹੁਲੀਆ ਹੀ ਬਦਲ ਲਿਆ ਸੀ। ਖੁਦ ਨੂੰ ਨਿਹੰਗ ਕਹਿਣ ਵਾਲੇ ਗੁਰਪ੍ਰੀਤ ਨੇ ਆਪਣਾ ਧਰਮ ਛੱਡ ਦਿੱਤਾ ਅਤੇ ਗੁਰੂ ਦੇ ਪਵਿੱਤਰ ਬਾਣੇ ਅਤੇ ਪੱਗੜੀ ਨੂੰ ਵੀ ਉਤਾਰ ਦਿੱਤਾ ਸੀ। ਇਸ ਦੇ ਨਾਲ ਹੀ ਸਿਰ ਦੇ ਕੇਸ ਅਤੇ ਦਾੜ੍ਹੀ ਵੀ ਕਟਵਾ ਦਿੱਤੀ। ਦਾੜ੍ਹੀ ਨੂੰ ਟ੍ਰਿਮ ਕਰਵਾ ਕੇ ਸਟਾਈਲਿਸਟ ਬਣਾ ਲਈ, ਤਾਂ ਜੋ ਉਸ ਦੀ ਪਛਾਣ ਕੋਈ ਨਾ ਕਰ ਸਕੇ ਪਰ ਪੁਲਸ ਨੇ ਤੇਜ਼ ਨਜ਼ਰ ਨਾਲ ਗੁਰਪ੍ਰੀਤ ਨਹੀਂ ਬਚ ਸਕਿਆ, ਜਦ ਉਹ ਸਿੱਧਵਾਂ ਬੇਟ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ 'ਚ ਲੁਕਿਆ ਹੋਇਆ ਸੀ। ਜਦ ਏ. ਜੀ. ਟੀ. ਐੱਫ. ਦੀ ਟੀਮ ਉਸ ਨੂੰ ਫੜਨ ਲਈ ਪਹੁੰਚੀ ਤਾਂ ਉਸ ਨੇ ਪੁਲਸ 'ਤੇ ਫਾਇਰਿੰਗ ਕੀਤੀ, ਜਵਾਬੀ ਫਾਇਰਿੰਗ 'ਚ ਉਸ ਦੇ ਪੈਰ 'ਚ ਗੋਲੀ ਲੱਗੀ ਸੀ, ਜਿਸ ਤੋਂ ਬਾਅਦ ਪੁਲਸ ਨੇ ਉਸ ਨੂੰ ਦਬੋਚ ਲਿਆ ਸੀ। ਹਾਲਾਂਕਿ ਹੁਣ ਲੁਧਿਆਣਾ ਦੇ ਸਿਵਲ ਹਸਪਤਾਲ 'ਚ ਉਸ ਦਾ ਇਲਾਜ ਚੱਲ ਰਿਹਾ ਹੈ। ਦਰਅਸਲ, 23 ਅਗਸਤ ਨੂੰ ਵਿੱਕੀ ਨਿਹੰਗ ਨੇ ਆਪਣੇ 2 ਸਾਥੀਆਂ ਨਾਲ ਮਿਲ ਕੇ ਕਾਰਤਿਕ ਬੱਗਨ ਨਾਂ ਦੇ ਨੌਜਵਾਨ ਨੂੰ ਘਾਟੀ ਮੁਹੱਲੇ ਨੇੜੇ ਗੋਲੀ ਮਾਰ ਦਿੱਤੀ ਸੀ। ਮੁਲਜ਼ਮ ਨੇ ਨੌਜਵਾਨ ਦੇ 4 ਗੋਲੀਆਂ ਮਾਰੀਆਂ ਸਨ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਕਮਿਸ਼ਨਰੇਟ ਪੁਲਸ ਨੇ ਮਾਮਲਾ ਦਰਜ ਕਰ ਕੇ ਮੁਲਜ਼ਮਾਂ ਦੀ ਭਾਲ 'ਚ ਛਾਪੇਮਾਰੀ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਬਾਅਦ ਪੁਲਸ ਨੇ ਮੁਲਜ਼ਮ ਅਮਨਦੀਪ ਸਿੰਘ ਉਰਫ਼ ਸ਼ੈਮ ਅਤੇ ਸਾਹਿਬ ਨੂੰ ਮਹਾਰਾਸ਼ਟਰ ਦੇ ਹਜ਼ੂਰ ਸਾਹਿਬ ਤੋਂ ਕਾਬੂ ਕਰ ਲਿਆ ਸੀ ਪਰ ਗੁਰਪ੍ਰੀਤ ਸਿੰਘ ਉਰਫ਼ ਵਿੱਕੀ ਨਿਹੰਗ ਪੁਲਸ ਦੇ ਹੱਥੇ ਨਹੀਂ ਚੜ੍ਹਿਆ ਸੀ। ਪੁਲਸ ਲਗਾਤਾਰ ਉਸ ਦੀ ਭਾਲ ਕਰ ਰਹੀ ਸੀ। ਏ. ਜੀ. ਟੀ. ਐੱਫ. ਦੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਕਤਲ ਕਾਂਡ ਦਾ ਮੁੱਖ ਮੁਲਜ਼ਮ ਗੁਰਪ੍ਰੀਤ ਸਿੰਘ ਉਰਫ਼ ਵਿੱਕੀ ਨਿਹੰਗ ਸਿੱਧਵਾਂ ਬੇਟ ਸਥਿਤ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ 'ਚ ਲੁਕਿਆ ਹੋਇਆ ਹੈ। ਪੁਲਸ ਨੇ ਲੋਕਲ ਪੁਲਸ ਨੂੰ ਨਾਲ ਲਿਆ ਅਤੇ ਮੁਲਜ਼ਮ ਦੇ ਟਿਕਾਣੇ 'ਤੇ ਪਹੁੰਚ ਗਈ, ਜਿਥੇ ਮੁਲਜ਼ਮ ਨੇ ਪੁਲਸ ਨੂੰ ਦੇਖ ਕੇ ਅਚਾਨਕ ਫਾਇਰਿੰਗ ਕਰ ਦਿੱਤੀ ਸੀ। ਪੁਲਸ ਨੇ ਵੀ ਜਵਾਬੀ ਕਾਰਵਾਈ ਕੀਤੀ ਅਤੇ ਗੋਲੀ ਚਲਾਈ, ਜਿਸ ਤੋਂ ਬਾਅਦ ਗੋਲੀ ਗੁਰਪ੍ਰੀਤ ਦੇ ਪੈਰ 'ਤੇ ਲੱਗੀ ਅਤੇ ਪੁਲਸ ਨੇ ਪਿੱਛਾ ਕਰ ਕੇ ਉਸ ਨੂੰ ਫੜ ਲਿਆ ਸੀ ਪਰ ਗੁਰਪ੍ਰੀਤ ਦਾ ਹੁਲੀਆ ਦੇਖ ਕੇ ਪੁਲਸ ਵੀ ਪਹਿਲਾਂ ਹੈਰਾਨ ਹੋ ਗਈ ਸੀ ਕਿ ਪੁਲਸ ਨੂੰ ਸ਼ੱਕ ਹੋਣ ਲੱਗਾ ਸੀ ਕਿ ਕਿਤੇ ਕੋਈ ਹੋਰ ਨੌਜਵਾਨ ਤਾਂ ਨਹੀਂ। ਫਿਰ ਉਸ ਦੀ ਪਛਾਣ ਹੋ ਗਈ ਸੀ ਕਿ ਮੁਲਜ਼ਮ ਨੇ ਪੁਲਸ ਤੋਂ ਬਚਣ ਲਈ ਹੀ ਆਪਣੇ ਹੁਲੀਆ ਬਦਲਿਆ ਹੈ ਅਤੇ ਕੇਸ ਅਤੇ ਦਾੜ੍ਹੀ ਕਟਵਾ ਲਈ ਸੀ। ਪੁਲਸ ਰਿਕਾਰਡ ਅਨੁਸਾਰ ਵਿੱਕੀ ਨਿਹੰਗ ਨੂੰ ਜਨਵਰੀ 2025 'ਚ ਮੋਹਾਲੀ ਤੋਂ 2 ਨਾਜਾਇਜ਼ ਪਿਸਤੌਲਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਉਹ ਵਿਦੇਸ਼ 'ਚ ਬੈਠੇ ਹੈਂਡਲ ਤੋਂ ਟਾਰਗੇਟ ਲੈ ਕੇ ਪੰਜਾਬ ਵਿਚ ਵਾਰਦਾਤਾਂ ਕਰਦਾ ਸੀ। ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਸ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਸ ਨੂੰ ਉਮੀਦ ਹੈ ਕਿ ਇਸ ਕਤਲ ਕਾਂਡ ਤੋਂ ਪੂਰੀ ਸਾਜ਼ਿਸ਼ ਦਾ ਪਰਦਾਫਾਸ਼ ਜਲਦ ਹੋ ਜਾਵੇਗਾ।

## 2.59 ਕਰੋੜ ਰੁਪਏ ਦੀ ਹੈਰੋਇਨ ਸਮੇਤ ਫੜਿਆ ਸਮੱਗਲਰ

ਫਿਰੋਜ਼ਪੁਰ 8 ਸਤੰਬਰ। ਸੀ. ਆਈ. ਏ. ਸਟਾਫ ਦੀ ਟੀਮ ਨੇ ਸੂਚਨਾ ਦੇ ਆਧਾਰ 'ਤੇ ਨਾਕਾ ਲਗਾ ਕੇ ਇਕ ਸਮੱਗਲਰ ਨੂੰ ਹੈਰੋਇਨ ਸਮੇਤ ਫੜਿਆ ਹੈ। ਐੱਸ. ਆਈ. ਸੁਖਬੀਰ ਸਿੰਘ ਦੇ ਅਨੁਸਾਰ ਉਨ੍ਹਾਂ ਦੀ ਅਗਵਾਈ ਵਿਚ ਟੀਮ ਪਿੰਡ ਨਿਹਾਲੇਵਾਲਾ ਦੇ ਕੋਲ ਗਸ਼ਤ 'ਤੇ ਸੀ ਤਾਂ ਸੂਚਨਾ ਮਿਲੀ ਕਿ ਉਕਤ ਪਿੰਡ ਦਾ ਵਾਸੀ ਜ਼ਿੰਦਰ ਸਿੰਘ ਹੈਰੋਇਨ ਵੇਚਣ ਦਾ ਕੰਮ ਕਰਦਾ ਹੈ ਅਤੇ ਇਸ ਸਮੇਂ ਉਹ ਪਿੰਡ ਦੇ ਕੋਲ ਇੱਟਾਂ ਵਾਲੇ ਭੱਠੇ ਵੱਲ ਆਪਣੇ ਗਾਹਕਾਂ ਨੂੰ ਹੈਰੋਇਨ ਵੇਚਣ ਜਾ ਰਿਹਾ ਹੈ। ਐੱਸ. ਆਈ. ਨੇ ਦੱਸਿਆ ਕਿ ਭੱਠੇ ਦੇ ਕੋਲ ਨਾਕਾ ਲਗਾਇਆ ਹੋਇਆ ਸੀ ਤਾਂ ਮੋਟਰਸਾਈਕਲ 'ਤੇ ਸ਼ੱਕੀ ਹਾਲਤ ਵਿਚ ਆ ਰਹੇ ਉਕਤ ਜ਼ਿੰਦਰ ਸਿੰਘ ਨੂੰ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 518 ਗ੍ਰਾਮ ਹੈਰੋਇਨ ਮਿਲੀ। ਦੋਸ਼ੀ ਖ਼ਿਲਾਫ਼ ਥਾਣਾ ਸਦਰ ਵਿਚ ਐੱਨ. ਡੀ. ਪੀ. ਐੱਸ. ਐਕਟ ਦਾ ਪਰਚਾ ਦਰਜ ਕਰ ਲਿਆ ਗਿਆ ਹੈ। ਐੱਸ. ਆਈ. ਨੇ ਦੱਸਿਆ ਕਿ ਬਰਾਮਦ ਹੈਰੋਇਨ ਦੀ ਕੀਮਤ ਕਰੀਬ 2.59 ਕਰੋੜ ਰੁਪਏ ਦੱਸੀ ਜਾ ਰਹੀ ਹੈ।

## ਟਰੱਕ ਦੀ ਲਪੇਟ 'ਚ ਆਉਣ ਕਾਰਨ ਇਕ ਮੋਟਰਸਾਈਕਲ ਸਵਾਰ ਦੀ ਮੌਤ, ਦੂਜਾ ਗੰਭੀਰ ਜ਼ਖ਼ਮੀ

ਦੀਨਾਨਗਰ 8 ਸਤੰਬਰ। ਦੀਨਾਨਗਰ ਦੇ ਘਰੋਟਾ ਮੋੜ ਹਾਈਵੇ 'ਤੇ ਬਾਈਪਾਸ ਕੱਟ ਨੂੰ ਕਰਾਸ ਕਰਨ ਮੌਕੇ ਤੇਜ਼ ਰਫ਼ਤਾਰ ਆ ਰਹੇ ਟਰੱਕ ਨੇ ਮੋਟਰਸਾਈਕਲ ਸਵਾਰਾਂ ਨੂੰ ਲਪੇਟ ਵਿਚ ਲੈ ਲਿਆ, ਜਿਸ ਦੌਰਾਨ ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨਾਂ ਵਿੱਚੋਂ ਇੱਕ ਦੀ ਇਲਾਜ ਦੌਰਾਨ ਮੌਤ ਹੋਣ ਦੀ ਖਬਰ ਸਾਹਮਣੇ ਆਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀਐੱਸਪੀ ਦੀਨਾਨਗਰ ਰਜਿੰਦਰ ਸਿੰਘ ਮਿਹਨਾਸ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੰਜੀਵ ਸਿੰਘ ਪੁੱਤਰ ਸਰਵਣ ਸਿੰਘ ਵਾਸੀ ਨਾਲਾ ਥਾਣਾ ਸਦਰ ਪਠਾਨਕੋਟ ਨੇ ਦੱਸਿਆ ਹੈ ਕਿ ਉਸ ਦਾ ਭਤੀਜਾ ਬੋਬੀ ਸਲਾਰੀਆ ਪੁੱਤਰ ਕੁਲਦੀਪ ਸਿੰਘ ਉਮਰ 25 ਸਾਲ ਵਾਸੀ ਨਾਲਾ ਆਪਣੇ ਦੋਸਤ ਵਿਕਾਸ ਕੁਮਾਰ ਪੁੱਤਰ ਬਲਰਾਮ ਕੁਮਾਰ ਵਾਸੀ ਝੰਗੀ ਸਰੂਪ ਦਾਸ ਨਾਲ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਦੀਨਾਨਗਰ ਨੂੰ ਨਿੱਜੀ ਕੰਮ ਲਈ ਜਾ ਰਹੇ ਸੀ ਜਦ ਉਹ ਘਰੋਟਾ ਮੋੜ ਹਾਈਵੇ ਦੇ ਬਾਈਪਾਸ 'ਤੇ ਬਣੇ ਕੱਟ ਨੂੰ ਕਰਾਸ ਕਰਨ ਲੱਗਾ ਤਾਂ ਗੁਰਦਾਸਪੁਰ ਸਾਇਡ ਤੋਂ ਇੱਕ ਤੇਜ਼ ਰਫਤਾਰ ਨਾਲ ਆ ਰਹੇ ਟਰੱਕ ਨੇ ਇਨ੍ਹਾਂ ਦੋਵਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ, ਜਿਸ ਕਾਰਨ ਬੋਬੀ ਅਤੇ ਵਿਕਾਸ ਦੇ ਕਾਫੀ ਗੰਭੀਰ ਸੱਟਾਂ ਲੱਗ ਗਈਆਂ। ਦੋਵਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਦਾਖਲ ਕਰਵਾਇਆ ਗਿਆ ਸੀ

# ਨਾਜਾਇਜ਼ ਰੇਤ ਨਾਲ ਭਰੇ ਟਿੱਪਰ ਦਾ ਡਰਾਈਵਰ ਗ੍ਰਿਫ਼ਤਾਰ ! ਮਾਈਨਿੰਗ ਐਕਟ ਦਾ ਕੇਸ ਦਰਜ

ਲੁਧਿਆਣਾ 8 ਸਤੰਬਰ। ਪੁਲਸ ਕਮਿਸ਼ਨਰ ਲੁਧਿਆਣਾ ਸਵਪਨ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਥਾਣਾ ਲਾਡੋਵਾਲ ਦੀ ਪੁਲਸ ਨੇ ਨਾਜਾਇਜ਼ ਮਾਈਨਿੰਗ ਦਾ ਕਾਰੋਬਾਰ ਕਰਨ ਵਾਲੇ ਮਾਫੀਆ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਨਾਜਾਇਜ਼ ਰੇਤ ਨਾਲ ਭਰੇ ਟਿੱਪਰ ਨੂੰ ਕਾਬੂ ਕਰ ਕੇ ਟਿੱਪਰ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਥਾਣਾ ਇੰਚਾਰਜ ਗੁਰਸ਼ਿੰਦਰ ਕੌਰ ਨੇ ਦੱਸਿਆ ਕਿ ਪੁਲਸ ਨੂੰ ਮੁਖ਼ਬਰ ਖਾਸ ਨੇ ਸੂਚਨਾ ਦਿੱਤੀ ਕਿ ਬੁੱਢਾਂ ਰੋਡ ਵਲੋਂ ਇਕ ਟਿੱਪਰ ਚਾਲਕ ਨਾਜਾਇਜ਼ ਰੇਤ ਭਰ ਕੇ ਲੁਧਿਆਣਾ ਵੱਲ ਆ ਰਿਹਾ ਹੈ, ਜਿਸ ਤੋਂ ਬਾਅਦ ਥਾਣਾ ਇੰਚਾਰਜ ਨੇ ਤੁਰੰਤ ਕਾਰਵਾਈ ਕਰਦੇ ਹੋਏ ਮੌਕੇ 'ਤੇ ਥਾਣੇਦਾਰ ਸੁਰਿੰਦਰ ਸਿੰਘ ਦੀ ਪੁਲਸ ਟੀਮ ਨੂੰ ਭੇਜਿਆ ਗਿਆ। ਇਸ ਦੌਰਾਨ ਸਾਹਮਣੇ ਤੋਂ ਇਕ ਰੇਤ ਭਰ ਕੇ ਆ ਰਹੇ ਟਿੱਪਰ ਨੂੰ ਚੈਕਿੰਗ ਲਈ ਰੋਕਿਆ ਗਿਆ। ਜਦ ਪੁਲਸ ਟੀਮ ਨੇ ਉਕਤ ਟਿੱਪਰ ਚਾਲਕ ਤੋਂ ਰੇਤ ਦੀ ਮਾਈਨਿੰਗ ਵਿਭਾਗ ਵਲੋਂ ਜਾਰੀ ਕੀਤੀ ਗਈ ਰਸੀਦ ਦਿਖਾਉਣ ਨੂੰ ਕਿਹਾ ਗਿਆ ਤਾਂ ਉਕਤ ਟਿੱਪਰ ਚਾਲਕ ਨੇ ਕੋਈ ਵੀ ਰਸੀਦ ਪੁਲਸ ਦੇ ਸਾਹਮਣੇ ਪੇਸ਼ ਨਹੀਂ ਕੀਤੀ ਗਈ, ਜਿਸ ਦੇ ਬਾਅਦ ਪੁਲਸ ਟੀਮ ਨੇ ਤੁਰੰਤ ਟਿੱਪਰ ਚਾਲਕ ਨੂੰ ਗ੍ਰਿਫਤਾਰ ਕਰ ਕੇ ਟਿੱਪਰ ਨੂੰ ਕਬਜ਼ੇ 'ਚ ਲੈ ਗਿਆ ਗਿਆ ਹੈ। ਥਾਣਾ ਇੰਚਾਰਜ ਗੁਰਸ਼ਿੰਦਰ ਕੌਰ ਨੇ ਦੱਸਿਆ ਕਿ ਪੁਲਸ ਨੇ ਟਿੱਪਰ ਚਾਲਕ ਡਰਾਈਵਰ ਦੀ ਪਛਾਣ ਅੰਗਰੇਜ਼ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਪਿੰਡ ਚੂਹੜਵਾਲ ਮੇਹਰਬਾਨ ਵਜੋਂ ਕੀਤੀ ਹੈ।


**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose



**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose



**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



**NAME CHANGE**
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

**ਉੱਤਰ ਰੇਲਵੇ**

**ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ **ਉਪ ਮੁੱਖ ਇੰਜੀਨੀਅਰ/ਨਿਰਮਾਣ, ਉਤਰ ਰੇਲਵੇ, ਸ਼ਿਵਾਜੀ ਬ੍ਰਿਜ, ਨਵੀਂ ਦਿੱਲੀ ਸਿੰਗਲ ਪੈਕੇਟ ਪ੍ਰਣਾਲੀ** ਈ-ਨਿਵਿਦਾ ਦੇ ਆਧਾਰ ਤੇ ਹੇਠਾਂ ਲਿਖੇ ਹੋਏ ਕੰਮ ਦੇ ਲਈ ਨਿਵਿਦਾ ਦੀ ਮੰਗ ਕਰਦੇ ਹਨ।

| | |
|---|---|
| **ਕੰਮ ਦਾ ਨਾਮ ਤੇ ਸਥਲ** | ਤਿਲਕ ਬ੍ਰਿਜ-ਆਨੰਦ ਵਿਹਾਰ ਰੇਲਵੇ ਸਟੇਸ਼ਨ ਦੇ ਵਿਚ ਤੀਜੀ ਅਤੇ ਚੌਥੀ ਲਾਈਨ ਦੇ ਸਬੰਧ ਵਿਚ ਤਿਲਕ ਬ੍ਰਿਜ ਅਤੇ ਆਨੰਦ ਵਿਹਾਰ ਰੇਲਵੇ ਸਟੇਸ਼ਨ ਦੇ ਵਿਚਕਾਰ ਤੀਜੀ ਅਤੇ ਚੌਥੀ ਲਾਈਨ ਦੇ ਕੰਮ ਦੇ ਸਿਲਸਿਲੇ ਵਿਚ P.Way ਨਾਲ ਜੁੜੇ ਕੰਮ, ਜਿਵੇਂ ਬੀਜੀ ਟ੍ਰੈਕ ਨੂੰ ਜੋੜਨਾ, ਟਰਨਆਊਟ ਲਗਾਉਣਾ, ਗਲੂਡ ਜਾਇੰਟਸ ਅਤੇ SEJ ਲਗਾਉਣਾ, ਮੌਜੂਦਾ ਟ੍ਰੈਕ ਅਤੇ ਟਰਨਆਊਟ ਨੂੰ ਹਟਾਉਣਾ P.Wayਦਾ ਸਮਾਨ ਸੰਭਾਲਨਾ, BNI/NI ਪੀਰੀਅਡ ਦੇ ਦੌਰਾਨ ਕੰਮ ਕਰਨਾ ਅਤੇ ਹੋਰ ਸਬੰਧਿਤ ਕੰਮ। |
| **ਕੰਮ ਪੂਰਾ ਹੋਣ ਦੀ ਸਮਾਂ** | 12 (ਬਾਰਾਂ) ਮਹੀਨੇ |
| **ਕੰਮ ਦੀ ਅੰਦਾਜ਼ਨ ਲਾਗਤ** | ₹965.43 ਲਖ |
| **ਬਿਆਨਾ ਰਾਸ਼ੀ (ਜੋ ਕਿ ਆਨਲਾਈਨ ਜਮ੍ਹਾ ਕੀਤੀ ਜਾਣੀ ਹੈ)** | ₹19,30,900/- |
| **ਈ-ਨਿਵਿਦਾ ਪ੍ਰਸਤੂਤ ਕਰਨ ਅਤੇ ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ** | ਨਿਵਿਦਾ ਦਸਤਾਵੇਜ 15:00 ਵਜੇ ਮਿਤੀ **15.09.2026 ਤੋਂ 29.09.2026** ਤਕ ਆਈਆਰਈਪੀਐਸ ਦੀ ਵੈਬਸਾਈਟ ਯਾਨੀ www.ireps.gov.in 'ਤੇ ਉਪਲਬਧ ਹੋਣਗੇ। |
| **ਨਿਵਿਦਾ ਅਪਲੋਡ ਕਰਨ ਦੀ ਅੰਤਮ ਮਿਤੀ/ਸਮਾਂ** | **29.09.2026 ਨੂੰ 15:00 ਵਜੇ** ਤਕ ਨਿਵਿਦਾਕਰਤਾ ਦੁਆਰਾ **15.09.2026 ਤੋਂ 29.09.2026** ਤਕ ਆਈਆਰਈਪੀਐਸ ਦੀ ਵੈਬਸਾਈਟ **www.ireps.gov.in** 'ਤੇ ਨਿਵਿਦਾ ਦਸਤਾਵੇਜ ਅਪਲੋਡ ਕੀਤੀ ਜਾ ਸਕਦੀ ਹੈ। |
| **ਈ-ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ** | **15.00 ਵਜੇ ਮਿਤੀ 29.09.2026** ਨੂੰ ਖੋਹਲੀ ਜਾਏਗੀ ਉਪਰੋਕਤ ਦਫਤਰ ਦੇ ਨੋਟਿਸ ਬੋਰਡ ਤੇ ਵੀ ਵਿਸਤ੍ਰਿਤ ਸੂਚਨਾ ਵੇਖੀ ਜਾ ਸਕਦੀ ਹੈ। |

ਨੰ.: 551-ACS-P.WAY-3rd-4th Line-CSB ਤਾਰੀਕ : 07.09.2026 3063/2026

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

# ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਟਰਾਇਲ ਸਫਲਤਾ ਪੂਰਵਕ ਸੰਪੰਨ; ਸਰਕਾਰ ਨੇ ਪੰਜਾਬ ਸਪੋਰਟਸ ਯੂਨੀਵਰਸਿਟੀ ਨੂੰ ਖੇਡ ਵਿੰਗ ਲਈ 350 ਸੀਟਾਂ ਦੀ ਪ੍ਰਵਾਨਗੀ ਦਿੱਤੀ : ਪ੍ਰੋ. ਗਿੱਲ

**ਪਟਿਆਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਵੱਲੋਂ ਲਏ ਗਏ ਵੱਖ-ਵੱਖ ਖੇਡਾਂ ਦੇ ਟਰਾਇਲ ਸਫਲਤਾ ਪੂਰਵਕ ਨੇਪਰੇ ਚੜ ਗਏ ਹਨ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਪੁਸ਼ਪਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਨੂੰ ਪੰਜਾਬ ਸਰਕਾਰ ਦੁਆਰਾ ਖੇਡ ਵਿੰਗ ਲਈ 350 ਸੀਟਾਂ ਦੀ ਪ੍ਰਵਾਨਗੀ ਮਿਲੀ ਹੈ, ਜਿਹਨਾਂ ਦੇ ਟਰਾਇਲ 3 ਸਤੰਬਰ ਨੂੰ ਪਟਿਆਲਾ ਦੇ ਫਿਜ਼ੀਕਲ ਕਾਲਜ ਵਿਖੇ ਹੋਏ। ਇਹਨਾਂ ਵਿੱਚ ਵੱਖ-ਵੱਖ ਖੇਡਾਂ ਜਿਵੇਂ ਵਾਲੀਬਾਲ, ਬਾਸਕਟਬਾਲ, ਕਬੱਡੀ, ਹਾਕੀ, ਜੂਡੋ ਟੇਬਲ ਟੈਨਸ, ਫੁੱਟਬਾਲ, ਖੋਹ-ਖੋਹ, ਅਥਲੈਟਿਕਸ, ਹੈਂਡਬਾਲ, ਆਰਚਰੀ, ਕੁਸ਼ਤੀ, ਤੈਰਾਕੀ, ਜਿਮਨਾਸਟਿਕ, ਲਾਅਨ ਟੈਨਿਸ, ਬਾਕਸਿੰਗ, ਬੈਡਮਿੰਟਨ ਆਦਿ ਖੇਡਾਂ ਦੇ ਟਰਾਇਲ ਲਏ ਗਏ।

ਪ੍ਰੋ. ਗਿੱਲ ਨੇ ਦੱਸਿਆ ਕਿ ਵੇਟ ਲਿਫਟਿੰਗ, ਨੈੱਟ ਬਾਲ, ਫੈਨਸਿੰਗ ਅਤੇ ਸਾਈਕਲਿੰਗ ਆਦਿ ਖੇਡਾਂ ਦੇ ਟਰਾਇਲ ਹੋਣੇ ਬਾਕੀ ਹਨ। ਪੰਜਾਬ ਸਪੋਰਟਸ ਯੂਨੀਵਰਸਿਟੀ ਦੁਆਰਾ ਲਏ ਗਏ ਪਲੇਠੇ ਟਰਾਇਲਾਂ ਵਿੱਚ ਪੰਜਾਬ ਦੇ ਉੱਚ ਕੋਟੀ ਦੇ 532 ਖਿਡਾਰੀਆਂ ਨੇ ਹਿੱਸਾ ਲਿਆ। ਵਾਈਸ ਚਾਂਸਲਰ ਨੇ ਕਿਹਾ ਕਿ ਪੰਜਾਬ ਸਪੋਰਟਸ ਯੂਨੀਵਰਸਿਟੀ ਅਜਿਹੀ ਪਹਿਲੀ ਯੂਨੀਵਰਸਿਟੀ ਹੈ ਜਿਹੜੀ ਖਿਡਾਰੀਆਂ ਨੂੰ ਚੰਗੇ ਕੋਚ, ਬੇਹਤਰੀਨ ਖੇਡ ਦੇ ਮੈਦਾਨ ਉੱਚੀਆਂ ਤਕਨੀਕਾਂ ਨਾਲ ਲਬਰੇਜ਼ ਜਿੰਮ, ਚੰਗੀਆਂ ਸਿਹਤ ਸਹੂਲਤਾਂ ਲਈ ਲੈਬਜ਼, ਚੰਗੇ ਖੇਡ ਮਾਹਿਰ ਅਤੇ ਚੰਗੇ ਹੋਸਟਲ ਮੁਹੱਈਆ ਕਰਵਾ ਰਹੀ ਹੈ।

ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਅੱਗੇ ਦੱਸਿਆ ਕਿ ਖੇਡਾਂ ਦੇ ਖੇਤਰ ਵਿੱਚ ਨਿਵੇਕਲੇਪਣ ਨੂੰ ਲੈ ਕੇ ਯੂਨੀਵਰਸਿਟੀ ਖਿਡਾਰੀਆਂ ਦੇ ਲਈ ਹਰ ਉਹ ਸਹੂਲਤ ਮੁਹੱਈਆ ਕਰਵਾ ਰਹੀ ਹੈ ਜਿਹਨਾਂ ਨਾਲ ਉਹ ਅੰਤਰਰਾਸ਼ਟਰੀ ਪੱਧਰ ▾ਤੇ ਪੰਜਾਬ ਦਾ ਨਾਮ ਰੌਸ਼ਨ ਕਰ ਸਕਣ। ਇਹੀ ਵੱਡਾ ਕਾਰਨ ਹੈ ਕਿ ਪਲੇਠੀ ਵਾਰ ਲਏ ਗਏ ਖੇਡ ਵਿੰਗ ਦੇ ਟਰਾਇਲਾਂ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਅਤੇ ਇੰਨੇ ਉਤਸ਼ਾਹ ਵਾਲੇ ਖਿਡਾਰੀ ਹਿੱਸਾ ਲੈਣ ਲਈ ਆਏ। ਉਨ੍ਹਾਂ ਕਿਹਾ ਕਿ ਅਸੀਂ ਅਗਲੀ ਵਾਰ ਤੋਂ ਆਪਣੀਆਂ ਖੇਡ ਵਿੰਗ ਦੀਆਂ ਸੀਟਾਂ ਵਧਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਜੋ ਪੰਜਾਬ ਦੇ ਖਿਡਾਰੀਆਂ ਨੂੰ ਉਹਨਾਂ ਦੀ ਆਪਣੀ ਯੂਨੀਵਰਸਿਟੀ ਵਿੱਚ ਉਪਲਬਧ ਸਹੂਲਤਾਂ ਦਾ ਲਾਭ ਮਿਲ ਸਕੇ ਹੁਣ ਸਾਡੇ ਕੋਲ 150 ਰੈਜ਼ੀਡੈਂਸ਼ੀਅਲ ਅਤੇ 200 ਡੇ ਸਕਾਲਰ ਖਿਡਾਰੀ ਆ ਚੁੱਕੇ ਹਨ ਇਹਨਾਂ ਦੇ ਹਰ ਪੱਖ ਤੋਂ ਵਿਕਾਸ ਦੀ ਜ਼ਿੰਮੇਵਾਰੀ ਸਾਡੀ ਹੈ ਅਸੀਂ ਵਾਅਦਾ ਕਰਦੇ ਹਾਂ ਕਿ ਸਾਡੇ ਇਹ ਖਿਡਾਰੀ ਆਉਣ ਵਾਲੇ ਸਮੇਂ ਵਿੱਚ ਦੁਨੀਆਂ ਚ ਨਵੇਂ ਅਤੇ ਉੱਚੇ ਮਾਪਦੰਡ ਸਥਾਪਿਤ ਕਰਨਗੇ। ਖੇਡਾਂ ਦੇ ਨਾਲ-ਨਾਲ ਅਸੀਂ ਉਹਨਾਂ ਦੀ ਪੜ੍ਹਾਈ ਦਾ ਵੀ ਖਾਸ ਧਿਆਨ ਰੱਖ ਰਹੇ ਹਾਂ ਤਾਂ ਜੋ ਅਕਾਦਮਿਕ ਪੱਧਰ ▾ਤੇ ਉਹ ਚੰਗੇ ਵਿਦਵਾਨਾਂ ਵਜੋਂ ਸਥਾਪਿਤ ਹੋ ਸਕਣ। ਵਾਈਸ ਚਾਂਸਲਰ ਡਾ. ਗਿੱਲ ਨੇ ਇੱਕ ਵਿਸ਼ੇਸ਼ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕੈਲੀਫੋਰਨੀਆ (ਅਮਰੀਕਾ) ਤੋਂ ਅਟੋਰਨੀ ਐਟ ਲਾਅ ਸ. ਜਸਪ੍ਰੀਤ ਸਿੰਘ ਨੇ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਖਿਡਾਰੀਆਂ ਲਈ ਹਰ ਸਾਲ 50 ਲੱਖ ਦਾ ਡਾਈਟ ਪਲੈਨ ਦੇਣ ਦਾ ਵਾਅਦਾ ਕੀਤਾ ਹੈ। ਉਹਨਾਂ ਦੇ ਇਹਨਾਂ ਯਤਨਾ ਸਦਕਾ ਖਿਡਾਰੀਆਂ ਨੂੰ ਬਿਹਤਰੀਨ ਖੁਰਾਕ ਦੇਣ ਵਿੱਚ ਸੌਖ ਹੋਵੇਗੀ, ਅਸੀਂ ਉਹਨਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ। ਇਸ ਮੌਕੇ ਡਾ. ਅਮਰਪ੍ਰੀਤ ਸਿੰਘ ਡਾਇਰੈਕਟਰ ਆਫ ਸਪੋਰਟਸ, ਪੰਜਾਬ ਸਪੋਰਟਸ ਯੂਨੀਵਰਸਿਟੀ, ਡਾ. ਹਰਮਨਪ੍ਰੀਤ ਕੌਰ ਪ੍ਰਿੰਸੀਪਲ ਫਿਜੀਕਲ ਕਾਲਜ, ਡਾ. ਰਣਬੀਰ ਸਿੰਘ ਪ੍ਰਿੰਸੀਪਲ ਸਪੋਰਟਸ ਕਾਲਜ ਜਲੰਧਰ, ਡਾ. ਅਰੁਣਾ ਰਾਣੀ ਪ੍ਰਿੰਸੀਪਲ ਕਾਲਾ ਅਫਗਾਨਾ ਆਦਿ ਵੀ ਮੌਜੂਦ ਸਨ।

# ਮਿਸ਼ਨ ਕਲੀਨ ਪੰਜਾਬ ਤਹਿਤ ਪਾਠਕ ਵਿਹਾਰ ਖੇੜਾ ਤੋਂ ਭਗਤ ਸਿੰਘ ਚੌਂਕ ਤੱਕ ਸ.ਫ਼ਾਈ ਮੁਹਿੰਮ

**ਪਟਿਆਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਦੇ ਮਕਸਦ ਨਾਲ ਚਲਾਏ ਜਾ ਰਹੇ 'ਮਿਸ਼ਨ ਕਲੀਨ ਪੰਜਾਬ' ਤਹਿਤ ਅੱਜ ਪਟਿਆਲਾ ਵਿਖੇ ਪਾਠਕ ਵਿਹਾਰ ਖੇੜਾ ਤੋਂ ਭਗਤ ਸਿੰਘ ਚੌਂਕ (ਸੰਜੇ ਕਲੋਨੀ ਰੋਡ) ਤੱਕ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਗਈ।

ਇਸ ਮੌਕੇ ਵਿਧਾਇਕ ਅਜੀਤਪਾਲ ਕੋਹਲੀ, ਮੇਅਰ ਕੁੰਦਨ ਗੋਗੀਆ ਅਤੇ ਨਗਰ ਨਿਗਮ ਕਮਿਸ਼ਨਰ ਪੂਜਾ ਸਿਆਲ ਦੀ ਅਗਵਾਈ ਹੇਠ ਸਫ਼ਾਈ ਕਾਰਜਾਂ ਦਾ ਜਾਇਜ਼ਾ ਲਿਆ ਗਿਆ ਅਤੇ ਇਲਾਕੇ ਦੀ ਸਫ਼ਾਈ ਨੂੰ ਹੋਰ ਬਿਹਤਰ ਬਣਾਉਣ ਲਈ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ। ਮੁਹਿੰਮ ਦੌਰਾਨ ਸੜਕਾਂ, ਆਲੇ-ਦੁਆਲੇ ਦੇ ਖੇਤਰਾਂ ਅਤੇ ਜਨਤਕ ਥਾਵਾਂ ਤੋਂ ਕੂੜਾ-ਕਰਕਟ ਹਟਾ ਕੇ ਸਫ਼ਾਈ ਯਕੀਨੀ ਬਣਾਈ ਗਈ।

ਇਸ ਮੌਕੇ ਨਗਰ ਨਿਗਮ ਦੇ ਵਾਰਡ ਨੰਬਰ 33 ਤੋਂ ਕੌਂਸਲਰ ਗੀਤਾ ਦੇਵੀ, ਵਾਰਡ ਨੰਬਰ 39 ਦੇ ਇੰਚਾਰਜ ਜੋਤੀ, ਵਾਰਡ ਨੰਬਰ 35 ਦੇ ਇੰਚਾਰਜ ਰੋਹਿਤ ਸਿੰਗਲਾ ਅਤੇ ਵਾਰਡ ਨੰਬਰ 40 ਦੇ ਇੰਚਾਰਜ ਗੁਰਪ੍ਰੀਤ ਗੁਰੀ ਸਮੇਤ ਹੋਰ ਪਤਵੰਤੇ ਅਤੇ ਸਫ਼ਾਈ ਕਰਮਚਾਰੀ ਮੌਜੂਦ ਰਹੇ।

ਇਸ ਮੌਕੇ ਦਵਿੰਦਰਪਾਲ ਸਿੰਘ ਮਿੱਕੀ, ਹਲਕਾ ਕੋਆਰਡੀਨੇਟਰ ਐਨ.ਐਮ.ਐਮ. ਨੇ ਵੀ ਸਫ਼ਾਈ ਮੁਹਿੰਮ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਸਫ਼ਾਈ ਬਣਾਈ ਰੱਖਣ, ਕੂੜਾ ਨਿਰਧਾਰਤ ਸਥਾਨ 'ਤੇ ਹੀ ਸੁੱਟਣ ਅਤੇ ਪੰਜਾਬ ਸਰਕਾਰ ਦੇ ਇਸ ਸਫ਼ਾਈ ਅਭਿਆਨ ਨੂੰ ਸਫ਼ਲ ਬਣਾਉਣ ਲਈ ਆਪਣਾ ਸਹਿਯੋਗ ਦੇਣ।

# ਭਾਦਸੋਂ ਵਿਖੇ ਮਿਸ਼ਨ ਕਲੀਨ ਪੰਜਾਬ ਤਹਿਤ ਮਹਾਂ ਸਫਾਈ ਅਭਿਆਨ

**ਭਾਦਸੋਂ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਮਹਾ ਸਫਾਈ ਅਭਿਆਨ ਤਹਿਤ ਭਾਦਸੋਂ ਵਿਖੇ ਨਾਭਾ ਰੋਡ ਅਤੇ ਵਾਰਡ ਨੰ. 11 ਦੀ ਸਾਫ-ਸਫਾਈ ਕਰਵਾਈ ਗਈ। ਜਿਸ ਵਿੱਚ ਪ੍ਰਧਾਨ ਨਗਰ ਪੰਚਾਇਤ ਭਾਦਸੋਂ, ਕਾਰਜ ਸਾਧਕ ਅਫਸਰ ਨਗਰ ਪੰਚਾਇਤ ਭਾਦਸੋਂ ਦੇ ਨਾਲ ਸਮੂਹ ਸਫਾਈ ਕਰਮਚਾਰੀਆਂ, ਮਨਦੀਪ ਕੌਰ ਸੀ.ਐਫ., ਸਤਨਾਮ ਸਿੰਘ ਸੁਪਰਵਾਈਜਰ ਪੈਸਕੋ ਟੀਮ, ਆਸਰਾ ਵੈਲਫੇਅਰ ਐਸੋਸੀਏਸ਼ਨ ਦੇ ਮੈਂਬਰ ਅਤੇ ਅਮਨਦੀਪ ਕੌਰ ਮੋਟੀਵੇਟਰ ਵੱਲੋਂ ਸਮੂਲੀਅਤ ਕੀਤੀ ਗਈ। ਇਸ ਮੌਕੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਘਰਾਂ ਅਤੇ ਆਲੇ-ਦੁਆਲੇ ਦੀ ਸਫਾਈ ਦਾ ਵਿਸ਼ੇਸ ਧਿਆਨ ਰੱਖਣ, ਕੂੜਾ ਇਧਰ -ਉਧੱਰ ਨਾ ਸੁੱਟਣ, ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਕਰਕੇ ਨਗਰ ਪੰਚਾਇਤ ਭਾਦਸੋਂ ਦੇ ਸਫਾਈ ਸੇਵਕਾਂ ਦੀ ਰੇਹੜੀ ਵਿੱਚ ਪਾਇਆ ਜਾਵੇ ਅਤੇ ਨਗਰ ਪੰਚਾਇਤ ਭਾਦਸੋਂ ਵੱਲੋਂ ਚਲਾਈ ਜਾ ਰਹੀ ਸਫਾਈ ਅਭਿਆਨ ਮੁਹਿੰਮ ਵਿੱਚ ਪੂਰਾ ਸਹਿਯੋਗ ਦੇਣ।

# ਐੱਮ ਪੀ ਧਰਮਵੀਰ ਗਾਂਧੀ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਂ ਵੋਟਰ ਸੂਚੀ ਵਿੱਚ ਸ਼ਾਮਲ: ਚੋਣ ਕਮਿਸ਼ਨ

**ਨਵੀਂ ਦਿੱਲੀ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦੇ ਵਿੱਚ ਚੋਣ ਕਮਿਸ਼ਨ ਇਸ ਗੱਲ ਲਈ ਜ਼ਿਆਦਾ ਸੁਰਖੀਆਂ ਵਿੱਚ ਰਿਹਾ ਹੈ ਕਿ ਕਿਸ ਦੀ ਵੋਟ ਕੱਟੀ ਗਈ ਹੈ ਨਾ ਕਿ ਕਿਸ ਦੀ ਵੋਟ ਜੋੜੀ ਗਈ ਹੈ।

ਇਸੇ ਸਬੰਧਤ ਇੱਕ ਮਾਮਲੇ ਵਿੱਚ ਅੱਜ ਫਿਰ ਚੋਣ ਕਮਿਸ਼ਨ ਨੇ ਕੁੱਝ ਰਿਪੋਰਟਾਂ ਸਬੰਧੀ ਜਵਾਬ ਦਿੱਤਾ ਹੈ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਪੰਜਾਬ ਵਿੱਚ ਐੱਸ.ਆਈ.ਆਰ. ਸੂਚੀਆਂ ਵਿੱਚੋਂ ਕਾਂਗਰਸ ਦੇ ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਂ ਗਾਇਬ ਹਨ।

ਚੋਣ ਕਮਿਸ਼ਨ ਨੇ ਹੁਣ ਇੱਥੇ ਇੱਕ ਬਿਆਨ ਜਾਰੀ ਕਰਕੇ ਉਨ੍ਹਾਂ ਰਿਪੋਰਟਾਂ ਨੂੰ ਰੱਦ ਕਰ ਦਿੱਤਾ ਹੈ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਪਟਿਆਲਾ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਂ 13 ਅਗਸਤ 2026 ਨੂੰ ਪ੍ਰਕਾਸ਼ਤ ਰਾਜ ਦੀ ਖਰੜਾ ਵੋਟਰ ਸੂਚੀ (ਡਰਾਫਟ ਇਲੈਕਟੋਰਲ ਰੋਲ) ਵਿੱਚੋਂ ਗਾਇਬ ਹਨ।

ਬਿਆਨ ਵਿੱਚ ਕਿਹਾ ਗਿਆ ਹੈ, ÷ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਅਤੇ ਨਾਲ ਹੀ ਉਨ੍ਹਾਂ ਦੇ ਪਰਿਵਾਰਕ ਮੈਂਬਰ, ਪਤਨੀ ਜਗਦੰਬਾ ਕੌਸ਼ਲ, ਧੀ ਰੋਹਣੀ ਪਰਾਸ਼ਰ, ਨੂੰਹ ਚਾਹਤ ਸਾਹੂਜਾ, ਅਤੇ ਪੁੱਤਰ ਨਬੇਂਦੂ, 13 ਅਗਸਤ 2026 ਨੂੰ ਪ੍ਰਕਾਸ਼ਤ ਖਰੜਾ ਵੋਟਰ ਸੂਚੀ ਦਾ ਪੂਰੀ ਤਰ੍ਹਾਂ ਹਿੱਸਾ ਹਨ। ਉਹ ਵਿਧਾਨ ਸਭਾ ਹਲਕਾ (AC No) 115 - ਪਟਿਆਲਾ, ਭਾਗ ਨੰਬਰ (Part No) 98, ਵਿੱਚ ਲੜੀ ਨੰਬਰ (Serial numbers) 44 ਤੋਂ 48 'ਤੇ ਵੋਟਰ ਵਜੋਂ ਰਜਿਸਟਰਡ ਹਨ।

# ਕੇ.ਵੀ.ਕੇ.ਸੰਗਰੂਰ ਵੱਲੋਂ ਬੀਜ ਉਤਪਾਦਨ-ਇੱਕ ਉੱਦਮ ਵਜੋਂ ਵਿਸ਼ੇ 'ਤੇ ਕਿੱਤਾ ਮੁਖੀ ਸਿਖਲਾਈ ਕੋਰਸ ਦਾ ਆਯੋਜਨ




**ਸੰਗਰੂਰ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਡਾਇਰੈਕਟੋਰੇਟ ਪਸਾਰ ਸਿੱਖਿਆ ਅਤੇ ਡਾਇਰੈਕਟਰ, ਆਈ.ਸੀ.ਏ.ਆਰ.-ਅਟਾਰੀ, ਜ਼ੋਨ-1, ਲੁਧਿਆਣਾ ਦੀ ਅਗਵਾਈ ਹੇਠ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਕਿਸਾਨਾਂ ਅਤੇ ਪੇਂਡੂ ਨੌਜਵਾਨਾਂ ਲਈ ਬੀਜ ਉਤਪਾਦਨ - ਇੱਕ ਉੱਦਮ ਵਜੋਂ ਵਿਸ਼ੇ 'ਤੇ ਪੰਜ ਰੋਜ਼ਾ ਕਿੱਤਾ ਮੁਖੀ ਸਿਖਲਾਈ ਕੋਰਸ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 19 ਕਿਸਾਨਾਂ ਨੇ ਭਾਗ ਲਿਆ। ਇਸ ਸਿਖਲਾਈ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਵਾਧੂ ਆਮਦਨ ਅਤੇ ਰੁਜ਼ਗਾਰ ਦੇ ਸਾਧਨ ਮੁਹੱਈਆ ਕਰਵਾਉਣਾ ਸੀ।

ਸਿਖਲਾਈ ਦੇ ਉਦਘਾਟਨੀ ਸੈਸ਼ਨ ਦੌਰਾਨ ਡਾ. ਮਨਦੀਪ ਸਿੰਘ, ਇੰਚਾਰਜ, ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਭਾਗ ਲੈਣ ਵਾਲੇ ਕਿਸਾਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਖੇਤੀਬਾੜੀ ਵਿੱਚ ਸਹਾਇਕ ਧੰਦੇ ਵਜੋਂ ਬੀਜ ਉਤਪਾਦਨ ਦੇ ਘੇਰੇ ਅਤੇ ਮਹੱਤਵ ਬਾਰੇ ਚਾਨਣਾ ਪਾਇਆ। ਉਨ੍ਹਾਂ ਕੇਂਦਰ ਵੱਲੋਂ ਸਮੇਂ-ਸਮੇਂ 'ਤੇ ਕਰਵਾਏ ਜਾਂਦੇ ਕਿੱਤਾਮੁਖੀ ਸਿਖਲਾਈ ਕੋਰਸਾਂ ਅਤੇ ਹੋਰ ਪਸਾਰ ਗਤੀਵਿਧੀਆਂ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਸਿਖਲਾਈ ਕੋਰਸ ਦੇ ਕੋਆਰਡੀਨੇਟਰ ਡਾ. ਰੁਕਿੰਦਰ ਪ੍ਰੀਤ ਸਿੰਘ ਧਾਲੀਵਾਲ, ਸਹਾਇਕ ਪ੍ਰੋਫੈਸਰ (ਐਗਰੋਨੋਮੀ) ਨੇ ਸਿਖਿਆਰਥੀਆਂ ਨੂੰ ਝੋਨਾ, ਕਣਕ, ਮੱਕੀ, ਮੂੰਗੀ ਅਤੇ ਆਲੂ ਦੀਆਂ ਫਸਲਾਂ ਦੇ ਬੀਜ ਉਤਪਾਦਨ ਲਈ ਵਿਗਿਆਨਕ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਉੱਚ ਗੁਣਵੱਤਾ ਵਾਲੇ ਬੀਜ ਉਤਪਾਦਨ ਲਈ ਚੰਗੇ ਬੀਜ ਸਰੋਤ ਦੀ ਮਹੱਤਤਾ, ਫ਼ਸਲਾਂ ਅਤੇ ਕਿਸਮਾਂ ਦੀ ਆਪਸੀ ਦੂਰੀ, ਨਦੀਨਾਂ ਅਤੇ ਰੋਗੀ ਬੂਟਿਆਂ ਦੀ ਰੋਗਿੰਗ ਅਤੇ ਵੱਖ-ਵੱਖ ਫਸਲਾਂ ਦੇ ਬੀਜਾਂ ਦੀ ਸੰਭਾਲ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਬੀਜਾਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਪ੍ਰਬੰਧਨ ਬਾਰੇ ਵੀ ਕਿਸਾਨਾਂ ਨਾਲ ਵਿਸਥਾਰ ਨਾਲ ਵਿਚਾਰ ਕੀਤਾ ਗਿਆ।

ਡਾ. ਰਵਿੰਦਰ ਕੌਰ, ਐਸੋਸੀਏਟ ਪ੍ਰੋਫੈਸਰ (ਸਬਜ਼ੀ ਵਿਗਿਆਨ) ਨੇ ਸਬਜ਼ੀਆਂ ਦੇ ਬੀਜ ਉਤਪਾਦਨ ਦੀਆਂ ਤਕਨੀਕਾਂ ਬਾਰੇ ਚਰਚਾ ਕੀਤੀ ਅਤੇ ਸਬਜ਼ੀਆਂ ਦੇ ਬੀਜ ਉਤਪਾਦਨ ਦੀ ਆਰਥਿਕਤਾ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਸ੍ਰੀ ਦਮਨਪ੍ਰੀਤ ਸਿੰਘ, ਖੇਤੀਬਾੜੀ ਵਿਕਾਸ ਅਫਸਰ (ਬੀਜ), ਸੰਗਰੂਰ ਨੇ ਕਿਸਾਨਾਂ ਨੂੰ ਬੀਜ ਐਕਟ 1966 ਦੀਆਂ ਵਿਵਸਥਾਵਾਂ ਤੋਂ ਜਾਣੂ ਕਰਵਾਇਆ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਤੋਂ ਬੀਜ ਉਤਪਾਦਕ ਅਤੇ ਬੀਜ ਵਿਕਰੇਤਾ ਦਾ ਲਾਇਸੈਂਸ ਪ੍ਰਾਪਤ ਕਰਨ ਦੀ ਜਾਣਕਾਰੀ ਅਤੇ ਵਿਧੀ ਸਾਂਝੀ ਕੀਤੀ।

ਡਾ. ਬੂਟਾ ਸਿੰਘ ਰੋਮਾਣਾ, ਡਾਇਰੈਕਟਰ, ਅਕਾਲ ਸੀਡ ਫਾਰਮ, ਮਸਤੂਆਣਾ ਸਾਹਿਬ ਨੇ ਬੀਜ ਉਤਪਾਦਨ ਦੇ ਆਪਣੇ ਵਿਸ਼ਾਲ ਤਜ਼ਰਬੇ ਨੂੰ ਭਾਗ ਲੈਣ ਵਾਲੇ ਕਿਸਾਨਾਂ ਨਾਲ ਸਾਂਝਾ ਕੀਤਾ। ਉਨ੍ਹਾਂ ਗੁਣਵੱਤਾ ਭਰਪੂਰ ਬੀਜ ਉਤਪਾਦਨ ਕਰਨ ਲਈ ਬੀਜ ਗ੍ਰੇਡਿੰਗ ਦੀ ਮਹੱਤਤਾ ਅਤੇ ਬੀਜ ਗ੍ਰੇਡਿੰਗ ਦੇ ਵੱਖ-ਵੱਖ ਪੜਾਵਾਂ ਬਾਰੇ ਵੀ ਜਾਣਕਾਰੀ ਦਿੱਤੀ।

ਸਿਖਿਆਰਥੀਆਂ ਦਾ ਅਕਾਲ ਸੀਡ ਫਾਰਮ, ਮਸਤੂਆਣਾ ਸਾਹਿਬ ਅਤੇ ਖੇਤਰੀ ਖੋਜ ਕੇਂਦਰ, ਖੇੜੀ ਦਾ ਵਿੱਦਿਅਕ ਦੌਰਾ ਵੀ ਕਰਵਾਇਆ ਗਿਆ, ਜਿੱਥੇ ਉਨ੍ਹਾਂ ਨੇ ਬੀਜ ਉਤਪਾਦਨ ਦੇ ਵਿਹਾਰਕ ਅਤੇ ਵਿਗਿਆਨਕ ਪੱਖਾਂ ਬਾਰੇ ਪ੍ਰੈਕਟਿਕਲ ਗਿਆਨ ਹਾਸਲ ਕੀਤਾ।

# ਸਿਟੀ-1 ਟਰੈਫਿਕ ਇੰਨਚਾਰਜ ਪਟਿਆਲਾ ਲੱਗਣ ਤੇ ਤਰਸੇਮ ਕੁਮਾਰ ਨੂੰ ਸਨਮਾਨਿਤ



**ਪਟਿਆਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਧਾਨ ਹਿਊਮਨ ਸਰਵਿਸ ਸੋਸਾਇਟੀ ਦੀ ਟੀਮ ਵਲੋਂ ਇਨਚਾਰਜ ਤਰਸੇਮ ਕੁਮਾਰ ਨੂੰ ਸਰੋਪਾ ਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਜਤਿੰਦਰ ਸ਼ਰਮਾ ਨੇ ਦੱਸਿਆ ਕਿ ਇਕ ਬਹੁਤ ਹੀ ਇਮਾਨਦਾਰ ਤੇ ਦਲੇਰ ਅਫਸਰ ਹਨ। ਉਨ੍ਹਾਂ ਨੇ ਚੰਗੇ ਕੰਮਾਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਡੀ.ਜੀ.ਪੀ. ਡਿਸਕ ਨਾਲ ਸਰਕਾਰ ਵਲੋਂ ਦਲੇਰੀ ਦੇ ਐਵਾਰਡ ਨਾਲ ਸਨਮਾਨ ਵੀ ਮਿਲ ਚੁੱਕਾ ਹੈ। ਜਿਸ ਥਾਣੇ ਵਿੱਚ ਉਨ੍ਹਾਂ ਨੇ ਸੇਵਾ ਨਿਭਾਈ ਹੈ। ਅੱਜ ਵੀ ਲੋਕ ਉਨ੍ਹਾਂ ਦੀ ਦਿਲ ਤੋਂ ਇੱਜਤ ਕਰਦੇ ਹਨ। ਸ਼ਹਿਰ ਵਾਸੀ ਉਨ੍ਹਾਂ ਦੇ ਟਰੈਫਿਕ ਇੰਨਚਾਰਜ ਸਿਟੀ—1 ਲੱਗਣ ਤੇ ਬਹੁਤ ਖੁਸ਼ ਹਨ। ਉਹ ਸਾਡੀ ਟੀਮ ਨਾਲ ਮਿਲ ਕੇ ਸਮਾਜ ਸੇਵਾ ਦਾ ਕੰਮ ਵੀ ਕਾਫੀ ਲੰਬੇ ਸਮੇਂ ਤੋਂ ਕਰ ਰਹੇ ਹਨ ਉਹ ਇੱਕ ਵਧੀਆ ਸਮਾਜ ਸੇਵੀ ਵੀ ਹਨ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ ਪੰਜਾਬ ਚੇਅਰਪ੍ਰਸਨ ਵਰਸ਼ਾ ਗੋਇਲ, ਪ੍ਰਧਾਨ ਗੁਰਮੇਲ ਸਿੰਘ ਤੇ ਹੋਰ ਟੀਮ ਮੈਂਬਰ ਮੌਜੂਦ ਰਹੇ।

# ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ 8 ਤੇ 11 ਸਤੰਬਰ ਨੂੰ ਵਿਧਾਨ ਸਭਾ ਚੋਣ ਹਲਕਿਆਂ 'ਚ ਚੋਣਕਾਰ ਰਜਿਸਟਰੇਸ਼ਨ ਅ.ਫਸਰਾਂ ਦੇ ਦ.ਫਤਰਾਂ ਦਾ ਦੌਰਾ ਕਰਨਗੇ

**ਪਟਿਆਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ ਚੋਣ ਕਮਿਸ਼ਨ ਵੱਲੋਂ ਸਪੈਸ਼ਲ ਇੰਨਟੈਨਸਿਵ ਰਵੀਜ਼ਨ ਦੇ ਦੂਜੇ ਪੜ੍ਹਾਅ ਨੋਟਿਸ ਫੇਜ/ਦਾਅਵੇ ਅਤੇ ਇੰਤਰਾਜ਼ਾ ਦੇ ਨਿਪਟਾਰੇ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਪਟਿਆਲਾ ਜ਼ਿਲ੍ਹੇ ਲਈ ਲਗਾਏ ਗਏ ਰੋਲ ਅਬਜ਼ਰਵਰ, ਪਟਿਆਲਾ ਡਵੀਜ਼ਨ ਦੇ ਕਮਿਸ਼ਨਰ ਸ੍ਰੀ ਵਿਨੈ ਬੁਬਲਾਨੀ ਵੱਲੋਂ ਮਿਤੀ 08 ਅਤੇ 11 ਸਤੰਬਰ 2026 ਨੂੰ ਵਿਧਾਨ ਸਭਾ ਚੋਣ ਹਲਕਿਆਂ ਵਿੱਚ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਦੇ ਦਫ਼ਤਰਾਂ ਦਾ ਦੌਰਾ ਕੀਤਾ ਜਾਣਾ ਹੈ।

ਰੋਲ ਅਬਜ਼ਰਵਰ ਦੇ ਦਫ਼ਤਰ ਵੱਲੋਂ ਇਹ ਵਿਸ਼ੇਸ ਤੌਰ 'ਤੇ ਸੂਚਿਤ ਕੀਤਾ ਗਿਆ ਹੈ ਕਿ ਡਵੀਜ਼ਨਲ ਕਮਿਸ਼ਨਰ ਸ਼੍ਰੀ ਵਿਨੈ ਬੁਬਲਾਨੀ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦੇ ਸਮੇਂ ਦੌਰਾਨ ਰੋਜ਼ਾਨਾ ਕੰਮ-ਕਾਜ ਵਾਲੇ ਦਿਨ ਸ਼ਾਮ 4.00 ਵਜੇ ਤੋਂ ਲੈ ਕੇ 5.00 ਵਜੇ (ਸਿਵਾਏ ਮਿਤੀ 08.09.2026 ਅਤੇ 11.09.2026) ਤੱਕ ਰਾਜਨੀਤਿਕ ਪਾਰਟੀਆਂ, ਆਮ ਪਬਲਿਕ/ਵੋਟਰਾਂ ਪਾਸੋਂ ਇਸ ਕੰਮ ਸਬੰਧੀ ਕਿਸੇ ਤਰ੍ਹਾਂ ਦੀ ਸ਼ਿਕਾਇਤ ਸੁਣਨ ਜਾ ਸੁਝਾਅ ਲੈਣ ਸਬੰਧੀ ਉਪਲੱਬਧ ਰਹਿਣਗੇ। ਇਸ ਤੋਂ ਇਲਾਵਾ ਕੋਈ ਸ਼ਿਕਾਇਤ ਜਾਂ ਸੁਝਾਅ ਦੇਣ ਸਬੰਧੀ ਉਨ੍ਹਾਂ ਦੇ ਦਫ਼ਤਰ ਦੇ ਟੈਲੀਫੋਨ ਨੰਬਰ 0175-2970029 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਰੋਲ ਅਬਜ਼ਰਵਰ-ਕਮ-ਕਮਿਸ਼ਨਰ ਪਟਿਆਲਾ ਮੰਡਲ ਸ੍ਰੀ ਵਿਨੈ ਬੁਬਲਾਨੀ ਵੱਲੋਂ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਦੇ ਦਫ਼ਤਰਾਂ ਦੇ ਦੌਰੇ ਕਰਨ ਦੌਰਾਨ ਉਹ 08 ਸਤੰਬਰ ਨੂੰ
ਸਵੇਰੇ 10:30 ਵਜੇ ਐਸ ਡੀ ਐਮ ਦਫ਼ਤਰ, ਰਾਜਪੁਰਾ, ਮਿਨੀ ਸਕੱਤਰੇਤ, ਦੁਪਹਿਰ 12:30 ਵਜੇ ਐਸ ਡੀ ਐਮ ਦਫ਼ਤਰ, ਦੂਧਨਸਾਧਾਂ, ਦੁਪਹਿਰ 03:00 ਵਜੇ ਐਸ ਡੀ ਐਮ, ਪਟਿਆਲਾ, ਦਫ਼ਤਰ ਪਹਿਲੀ ਮੰਜਿਲ, ਬਲਾਕ-ਏ, ਮਿਨੀ ਸਕੱਤਰੇਤ, ਪਟਿਆਲਾ ਵਿਖੇ ਦੌਰਾ ਕਰਨਗੇ। ਇਸੇ ਤਰ੍ਹਾਂ ਮਿਤੀ 11 ਸਤੰਬਰ ਨੂੰ ਦੁਪਹਿਰ 12:00 ਵਜੇ ਪਟਿਆਲਾ ਦਿਹਾਤੀ ਹਲਕੇ ਦੇ ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਤੀਸਰੀ ਮੰਜਿਲ, ਬਲਾਕ-ਏ, ਮਿਨੀ ਸਕੱਤਰੇਤ, ਪਟਿਆਲਾ ਵਿਖੇ, ਦੁਪਹਿਰ 01:00 ਵਜੇ ਐਸ ਡੀ ਐਮ, ਨਾਭਾ ਦਫ਼ਤਰ, ਦੁਪਹਿਰ 02:30 ਵਜੇ ਐਸ ਡੀ ਐਮ ਦਫ਼ਤਰ ਸਮਾਣਾ ਵਿਖੇ ਅਤੇ ਸ਼ਾਮ 04:00 ਵਜੇ ਸ਼ੁਤਰਾਣਾ ਹਲਕੇ ਵਿੱਚ ਐਸ ਡੀ ਐਮ,ਦਫ਼ਤਰ ਪਾਤੜਾਂ ਦਾ ਦੌਰਾ ਕਰਕੇ ਜਾਇਜ਼ਾ ਲੈਣਗੇ।

# ਧਰਮਸੋਤ ਦੀ ਅਗਵਾਈ ਹੇਠ ਵਾਰਡ ਨੰਬਰ 11 ਵਿੱਚ 5 ਸੇਵਾ ਸੈਂਟਰ ਦਾ ਉਦਘਾਟਨ



**ਨਾਭਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਦੇ ਵਾਰਡ ਨੰਬਰ 11 ਦੇ ਕੌਂਸਲਰ ਸ਼੍ਰੀਮਤੀ ਡਾਕਟਰ ਗੀਤਾ ਡੱਲਾ ਜੀ ਪਤਨੀ ਸ੍ਰੀ ਡਾਕਟਰ ਬਿਕਰਮ ਡੱਲਾ ਜੀ ਦੇ 5 ਸੇਵਾ ਦਫਤਰ ਦਾ ਉਦਘਾਟਨ ਸਰਦਾਰ ਸਾਧੂ ਸਿੰਘ ਧਰਮਸੋਤ ਸਾਬਕਾ ਕੈਬਿਨੇਟ ਮੰਤਰੀ ਵੱਲੋਂ ਕਰਵਾਇਆ ਗਿਆ। ਇਸ ਦਫਤਰ ਵਿੱਚ ਵਾਰਡ ਨੰਬਰ 11 ਦੇ ਫਰੀ ਪੈਨਸ਼ਨ ਫਾਰਮ, ਰਾਸ਼ਨ ਕਾਰਡ ਦੇ ਫਾਰਮ ਅਤੇ ਹੋਰ ਸਰਕਾਰੀ ਸਹੂਲਤਾਂ ਦੇ ਫਾਰਮ ਫਰੀ ਭਰੇ ਜਾਣਗੇ। ਇਸ ਮੌਕੇ ਮੇਰੇ ਨਾਲ ਸਾਬਕਾ ਚੇਅਰਮੈਨ ਸਰਦਾਰ ਜਗਜੀਤ ਸਿੰਘ ਦੁਲੱਦੀ, ਸੀਨੀਅਰ ਕੌਂਸਲਰ ਸ੍ਰੀ ਹਰਿ ਕ੍ਰਿਸ਼ਨ ਸੇਠ, ਕੌਂਸਲਰ ਸ੍ਰੀ ਬਿੱਟੂ ਮੌਲਾ, ਕੌਂਸਲਰ ਸਲੀਮ ਮੁਹੰਮਦ, ਸ੍ਰੀ ਚਰਨਜੀਤ ਬਾਤਿਸ਼, ਸ਼੍ਰੀ ਇੰਦਰਜੀਤ ਚੀਕੂ ਬਲਾਕ ਸੰਮਤੀ ਮੈਂਬਰ,ਸ਼੍ਰੀ ਅਨਿਲ ਬੱਬੂ, ਸ਼੍ਰੀ ਸ਼ਸ਼ੀ ਜਿੰਦਲ, ਸ ਗੁਰਚਰਨ ਸਿੰਘ,ਸ੍ਰੀ ਅਜੈਬ ਸਿੰਘ ਜੈਬੂ, ਬਚਿੱਤਰ ਸਿੰਘ,ਸ. ਕੁਲਵੰਤ ਸਿੰਘ ਅਤੇ ਵਾਰਡ ਨੰਬਰ 11 ਦੇ ਹੋਰ ਸਾਥੀ ਹਾਜ਼ਰ ਸਨ।

# ਸ੍ਰੀ ਕ੍ਰਿਸ਼ਨ ਜਨਮਾਸ਼ਟਮੀ ਤੇ ਗਊਸ਼ਾਲਾ ਵਿਖੇ ਗਊ ਸੇਵਕ ਮੰਡਲ ਨੇ ਕੀਤੀ ਵਿਸ਼ੇਸ਼ ਗਊ ਸੇਵਾ

**ਮਲੇਰਕੋਟਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਕ੍ਰਿਸ਼ਨ ਜਨਮਾਸ਼ਟਮੀ ਦਾ ਪਵਿੱਤਰ ਤਿਓਹਾਰ ਸਥਾਨਕ ਗਊਸ਼ਾਲਾ ਧੂਰੀ ਰੋਡ ਵਿਖੇ ਵਡੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਗਊ ਸੇਵਕ ਮੰਡਲ ਵੱਲੋਂ ਗਊਮਾਤਾ ਲਈ ਵਿਸ਼ੇਸ਼ ਸੇਵਾ ਕੀਤੀ ਗਈ। ਗਊ ਸੇਵਕ ਮੰਡਲ ਦੇ ਵਿਸ਼ਾਲ ਗੋਇਲ ਨੇ ਦੱਸਿਆ ਕਿ ਗਊਮਾਤਾ ਦੀ ਸੇਵਾ ਲਈ 220 ਕਿੱਲੋ ਦੇ 2 ਗਊ-ਗ੍ਰਾਸ ਕੇਕ, 70 ਕਿੱਲੋ ਕੇਲੇ, 180 ਕਿੱਲੋ ਸੇਬ, 40 ਕਿੱਲੋ ਜੌਂ ਦੇ ਦਾਣੇ ਦੇ ਪੇੜੇ, 15 ਕਿੱਲੋ ਸਰੋਂ ਦੀ ਖਲ, 15 ਕਿੱਲੋ ਚਨੇ ਦੇ ਛਿਲਕੇ, 15 ਕਿੱਲੋ ਚੋਕਰ, 15 ਕਿੱਲੋ ਤਾਰਾਮੀਰਾ, 15 ਕਿੱਲੋ ਸ਼ੱਕਰ ਅਤੇ 15 ਕਿੱਲੋ ਜੌਂ ਦੇ ਦਾਣੇ ਗਊਮਾਤਾ ਆਹਾਰ ਦੇ ਰੂਪ ਵਿਚ ਭੇਂਟ ਕੀਤੇ ਗਏ ਹਨ।

ਸੰਜਿਵ ਗੁਪਤਾ, ਆਸ਼ੀਸ਼ ਜਿੰਦਲ ਅਤੇ ਵਿਨੇ ਚਾਨਾ ਨੇ ਅੱਗੇ ਦੱਸਿਆ ਕਿ ਜਨਮਾਸ਼ਟਮੀ ਦੇ ਪੱਵਿਤਰ ਮੌਕੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਕਿਰਪਾ ਪ੍ਰਾਪਤ ਕਰਨ ਦਾ ਸਭ ਤੋਂ ਸਰਲ ਤਰੀਕਾ ਗਊ ਸੇਵਾ ਹੈ।

# ਮਿਸ਼ਨ ਕਲੀਨ ਪੰਜਾਬ ਜਨਮ ਅਸ਼ਟਮੀ ਦੇ ਮੱਦੇਨਜ਼ਰ ਮਾਲੇਰਕੋਟਲਾ ਦੇ ਧਾਰਮਿਕ ਸਥਾਨਾਂ ਦੀ ਵਿਸ਼ੇਸ਼ ਸ.ਫ਼ਾਈ

**ਮਲੇਰਕੋਟਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ 10 ਰੋਜ਼ਾਂ 'ਮਿਸ਼ਨ ਕਲੀਨ ਪੰਜਾਬ ਤਹਿਤ ਨਗਰ ਕੌਂਸਲ ਮਾਲੇਰਕੋਟਲਾ ਵੱਲੋਂ ਅੱਜ ਅਭਿਆਨ ਦੇ ਸੱਤਵੇਂ ਦਿਨ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰ ਨੂੰ ਮੁੱਖ ਰੱਖਦਿਆਂ ਸ਼ਹਿਰ ਦੇ ਵੱਖ-ਵੱਖ ਧਾਰਮਿਕ ਸਥਾਨਾਂ ਅਤੇ ਉਨ੍ਹਾਂ ਦੇ ਆਲੇ-ਦੁਆਲੇ ਵਿਸ਼ੇਸ਼ ਸਫ਼ਾਈ ਮੁਹਿੰਮ ਚਲਾਈ ਗਈ।

ਕਾਰਜ ਸਾਧਕ ਅਫ਼ਸਰ ਮਾਲੇਰਕੋਟਲਾ ਚੰਦਰ ਪ੍ਰਕਾਸ਼ ਵਧਵਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਤੇ ਸੈਨਟਰੀ ਅਫ਼ਸਰ ਪਰਮਜੀਤ ਸਿੰਘ ਦੀ ਅਗਵਾਈ ਵਿੱਚ ਨਗਰ ਕੌਂਸਲ ਦੀਆਂ ਸਫ਼ਾਈ ਟੀਮਾਂ ਵੱਲੋਂ ਸ਼ਹਿਰ ਦੇ ਪ੍ਰਮੁੱਖ ਧਾਰਮਿਕ ਸਥਾਨਾਂ ਦੇ ਆਲੇ-ਦੁਆਲੇ ਸਫ਼ਾਈ ਕਰਵਾਈ ਗਈ। ਇਸ ਦੌਰਾਨ ਸ੍ਰੀ ਵਿਸ਼ਵਕਰਮਾ ਮੰਦਰ, ਸ੍ਰੀ ਵਾਲਮੀਕਿ ਮੰਦਰ, ਸ੍ਰੀ ਕਾਲੀ ਮਾਤਾ ਮੰਦਰ, ਸ੍ਰੀ ਹਨੁਮਾਨ ਮੰਦਰ, ਕੁੱਟੀ ਰੋਡ ਸਥਿਤ ਸ੍ਰੀ ਲਵ-ਕੁਸ਼ ਮੰਦਰ ਅਤੇ ਸ੍ਰੀ ਗੋਪਾਲ ਭਵਨ ਮੰਦਰ ਸਮੇਤ ਹੋਰ ਧਾਰਮਿਕ ਸਥਾਨਾਂ ਦੇ ਆਲੇ-ਦੁਆਲੇ ਸਫ਼ਾਈ ਕਰਕੇ ਚੂਨਾ-ਕਲੀ ਪਵਾਈ ਗਈ।

ਇਸ ਮੌਕੇ ਧਾਰਮਿਕ ਸਥਾਨਾਂ ਦੇ ਆਲੇ-ਦੁਆਲੇ ਸਫ਼ਾਈ ਵਿਵਸਥਾ ਨੂੰ ਸੁਚੱਜਾ ਬਣਾਉਣ ਦੇ ਨਾਲ-ਨਾਲ ਲੋਕਾਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਵੀ ਕੀਤਾ ਗਿਆ।

ਸਫ਼ਾਈ ਟੀਮਾਂ ਵੱਲੋਂ ਇਲਾਕਾ ਨਿਵਾਸੀਆਂ ਨੂੰ ਆਪਣੇ ਘਰਾਂ ਅਤੇ ਆਲੇ-ਦੁਆਲੇ ਸਫ਼ਾਈ ਬਣਾਈ ਰੱਖਣ, ਕੂੜਾ ਖੁੱਲ੍ਹੇ ਵਿੱਚ ਨਾ ਸੁੱਟਣ ਅਤੇ ਗਿੱਲੇ ਤੇ ਸੁੱਕੇ ਕੂੜੇ ਦੀ ਸਹੀ ਸੰਭਾਲ ਲਈ ਚਾਰ ਪ੍ਰਕਾਰ ਦੇ ਡਸਟਬਿਨ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਗਈ।

ਸੈਨਟਰੀ ਅਫ਼ਸਰ ਪਰਮਜੀਤ ਸਿੰਘ ਨੇ ਕਿਹਾ ਕਿ ਧਾਰਮਿਕ ਤਿਉਹਾਰਾਂ ਦੇ ਮੱਦੇਨਜ਼ਰ ਸ਼ਹਿਰ ਦੇ ਧਾਰਮਿਕ ਸਥਾਨਾਂ ਅਤੇ ਜਨਤਕ ਥਾਵਾਂ ਦੀ ਸਫ਼ਾਈ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸਾਫ਼-ਸੁਥਰਾ ਵਾਤਾਵਰਣ ਬਣਾਈ ਰੱਖਣਾ ਸਿਰਫ਼ ਪ੍ਰਸ਼ਾਸਨ ਦੀ ਹੀ ਨਹੀਂ, ਸਗੋਂ ਹਰੇਕ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਲੋਕਾਂ ਨੂੰ '10 ਦਿਨਾਂ ਮਹਾਂ-ਸਫਾਈ ਅਭਿਆਨ' ਵਿੱਚ ਵੱਧ-ਚੜ੍ਹ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ।

ਇਸ ਮੌਕੇ ਨਗਰ ਕੌਂਸਲ ਦੇ ਅਧਿਕਾਰੀ-ਕਰਮਚਾਰੀ ਅਤੇ ਸਵੱਛ ਭਾਰਤ ਮਿਸ਼ਨ ਦੀ ਟੀਮ ਵੀ ਮੌਜੂਦ ਰਹੀ।

# ਅਣਪਛਾਤੇ ਵਿਅਕਤੀਆਂ ਵੱਲੋਂ ਕਿਸਾਨ ਦੇ ਕਰੀਬ 100 ਬੂਟੇ ਹਾਈਬ੍ਰਿਡ ਸਫੈਦੇ ਦੇ ਪੁੱਟੇ



**ਮਾਛੀਵਾੜਾ ਸਾਹਿਬ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਦੇ ਕੋਹਾੜਾ ਰੋਡ 'ਤੇ ਬਾਬਾ ਖੜਕ ਸਿੰਘ ਦੇ ਦਰਬਾਰ ਨੇੜੇ ਇੱਕ ਜ਼ਮੀਨ ਵਿੱਚ ਲਗਾਏ ਗਏ ਕਰੀਬ 100 ਸਫੈਦਿਆਂ ਦੇ ਬੂਟੇ ਅਣਪਛਾਤੇ ਸ਼ਰਾਰਤੀ ਅਨਸਰ ਵੱਲੋਂ ਪੁੱਟੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਇਸ ਸਬੰਧੀ ਮਾਛੀਵਾੜਾ ਸਾਹਿਬ ਵਾਸੀ ਗੁਰਦੀਪ ਸਿੰਘ ਅਤੇ ਪ੍ਰਿਤਪਾਲ ਸਿੰਘ ਪੁੱਤਰ ਸੁਰਜੀਤ ਸਿੰਘ ਵੱਲੋਂ ਪੁਲਿਸ ਥਾਣਾ ਮਾਛੀਵਾੜਾ ਸਾਹਿਬ ਵਿਖੇ ਦਰਖਾਸਤ ਦਿੱਤੀ ਗਈ ਹੈ। ਦਰਖਾਸਤ ਵਿੱਚ ਦੱਸਿਆ ਗਿਆ ਕਿ ਉਨ੍ਹਾਂ ਦੀ ਜ਼ਮੀਨ ਵਿੱਚ ਕਰੀਬ ਇੱਕ ਮਹੀਨਾ ਪਹਿਲਾਂ ਹਾਈਬ੍ਰਿਡ 288 ਕਿਸਮ ਦੇ ਲਗਭਗ 100 ਸਫੈਦਿਆਂ ਦੇ ਬੂਟੇ ਲਗਾਏ ਗਏ ਸਨ।

ਉਨ੍ਹਾਂ ਦੱਸਿਆ ਕਿ ਜ਼ਮੀਨ ਦੇ ਆਲੇ-ਦੁਆਲੇ ਕੰਡੇਦਾਰ ਤਾਰ ਲੱਗੀ ਹੋਈ ਹੈ ਅਤੇ ਬੂਟੇ ਤਾਰ ਦੇ ਅੰਦਰਲੇ ਪਾਸੇ ਲਗਾਏ ਗਏ ਸਨ। ਇਸ ਦੇ ਬਾਵਜੂਦ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਸਾਰੇ ਬੂਟੇ ਪੁੱਟ ਦਿੱਤੇ ਗਏ, ਜਿਸ ਕਾਰਨ ਉਨ੍ਹਾਂ ਦਾ ਕਾਫ਼ੀ ਨੁਕਸਾਨ ਹੋਇਆ ਹੈ।

ਉਹਨਾਂ ਕਿਹਾ ਕਿ ਇੱਕ ਪਾਸੇ ਜਿੱਥੇ ਇਹਨਾਂ ਬੂਟਿਆਂ ਰਾਹੀਂ ਵਾਤਾਵਰਨ ਨੂੰ ਸ਼ੁੱਧ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉੱਥੇ ਹੀ ਰਹੇ ਸ਼ਰਾਰਤੀ ਕਿਸਮ ਦੇ ਲੋਕ ਜਿੱਥੇ ਇਹ ਬੂਟੇ ਪੁੱਟ ਕੇ ਕਿਸਾਨ ਦਾ ਲੱਖਾ ਰੁਪਏ ਦਾ ਨੁਕਸਾਨ ਕਰ ਗਏ ਹਨ ਉਥੇ ਹੀ ਵਾਤਾਵਰਨ ਨੂੰ ਸ਼ੁੱਧ ਕਰਨ ਦੀ ਬਜਾਏ ਪ੍ਰਦੂਸ਼ਿਤ ਕਰਨ ਵਾਲਿਆਂ ਵਿੱਚੋਂ ਮੋਹਰੀ ਹਨ।

ਪੀੜਤਾਂ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਕਰਕੇ ਅਣਪਛਾਤੇ ਵਿਅਕਤੀ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਇਆ ਜਾਵੇ।

# ਸਾਬਕਾ ਮੁੱਖ ਮੰਤਰੀ ਚੰਨੀ ਵੱਲੋਂ ਵੱਖ ਵੱਖ ਪਿੰਡਾਂ ਵਿੱਚ ਭਰਮੀਆਂ ਮੀਟਿੰਗਾਂ ਪੰਜਾਬ ਸਰਕਾਰ ਤੋਂ ਹਰ ਵਰਗ ਦੁਖੀ: ਚੰਨੀ

**ਮੋਰਿੰਡਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਮੋਰਿੰਡਾ ਬਲਾਕ ਸੰਮਤੀਆਂ ਅਨੁਸਾਰ ਵੱਖ ਵੱਖ ਪਿੰਡਾਂ ਵਿੱਚ ਕੀਤੀਆਂ ਗਈਆਂ ਜਿਸ ਵਿੱਚ ਵੱਡੇ ਪੱਧਰ ਤੇ ਇਲਾਕਾ ਨਿਵਾਸੀਆਂ ਨੇ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦਫਤਰ ਸਕੱਤਰ ਜਗਤਾਰ ਸਿੰਘ ਅਰਨੋਲੀ ਨੇ ਦੱਸਿਆ ਕਿ ਇਸ ਮੌਕੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਪਿੰਡ ਮਾਨਖੇੜੀ,ਰੰਗੀਆਂ ਕਜੌਲੀ ,ਮੁੰਡੀਆਂ ਸਮਾਣਾ ਕਲਾਂ ਅਤੇ ਪਿੰਡ ਅਮਰਾਲੀ ਵਿਖੇ ਭਰਵੀਆਂ ਮੀਟਿੰਗਾਂ ਨੂੰ ਸੰਬੋਧਨ ਕੀਤਾ ਗਿਆ ।

ਇਸ ਮੌਕੇ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਹਰ ਵਰਗ ਦੇ ਵਿਰੁੱਧ ਕੰਮ ਕਰ ਰਹੀ ਹੈ ਜਦਕਿ ਪੰਜਾਬ ਦਾ ਹਰ ਵਰਗ ਇਸ ਸਰਕਾਰ ਦੀਆਂ ਨੀਤੀਆਂ ਤੋਂ ਬੇਹੱਦ ਦੁਖੀ ਹੈ ਉਹਨਾਂ ਕਿਹਾ ਕਿ ਜਿਸ ਕਦਰ ਮੌਜੂਦਾ ਸਰਕਾਰ ਵੱਲੋਂ ਪਿਛਲੇ ਸਾਢੇ ਚਾਰ ਸਾਲ ਵਿੱਚ ਲਗਭਗ 2 ਲੱਖ ਕਰੋੜ ਦਾ ਕਰਜ਼ਾ ਲੈ ਕੇ ਇਸ਼ਤਿਹਾਰ ਬਾਜੀ ਅਤੇ ਦਿੱਲੀ ਦੇ ਹਾਕਮਾਂ ਨੂੰ ਐਸ਼ ਪ੍ਰਸਤੀ ਕਰਾਉਣ ਵਿੱਚ ਲੁਟਾਇਆ ਗਿਆ ਇਸ ਨਾਲ ਪੰਜਾਬ ਨੂੰ ਮੁੜ ਤੋਂ ਆਰਥਿਕ ਪੱਖੋਂ ਖੜਾ ਕਰਨ ਲਈ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣੀ ਜਰੂਰੀ ਹੈ ਕਿਉਂਕਿ ਕਾਂਗਰਸ ਪਾਰਟੀ ਵਿੱਚ ਡਾਕਟਰ ਮਨਮੋਹਨ ਸਿੰਘ ਵਰਗੇ ਅਰਥਸ਼ਾਸਤਰੀ ਵੀ ਹਨ ਜਿਨ੍ਹਾਂ ਨੇ ਦੇਸ਼ ਦੀ ਆਰਥਿਕਤਾ ਨੂੰ ਆਪਣੇ ਸੂਝ ਬੂਝ ਨਾਲ ਮੁੜ ਤੋਂ ਸਥਿਰ ਕੀਤਾ ਸੀ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਹਲਕਾ ਸ੍ਰੀ ਚਮਕੌਰ ਸਾਹਿਬ ਵਿੱਚ ਕਾਂਗਰਸ ਪਾਰਟੀ ਦੇ ਸਮੇਂ ਸ਼ੁਰੂ ਹੋਏ ਜਿਆਦਾਤਰ ਪ੍ਰੋਜੈਕਟ ਮੌਜੂਦਾ ਸਰਕਾਰ ਵੱਲੋਂ ਬੰਦ ਕੀਤੇ ਹੋਏ ਹਨ ਜਿਨਾਂ ਨੂੰ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਉਪਰੰਤ ਮੁੜ ਤੋਂ ਚਾਲੂ ਕਰਕੇ ਮੁਕੰਮਲ ਕਰਵਾਇਆ ਜਾਵੇਗਾ ਉਹਨਾਂ ਕਿਹਾ ਕਿ ਹਲਕਾ ਵਿਧਾਇਕ ਪ੍ਰਤੀ ਲੋਕਾਂ ਦੀ ਨਰਾਜ਼ਗੀ ਨੂੰ ਦੂਰ ਕਰਨ ਲਈ ਆਮ ਆਦਮੀ ਪਾਰਟੀ ਵੱਲੋਂ ਨਵਾਂ ਹਲਕਾ ਇੰਚਾਰਜ ਲਗਾਇਆ ਗਿਆ ਹੈ ਪ੍ਰੰਤੂ ਇਹ ਸਮਝ ਲੈਣਾ ਚਾਹੀਦਾ ਹੈ ਪੰਜਾਬ ਨੂੰ ਮੁੜ ਆਰਥਿਕ ਤੌਰ ਤੇ ਖੜਾ ਕਰਨ ਲਈ ਨਵੇਂ ਡੱਬਿਆਂ ਦੀ ਨਹੀਂ ਸਗੋਂ ਇੰਜਨ ਬਦਲਦੀ ਲੋੜ ਹੈ ਭਾਵ ਕੇ ਪੰਜਾਬ ਦੀ ਬੇਹਤਰੀ ਲਈ ਇਸ ਸਰਕਾਰ ਨੂੰ ਬਦਲਣਾ ਬੇਹਦ ਜਰੂਰੀ ਹੈ ਉਹਨਾਂ ਕਿਹਾ ਕਿ ਮੌਜੂਦਾ ਹਲਕਾ ਇੰਚਾਰਜ ਸਾਡੇ ਪੰਚ- ਸਰਪੰਚਾਂ ਨੂੰ ਧਮਕੀਆਂ ਦੇ ਰਿਹਾ ਪ੍ਰੰਤੂ ਮੈਂ ਉਹਨਾਂ ਨੂੰ ਦੱਸ ਦੇਣਾ ਚਾਹੁੰਦਾ ਉਹ ਕਾਂਗਰਸ ਪਾਰਟੀ ਦੇ ਹਰ ਇੱਕ ਵਰਕਰ ਨਾਲ ਮੈਂ ਚੱਟਾਨ ਵਾਂਗ ਖੜੇ ਹਨ। ਇਸ ਮੌਕੇ ਪਨਗਰੇਨ ਪੰਜਾਬ ਦੇ ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾ, ਬਲਾਕ ਕਾਂਗਰਸ ਕਮੇਟੀ ਮੋਰਿੰਡਾ ਦੇ ਪ੍ਰਧਾਨ ਦਰਸ਼ਨ ਸਿੰਘ ਸੰਧੂ, ਬਲਾਕ ਸੰਮਤੀ ਮੋਰਿੰਡਾ ਦੀ ਚੇਅਰਪਰਸਨ ਹਰਵਿੰਦਰ ਕੌਰ ਸੰਧੂ, ਸਾਬਕਾ ਬਲਾਕ ਸੰਮਤੀ ਚੇਅਰਮੈਨ ਪਰਸਨ ਬਲਜੀਤ ਕੌਰ ਸਮਾਣਾ ,ਬਲਾਕ ਸੰਮਤੀ ਮੈਂਬਰ ਹਰ ਕੀਰਤ ਸਿੰਘ ਮੜੌਲੀ ਕਲਾਂ ,ਬਲਵਿੰਦਰ ਸਿੰਘ ਰੰਗੀਆਂ, ਜਸਵਿੰਦਰ ਕੌਰ ਮੁੰਡੀਆ, ਕੌਂਸਲਰ ਮਨਦੀਪ ਸਿੰਘ ਬਾਜਵਾ, ਕੌਂਸਲਰ ਮਹਿੰਦਰ ਸਿੰਘ ਢਿੱਲੋ, ਗੁਰਵਿੰਦਰ ਸਿੰਘ ਜੋਕੀ ਫਤਿਹਪੁਰ, ਸਾਬਕਾ ਸਰਪੰਚ ਨਵਤੇਜ ਸਿੰਘ ਸਹੇੜੀ, ਸਾਬਕਾ ਬਲਾਕ ਸੰਮਤੀ ਮੈਂਬਰ ਬਲਵੀਰ ਸਿੰਘ ਸਹੇੜੀ, ਸਾਬਕਾ ਸਰਪੰਚ ਜਸਮੇਰ ਸਿੰਘ ਮੁੰਡੀਆ, ਸਮਾਜ ਸੇਵੀ ਸੁਖਵਿੰਦਰ ਸਿੰਘ ਮੰਡੀਆਂ, ਪੰਚਾਇਤ ਮੈਂਬਰ ਲਾਭ ਸਿੰਘ ਮੁੰਡੀਆਂ, ਯੂਥ ਆਗੂ ਗੁਰਜੀਤ ਸਿੰਘ ਮੁੰਡੀਆ, ਸਰਪੰਚ ਨਰਾਤਾ ਸਿੰਘ ਅਰਨੌਲੀ, ਧਰਮਿੰਦਰ ਸਿੰਘ ਅਰਨੌਲੀ, ਸਾਬਕਾ ਸਰਪੰਚ ਨਿਧਾਨ ਸਿੰਘ ਗੋਪਾਲਪੁਰ ਆਦਿ ਸਹਿਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਕਾਵਿ ਕਿਆਰੀ

## ਗ਼ਜ਼ਲ

ਸੱਚੇ ਇਸ਼ਕ ਦਾ ਵੇਖ ਕਰਿਸ਼ਮਾ, ਤੱਕ ਇਹ ਖੇਡ ਨਿਰਾਲੀ,
ਐਸਾ ਸਿਰ ਸਰਦਲ 'ਤੇ ਸੁੱਟਿਆ, ਬਣ ਗਏ ਘਰ ਦੇ ਵਾਲੀ।
ਗੁੱਸਾ ਨਫ਼ਰਤ ਲਹਿ ਗਈ ਫੁੱਲ ਤੋਂ, ਅਸਲੀ ਰੂਪ 'ਚ ਮਹਿਕੇ,
ਚਿਹਰਾ ਖਿੜਿਆ, ਜਿੱਦਾਂ ਚੜ੍ਹਦੇ ਸੂਰਜ ਵਾਲੀ ਲਾਲੀ।
ਨਹੀਂ ਪਰਿੰਦੇ ਡੱਕ ਸਕਦਾ ਉਹ, ਲੱਖਾਂ ਰੋਕਾਂ ਲਾ ਕੇ,
ਪਿੰਜਰੇ ਦੀ ਔਕਾਤ ਹੈ ਏਨੀ, ਆਖ਼ਿਰ ਹੋਣਾ ਖਾਲੀ।
ਬਾਗ਼ 'ਚ ਨ੍ਹੀਂ ਹਰ ਥਾਂ ਹਰਿਆਵਲ, ਬੰਜਰ ਧਰਤੀ ਬੁਸਕੇ,
ਕੁਝ ਬੂਟੇ ਤਾਂ ਮੰਗਤੇ ਬਣ ਗਏ, ਕਿੱਥੇ ਬਾਗ਼ ਦਾ ਮਾਲੀ।
ਨਾ ਗ਼ਰੀਬ ਦੇ ਬੱਚੇ ਮੂੰਹੋਂ ਅੰਨ ਦਾ ਦਾਣਾ ਖੋਹੀਂ,
ਇਹ ਕਰਤੂਤ ਛੁਪੀ ਨ੍ਹੀਂ ਰਹਿਣੀ, ਬਣੂ ਸਰਾਪ ਦਲਾਲੀ।
ਸ਼ਾਖਾਵਾਂ ਤੇ ਪੱਤੇ ਜਦ ਵੀ, ਬੁੱਢੇ ਮੁੱਢ ਵਿਸਾਰਨ,
'ਫੇਰੂਮਾਨਾ' ਹਰ ਰੁੱਖ ਪੁੱਛੇ, ਇਹ ਕੀ ਨਮਕ-ਹਲਾਲੀ।

ਡਾ.ਭੁਪਿੰਦਰ ਸਿੰਘ ਫੇਰੂਮਾਨ
ਸੰਪਰਕ: 95309-58070

## ਮੁਹੱਬਤ

ਪਤਨੀ ਨੂੰ
ਫੋਨ ਲਗਾਉਣ ਲੱਗਦਾ ਹਾਂ
ਅਚਾਨਕ ਬੈੱਲ ਵੱਜਦੀ ਹੈ।
ਸਕਰੀਨ 'ਤੇ
ਪਤਨੀ ਦਾ ਨਾਂ ਦਿਖਾਈ ਦਿੰਦਾ ਹੈ
ਫੋਨ ਉਠਾ ਕੇ ਕਹਿੰਦਾ ਹਾਂ
ਮੈਂ ਵੀ ਨੰਬਰ ਡਾਇਲ ਕਰਨ ਲੱਗਿਆ ਸੀ।
ਸੁਣ ਕੇ ਚਹਿਕ ਉੱਠਦੀ ਹੈ
'ਮੈਨੂੰ ਪਤਾ ਲੱਗ ਗਿਆ ਸੀ
ਦੇਖ ਲਓ, ਮੈਂ ਤੁਹਾਡਾ ਮਨ ਵੀ ਪੜ੍ਹ ਲੈਂਦੀ ਹਾਂ।'
ਮੇਰੇ ਚਿਹਰੇ 'ਤੇ ਵੀ ਲਾਲੀ ਆ ਜਾਂਦੀ ਹੈ।
ਮੈਨੂੰ ਇਹ ਇਤਫ਼ਾਕ
ਚੰਗਾ ਲੱਗਦਾ ਹੈ
ਜੋ ਦੋ ਚਾਰ ਮਹੀਨਿਆਂ 'ਚ
ਇੱਕ ਅੱਧੀ ਵਾਰ ਹੋ ਜਾਂਦਾ ਹੈ
ਤੇ ਸਾਨੂੰ ਫਿਰ
ਨਵੇਂ ਨਕੋਰ ਕਰ ਜਾਂਦਾ ਹੈ।

- ਕੁਲਵਿੰਦਰ ਕੌਸ਼ਲ਼
ਸੰਪਰਕ: 94176-36255

## ਦੋ ਗ਼ਜ਼ਲਾਂ



ਸੁੱਤਿਆਂ ਅੰਦਰ ਸੁਪਨ ਜਗਾਉਂਦੇ ਰਹਿੰਦੇ ਹਾਂ।
ਮਾਚਸ ਉੱਪਰ ਤੀਲੀ ਵਾਂਗੂੰ ਖਹਿੰਦੇ ਹਾਂ।
ਉੱਡਦੀਆਂ ਦੇ ਪਿਛੇ ਫਿਰਨਾ ਸ਼ੌਕ ਨਹੀਂ,
ਪੱਕੇ ਪੈਰੀਂ ਧਰਤੀ ਉਤੇ ਰਹਿੰਦੇ ਹਾਂ।
ਮਾਣ ਨਹੀਂ, ਅਭਿਮਾਨ ਨਹੀਂ, ਵਿਸ਼ਵਾਸੀ ਹਾਂ,
ਬਾਤ ਹਮੇਸ਼ਾ ਦਿਲ ਵਾਲੀ ਹੀ ਕਹਿੰਦੇ ਹਾਂ।
ਨਿੱਕੇ ਨਿੱਕੇ ਹਾਕਮ ਸਾਡੇ ਅੰਦਰ ਨੇ,
ਏਸੇ ਹੀ ਕਮਜ਼ੋਰੀ ਹੱਥੋਂ ਢਹਿੰਦੇ ਹਾਂ।
ਖੁਸ਼ਬੋਈ ਤੇ ਚਾਨਣ ਚਾਨਣ ਹੋ ਜਾਵੇ,
ਜਿਹੜੀ ਵੀ ਥਾਂ ਆਪਾਂ ਰੁਲ ਕੇ ਬਹਿੰਦੇ ਹਾਂ।
ਦਿਲ ਦੀ ਹਾਲਤ ਪੁੱਛਦਾ ਹੈਂ ਤਾਂ ਸੁਣ ਲੈ ਤੂੰ,
ਸੂਰਜ ਵਾਂਗੂੰ ਅੰਬਰੀਂ ਚੜ੍ਹਦੇ ਲਹਿੰਦੇ ਹਾਂ।
ਕੁਰਸੀ ਸਾਨੂੰ ਕਿੰਨਾ ਚਾਉ ਕੀਤਾ ਹੈ,
ਪੱਤਿਆਂ ਵਾਂਗੂੰ ਕਦੇ ਕਦਾਈਂ ਝੜਿੰਦੇ ਹਾਂ।


ਗੁਰਭਜਨ ਗਿੱਲ
ਮੋਬਾਈਲ : 81463-29999.

ਇਹ ਜਦ ਵੀ ਖਰਿਆਂ ਦੇ ਵਿਚ ਜਾ ਰਲਦੇ ਨੇ।
ਖੋਟੇ ਸਿੱਕੇ ਖਰਿਆਂ ਵਾਂਗ ਹੀ ਚਲਦੇ ਨੇ।
ਉਹਨਾਂ ਵਿੱਚ ਵੀ ਖਿੱਚ ਉਡੀਕ ਦੀ ਹੁੰਦੀ ਹੈ,
ਰੁੱਤ ਬਨਰੁੱਤੇ ਜੋ ਦਿਲ ਬਦਲਦੇ ਨੇ।
ਕੇਵਲ ਧੂੰ ਹੀ ਦਿੰਦੇ ਚਾਨਣ ਨਹੀਂ ਦਿੰਦੇ,
ਵੇਖ ਤਰੱਕੀ ਦੂਜੇ ਦੀ ਜੋ ਜਲਦੇ ਨੇ।
ਬਦਲ ਹੈ ਜਾਂਦੀ ਹੱਥ ਰੇਖਾ ਉਹਨਾਂ ਦੀ,
ਗ਼ਲਤੀ ਦੇ ਪਛਤਾਵੇ ਲਈ ਹੱਥ ਮਲਦੇ ਨੇ।
ਜਵਾਲਾ ਮੁਖੀ ਜੋ ਅੱਖਾਂ ਵਿਚੋਂ ਫੁਟਦਾ ਹੈ,
ਉਸ ਲਾਵੇ ਵਿਚ ਪੈ ਕੇ ਪੱਥਰ ਢਲਦੇ ਨੇ।
ਸਿੱਧੇ ਲਾਉਣ ਦੀ ਥਾਂ ਜੋ ਪੁੱਠੇ ਲਾਏ, ਉਹ,
ਮੀਲ ਦੇ ਪੱਥਰ ਰਾਹੀਆਂ ਤਾਈਂ ਛਲਦੇ ਨੇ।
ਜਿਸ ਨੂੰ ਸਵਾਂਤੀ ਬੂੰਦ ਦੀ ਚਾਹਤ ਨਹੀਂ ਹੁੰਦੀ
ਓਸ ਸਿੱਪ 'ਚ ਮੋਤੀ ਕਦੇ ਨਾ ਪਲਦੇ ਨੇ।
ਰੇਸ਼ਮ ਦੀ ਤੰਦ ਸਾਬਤ ਕਿਵੇਂ ਰਹੇ 'ਪੰਛੀ',
ਜਦ ਹੁਣ ਰਿਸ਼ਤੇ ਮੌਸਮ ਵਾਂਗ ਬਦਲਦੇ ਨੇ।



ਮੋਬਾਈਲ : 94170-9166888

## ਸੰਨਾਟੇ ਦਾ ਤੋੜ




ਬਹੁਤ ਭਿਆਨਕ ਸੰਨਾਟਾ ਹੈ
ਜਿਵੇਂ ਚਾਨਣੀ ਰਾਤ ਦੇ ਪੱਟ 'ਤੇ
ਸਿਵਾ ਕੋਈ ਸੌਂ ਰਿਹਾ ਹੋਵੇ
ਜਾਂ ਜਿਉਂ ਜੰਗ ਤੋਂ ਪਹਿਲਾਂ ਦਾ ਮੰਜ਼ਰ
ਜਾਂ ਜਿਉਂ ਜੰਗ ਹੁਣੇ ਹਟੀ ਹੀ ਹੋਵੇ!
ਬੱਦਲ, ਵਰਖਾ, ਬਨਸਪਤੀ, ਮੂੰਹ-ਜ਼ੋਰ ਹਵਾ
ਛੱਰਾਟਾ ਜਾਂ ਕਿਣਮਿਣ ਕਿਣਮਿਣ
ਪਰ ਚੁੱਪ ਦੇ ਆਹੂ ਲਾਹੁਣ ਲਈ
ਕਿਣਮਿਣ ਦਾ ਸੰਗੀਤ ਬਹੁਤ ਨਾਕਾਫ਼ੀ ਹੈ!
ਮੈਂ ਨਹੀਂ ਕਹਿੰਦਾ ਭੁੱਲ ਜਾਵੀਂ
ਮੈਂ ਨਹੀਂ ਕਹਿੰਦਾ ਚੇਤੇ ਰੱਖੀਂ
ਦਿਲ ਤੋਂ ਦਿਲ ਤਕ ਦਾ ਜੋ ਪੁਲ਼ ਹੈ
ਪਾਸੇ ਰੇਤ ਜਾਂ ਕਲਕਲ ਹੈ
ਜੋ ਵੀ ਹੈ ਪਰ ਸੰਨਾਟੇ ਦੇ
ਲੰਗਾਰ ਲਾਹੁਣ ਲਈ ਕਾਫ਼ੀ ਨਹੀਂ!
ਤੇਰਾ ਸੱਚ ਮੇਰਾ ਸੁਪਨਾ ਹੈ
ਸੱਚ ਓੜਕ ਸੱਚ ਰਹੇਗਾ ਵੀ,
ਮੇਰਾ ਸੁਪਨਾ ਫਿਰ ਵੀ ਸੁਪਨਾ ਹੈ
ਪਰ ਬਹੁਤ ਭਿਆਨਕ ਸੰਨਾਟਾ
ਜਿਵੇਂ ਚਾਨਣੀ ਰਾਤ ਦੇ ਪੱਟ 'ਤੇ
ਸਿਰ ਰੱਖ ਕੇ ਆਪਣਾ ਕੋਈ ਸਿਵਾ
ਵਰ੍ਹਿਆਂ ਤੋਂ ਸੁੱਤਾ ਘੂਕ ਪਿਆ!
ਏਸ ਬੁਰਜ਼ੂਆ ਸੰਨਾਟੇ ਦਾ ਕੋਈ ਤੋੜ ਨਹੀਂ?
ਏਸ ਬੁਰਜ਼ੂਆ ਸੰਨਾਟੇ ਦਾ ਤੋੜ ਤਾਂ ਕੋਈ ਹੋਵੇਗਾ??

- ਮੋਹਣ ਮਤਿਆਲਵੀ
ਸੰਪਰਕ: 97803-98455

# ਕਹਾਣੀ — ਬੇਨਾਮ ਰਿਸ਼ਤਾ

ਨਿਸ਼ਾਨ ਸਿੰਘ ਰਾਠੌਰ



ਜਗਬੀਰ ਆਪਣੇ ਪਿੰਡ ਦੀ ਫ਼ਿਰਨੀ ਲੰਘ ਕੇ ਆਪਣੇ ਘਰ ਵੱਲ ਨੂੰ ਵੱਧਿਆ ਤਾਂ ਉਸ ਦੇ ਪੁਰਾਣੇ ਜਿਹੇ ਘਰ ਦੀ ਜਗ੍ਹਾ 'ਤੇ ਆਲੀਸ਼ਾਨ ਕੋਠੀ ਬਣੀ ਹੋਈ ਸੀ। ਇੱਕ ਪਲ ਲਈ ਉਸ ਦੇ ਕਦਮ ਰੁੱਕ ਗਏ। ਉਹ ਸੋਚਣ ਲੱਗਾ ਕਿ ਉਸ ਦੇ ਪਰਿਵਾਰ ਕੋਲ ਇੰਨੇ ਪੈਸੇ ਕਿੱਥੋਂ ਆ ਗਏ ਕਿ ਇਹ ਮਹਿਲ ਛੱਤ ਲਿਆ?

ਗਲੀ ਵਿੱਚੋਂ ਲੰਘਦੇ ਇੱਕ ਮੁੰਡੇ ਨੂੰ ਉਸ ਨੇ ਪੁੱਛਿਆ, 'ਕਾਕਾ, ਬਾਵਰ ਦਾ ਘਰ ਆਹ ਹੀ ਹੈ?'

ਮੁੰਡਾ ਇਕਦਮ ਰੁੱਕ ਗਿਆ ਅਤੇ ਜਗਬੀਰ ਨੂੰ ਉੱਪਰ ਤੋਂ ਲੈ ਕੇ ਪੈਰਾਂ ਤੀਕ ਧਿਆਨ ਨਾਲ ਦੇਖਣ ਲੱਗਾ। ਕੁੱਝ ਦੇਰ ਸੋਚਣ ਤੋਂ ਬਾਅਦ ਉਹ ਬੋਲਿਆ, 'ਕੀ ਤੁਸੀਂ ਬਾਪੂ ਬਾਵਰ ਸਿੰਘ ਤੇ ਘਰ ਬਾਰੇ ਪੁੱਛ ਰਹੇ ਹੋ?'

ਆਪਣੇ ਛੋਟੇ ਭਰਾ ਬਾਵਰ ਦੇ ਨਾਂ ਨਾਲ 'ਬਾਪੂ' ਸ਼ਬਦ ਸੁਣ ਕੇ ਜਗਬੀਰ ਨੂੰ ਅਹਿਸਾਸ ਹੋਇਆ ਕਿ ਉਹ ਅੱਜ 30 ਸਾਲਾਂ ਬਾਅਦ ਆਪਣੇ ਪਿੰਡ, ਆਪਣੇ ਘਰ ਆਇਆ ਹੈ। ਜਗਬੀਰ ਆਪਣੇ ਕੋਲ ਖੜੇ ਉਸ ਮੁੰਡੇ ਨੂੰ ਭੁੱਲ ਗਿਆ ਅਤੇ ਆਪ ਯਾਦਾਂ ਦੇ ਸੰਸਾਰ ਵਿੱਚ ਗੁਆਚ ਗਿਆ।

ਉਸ ਨੂੰ ਯਾਦ ਆਈ ਆਪਣੀ ਜਵਾਨੀ..., ਆਪਣੇ ਹਾਣੀ..., ਆਪਣਾ ਸਕੂਲ..., ਆਪਣੇ ਬਾਪੂ ਦੀਆਂ ਝਿੜਕਾਂ..., ਮਾਂ ਦਾ ਪਿਆਰ..., ਭਰਜਾਈਆਂ ਦੇ ਸ਼ੁਗਲ..., ਆਪਣੇ ਪਿੰਡ ਦੇ ਬਾਬੇ ਤੇ ਅੱਜ ਉਸ ਨੂੰ ਬੱਚੇ ਬਾਬਾ ਆਖ ਰਹੇ ਸਨ। ਜਗਬੀਰ ਨੂੰ ਵਿਸ਼ਵਾਸ ਨਾ ਹੋਇਆ ਕਿ ਹੁਣ ਉਹ ਵੀ 'ਬਾਬਾ' ਹੋ ਗਿਆ ਹੈ।

ਜਗਬੀਰ ਨੂੰ ਜਾਪਿਆ ਜਿਵੇਂ ਕੁੱਝ ਹੀ ਪਲਾਂ ਵਿੱਚ ਉਸ ਨੇ ਆਪਣੀ ਸਾਰੀ ਜ਼ਿੰਦਗੀ ਬਤੀਤ ਕਰ ਲਈ ਹੋਵੇ। ਫ਼ਿਲਮ ਦੀ ਰੀਲ ਵਾਂਗ ਜਗਬੀਰ ਦੀਆਂ ਅੱਖਾਂ ਸਾਹਮਣੇ ਪੁਰਾਣੀਆਂ ਯਾਦਾਂ ਆਉਣ ਲੱਗੀਆਂ।

ਉਸ ਨੂੰ ਯਾਦ ਆਇਆ ਕਿ ਕਿਸ ਤਰ੍ਹਾਂ ਉਹ ਪਿੰਡ ਦੇ ਮੁੰਡਿਆਂ ਦੀ ਟੋਲੀ ਦਾ ਸਰਦਾਰ ਹੁੰਦਾ ਸੀ। ਸਾਰੇ ਪਿੰਡ ਵਿੱਚੋਂ ਉਹ ਅਜਿਹਾ ਪਹਿਲਾਂ ਮੁੰਡਾ ਸੀ ਜਿਹੜਾ ਦੱਸਵੀਂ ਜਮਾਤ ਵਿੱਚੋਂ ਪਾਸ ਹੋਇਆ ਸੀ ਤੇ ਖ਼ੁਸ਼ੀ 'ਚ ਖੀਵਾ ਹੋਏ ਜੱਗੀ ਦੇ ਬਾਪੂ ਦੇ ਪੈਰ ਧਰਤੀ ਤੇ ਨਹੀਂ ਸਨ ਲੱਗ ਰਹੇ। ਜੱਗੀ ਵੀ ਆਪਣੇ ਦੋਸਤਾਂ ਵਿੱਚ ਆਪਣੀ ਕਾਬਲੀਅਤ ਦੀਆਂ ਫੜ੍ਹਾਂ ਮਾਰ ਰਿਹਾ ਸੀ।

'ਕਿਉਂ ਬਈ ਨਾਜਰ ਸਿਆਂ, ਦੇਖਿਆ ਯਾਰਾਂ ਦਾ ਦਿਮਾਗ..., ਹੋ ਗਿਆ ਨਾ..., ਪਾਸ ਦੱਸਵੀਂ ਵਿੱਚੋਂ, ਪਿੰਡ ਦਾ ਰਿਕਾਰਡ ਤੋੜ ਤਾਂ ਯਾਰਾਂ ਨੇ।' ਜੱਗੀ ਨੇ ਆਪਣੇ ਦੋਸਤ ਨਾਜਰ ਸਿੰਘ ਨੂੰ ਕਿਹਾ।

'ਸੱਚੀਂ ਯਾਰਾਂ..., ਮੰਨ ਗਏ ਤੈਨੂੰ।' ਨਾਜਰ ਨੇ ਵੀ ਜੱਗੀ ਦੀ ਸਿਫ਼ਤ ਕਰਦਿਆਂ ਕਿਹਾ।

ਸਮਾਂ ਆਪਣੀ ਚਾਲ ਚੱਲਦਾ ਗਿਆ ਤੇ ਘਰ ਵਿੱਚ ਵੱਡਾ ਹੋਣ ਕਾਰਨ ਜੱਗੀ ਦਾ ਵਿਆਹ ਉਸ ਦੇ ਬਾਪੂ ਨੇ ਛੇਤੀ ਹੀ ਕਰ ਦਿੱਤਾ ਕਿਉਂਕਿ ਉਸ ਦੀ ਮਾਂ ਦੇ ਸਾਹਮਣੇ ਜਦੋਂ ਪਿੰਡ ਦੀਆਂ ਤੀਵੀਆਂ ਆਪਣੀਆਂ ਨੂੰਹਾਂ ਦੀਆਂ ਗੱਲਾਂ ਕਰਦੀਆਂ ਤਾਂ ਉਸ ਨੂੰ ਚੰਗਾ ਨਾ ਲੱਗਦਾ। ਉਸ ਨੂੰ ਆਪਣੇ ਵਿਹੜੇ ਵਿੱਚ ਘੁੰਮਦੀ ਨੂੰਹ ਚਾਹੀਦੀ ਸੀ ਜਿਸ ਨਾਲ ਉਹ ਆਪਣੇ ਦਿਲ ਦੀਆਂ ਗੱਲਾਂ ਕਰ ਸਕੇ।

ਮਾਂ ਦੇ ਇਸੇ ਚਾਅ ਵਿੱਚ ਜੱਗੀ ਦਾ ਵਿਆਹ ਹੋ ਗਿਆ। ਮਾਂ ਨੇ ਸਾਰੇ ਪਿੰਡ ਵਿੱਚ ਲੱਡੂ ਵੰਡੇ ਤੇ ਖ਼ੁਸ਼ੀ ਮਨਾਈ। ਚੰਨ ਜਿਹੀ ਨੂੰਹ ਦੇਖ ਕੇ ਜੱਗੀ ਦੀ ਮਾਂ ਦੀ ਖ਼ੁਸ਼ੀ ਦਾ ਕੋਈ ਅੰਤ ਨਾ ਰਿਹਾ। ਹੁਣ ਉਹ ਵੀ ਆਪਣੀ ਨੂੰਹ ਦੀਆਂ ਸਿਫ਼ਤਾਂ ਪਿੰਡ ਦੀਆਂ ਤੀਵੀਆਂ ਵਿੱਚ ਬੈਠ ਕੇ ਕਰ ਸਕਦੀ ਸੀ। ਜੱਗੀ ਵੀ ਖ਼ੁਸ਼ ਸੀ ਕਿ ਨਿਰਮਲ ਜਿਹੀ ਪੜ੍ਹੀ-ਲਿਖੀ ਪਤਨੀ ਉਸ ਨੂੰ ਮਿਲੀ ਸੀ।

ਵਿਆਹ ਤੋਂ ਕੁੱਝ ਮਹੀਨਿਆਂ ਬਾਅਦ ਜੱਗੀ ਨੇ ਫ਼ੌਜ ਵਿੱਚ ਭਰਤੀ ਹੋਣ ਲਈ ਅਰਜ਼ੀ ਦਿੱਤੀ ਅਤੇ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਉਸ ਦੀ ਕਿਸਮਤ ਨੇ ਉਸਦਾ ਸਾਥ ਦਿੱਤਾ ਤੇ ਉਹ ਫ਼ੌਜ ਵਿੱਚ ਭਰਤੀ ਹੋ ਗਿਆ। ਜੱਗੀ ਦੇ ਬਾਪੂ ਨੂੰ ਆਪਣੇ ਪੁੱਤ ਤੇ ਮਾਣ ਸੀ।

ਆਪਣੀ ਪਤਨੀ ਨਿਰਮਲ ਨੂੰ ਛੇਤੀ ਮੁੜ ਆਉਣ ਦਾ ਦਿਲਾਸਾ ਦੇ ਕੇ ਉਹ ਫ਼ੌਜ ਲਈ ਰਵਾਨਾ ਹੋ ਗਿਆ ਤੇ ਮੁੜ ਕੇ ਅੱਜ ਆ ਰਿਹਾ ਸੀ, 30 ਸਾਲ ਬਾਅਦ।

ਉਸ ਨੂੰ ਆਪਣੀ ਪਿਛਲੀ ਜ਼ਿੰਦਗੀ ਕਿਸੇ ਫ਼ਿਲਮ ਵਾਂਗ ਯਾਦ ਆ ਰਹੀ ਸੀ ਕਿ ਇਤਨੇ ਨੂੰ ਕਿਸੇ ਨੇ ਉਸ ਨੂੰ ਪਿੱਛੋਂ ਆਵਾਜ਼ ਮਾਰੀ।

'ਕੀ ਗੱਲ ਬਜ਼ੁਰਗੋ..., ਕੀ ਸੋਚ ਰਹੇ ਹੋ?' ਜੱਗੀ ਦੀਆਂ ਯਾਦਾਂ ਦੀ ਤੰਦ ਅਚਾਨਕ ਇਸ ਆਵਾਜ਼ ਨਾਲ ਟੁੱਟ ਗਈ। ਉਸ ਨੇ ਸਾਹਮਣੇ ਖੜੇ ਨੌਜਵਾਨ ਦੇ ਪ੍ਰਸ਼ਨ ਦਾ ਉੱਤਰ ਦੇਣ ਦੀ ਥਾਂ ਪੁੱਛਿਆ, 'ਕਾਕਾ..., ਕੀ ਨਾਂ ਏ ਤੇਰਾ?'

'ਜੀ..., ਇੰਦਰਜੀਤ।'

'ਤੇਰੇ ਬਾਪੂ ਦਾ ਕੀ ਨਾਂ ਏਂ...?' ਜੱਗੀ ਨੇ ਪੁੱਛਿਆ।

'ਸਰਦਾਰ ਨਛੱਤਰ ਸਿੰਘ।'

'ਅੱਛਾ..., ਤੂੰ ਨਛੱਤਰ ਦਾ ਮੁੰਡਾ ਏਂ।' ਜੱਗੀ ਨੇ ਉਸ ਦੇ ਸਿਰ ਤੇ ਹੱਥ ਫ਼ੇਰਦਿਆਂ ਕਿਹਾ।

'ਹਾਂ ਜੀ।'

'ਕਿੱਥੇ ਹੈ ਤੇਰਾ ਬਾਪੂ?'

'ਜੀ ਉਹ ਖੇਤਾਂ ਵਿੱਚ ਹਨ..., ਪਰ ਤੁਸੀਂ ਕੌਣ ਹੋ...?' ਮੁੰਡੇ ਨੇ ਜੱਗੀ ਨੂੰ ਪਛਾਣਿਆ ਨਹੀਂ ਸੀ।

'ਮੈਂ ਤੇਰੇ ਬਾਪੂ ਦਾ ਯਾਰ ਜੱਗੀ ਹਾਂ।' ਉਸਨੇ ਹੱਸਦਿਆਂ ਮੁੰਡੇ ਨੂੰ ਉੱਤਰ ਦਿੱਤਾ।

'ਚੱਲ ਤੇਰੇ ਬਾਪੂ ਨੂੰ ਮਿਲਦੇ ਹਾਂ ਪਹਿਲਾਂ।' ਜੱਗੀ ਨੇ ਮੁੰਡੇ ਦੇ ਮੋਢੇ ਤੇ ਹੱਥ ਰੱਖਦਿਆਂ ਕਿਹਾ।

ਨੌਜਵਾਨ ਨਾਲ ਜੱਗੀ ਉਹਨਾਂ ਦੇ ਖੇਤਾਂ ਵਿੱਚ ਪਹੁੰਚ ਗਿਆ ਤੇ ਸਾਹਮਣੇ ਦੇਖਦਾ ਹੈ ਇੱਕ ਬਜੁਰਗ ਕਹੀ ਨਾਲ ਖੇਤ ਵਿੱਚ ਕੰਮ ਕਰ ਰਿਹਾ ਹੈ।

'ਉਏ ਛੱਤਿਆ..., ਕੀ ਹਾਲ ਏ ਤੇਰਾ?' ਜੱਗੀ ਨੇ ਉੱਚੀ ਆਵਾਜ਼ ਵਿੱਚ ਕਿਹਾ ਤਾਂ ਕੰਮ ਕਰ ਰਿਹਾ ਬਜ਼ੁਰਗ ਅਚਾਨਕ ਰੁੱਕ ਗਿਆ ਅਤੇ ਜੱਗੀ ਵੱਲ ਦੇਖਣ ਲੱਗਾ।

ਨਛੱਤਰ ਸਿੰਘ ਕੁੱਝ ਦੇਰ ਤੱਕ ਆਉਣ ਵਾਲੇ ਉਸ ਵਿਅਕਤੀ ਨੂੰ ਪਛਾਨਣ ਦਾ ਯਤਨ ਕਰਦਾ ਰਿਹਾ ਅਤੇ ਜਦੋਂ ਉਸ ਨੂੰ ਆਪਣੇ ਬਚਪਨ ਦੇ ਯਾਰ ਦੀ ਸ਼ਕਲ ਚੇਤੇ ਆਈ ਹੈ ਤਾਂ ਉਸ ਦੇ ਮੂੰਹੋਂ ਝੱਟ ਨਿਕਲਿਆ ਹੈ, 'ਉਏ ਜੱਗੀ ਤੂੰ..., ਪਰ ਤੂੰ ਤਾਂ...?' ਉਹ ਚੁੱਪ ਕਰ ਗਿਆ ਤੇ ਆਪਣਾ ਉਸ ਨੇ ਵਾਕ ਪੂਰਾ ਨਾ ਕੀਤਾ।

'ਪਰ ਮੈਂ ਕੀ...?' ਜੱਗੀ ਨੇ ਕਾਹਲੀ ਨਾਲ ਪੁੱਛਿਆ।

'ਤੂੰ ਤਾਂ ਜੰਗ ਵਿੱਚ ਸ਼ਹੀਦ ਹੋ ਗਿਆ ਸੀ ਤੇ ਸਾਰਾ ਪਿੰਡ ਤੈਨੂੰ ਸ਼ਹੀਦ ਹੀ ਸਮਝ ਰਿਹਾ ਹੈ।' ਨਛੱਤਰ ਸਿੰਘ ਨੇ ਇੱਕ ਵਾਕ ਵਿੱਚ ਹੀ ਆਪਣੀ ਗੱਲ ਪੂਰੀ ਕਰਦਿਆਂ ਕਿਹਾ।

'ਨਹੀਂ ਯਾਰਾ, ਜਦੋਂ ਮੇਰੀ ਟ੍ਰੇਨਿੰਗ ਮੁੱਕੀ ਤਾਂ ਕੁੱਝ ਦਿਨਾਂ ਬਾਅਦ ਹੀ ਪਾਕਿਸਤਾਨ ਨਾਲ ਜੰਗ ਛਿੜ ਪਈ। ਮੈਨੂੰ ਜੰਗ ਵਿੱਚ ਭੇਜਿਆ ਗਿਆ ਤੇ ਜੰਗ ਵਿੱਚ ਮੈਂ ਦੁਸ਼ਮਣ ਦੇ ਹੱਥ ਆ ਗਿਆ।

ਉਹਨਾਂ ਦੀ ਕੈਦ ਵਿੱਚੋਂ ਹੁਣ ਰਿਹਾਅ ਹੋਇਆ ਆਂ, ਮੇਰੀ ਪਲਟੂਨ ਨੇ ਮੇਰੀ ਬਥੇਰੀ ਭਾਲ ਕੀਤੀ ਪਰ ਅਸੀਂ 3 ਜਵਾਨ ਦੁਸ਼ਮਣ ਸੈਨਾ ਦੇ ਹੱਥ ਆ ਗਏ। ਮੇਰੀ ਪਲਟੂਨ ਦੇ ਜਿਹੜੇ ਜਵਾਨ ਸ਼ਹੀਦ ਹੋ ਗਏ ਸਨ ਉਹਨਾਂ ਵਿੱਚੋਂ ਕਈਆਂ ਦੀਆਂ ਲੋਥਾਂ ਨਹੀਂ ਸਨ ਮਿਲੀਆਂ..., ਇਸ ਲਈ ਮੈਨੂੰ ਅਤੇ ਮੇਰੇ 2 ਸਾਥੀਆਂ ਨੂੰ ਵੀ ਸ਼ਹੀਦ ਮੰਨ ਲਿਆ ਹੋਣਾ ਏ।' ਜੱਗੀ ਇੱਕੋ ਸਾਹੇ ਸਾਰੀ ਗੱਲ ਨਛੱਤਰ ਸਿੰਘ ਨੂੰ ਕਹਿ ਗਿਆ। ਕੁੱਝ ਦੇਰ ਇਸੇ ਤਰਾਂ ਚੁੱਪ ਵਰਤੀ ਰਹੀ ਅਤੇ ਫ਼ਿਰ ਜੱਗੀ ਨੇ ਪੁੱਛਿਆ, 'ਪਰ ਕਿਸੇ ਨੇ ਮੇਰੀ ਭਾਲ ਨੀਂ ਕੀਤੀ...?' 'ਕੀਤੀ ਕਿਉਂ ਨਹੀਂ..., ਤੇਰੇ ਭਰਾ ਬਾਵਰ ਨੇ ਬਹੁਤ ਭਾਲ ਕੀਤੀ, ਪਰ ਤੇਰਾ ਕੁੱਝ ਵੀ ਪਤਾ ਨਹੀਂ ਲੱਗਿਆ।' 'ਮੇਰੀ ਘਰਵਾਲੀ ਨਿਰਮਲ ਦਾ ਕੀ ਹਾਲ ਹੈ?' ਇਹ ਗੱਲ ਪੁੱਛਣ ਤੇ ਜੱਗੀ ਦਾ ਦਿਲ ਜ਼ੋਰ-ਜ਼ੋਰ ਨਾਲ ਧੜਕ ਰਿਹਾ ਸੀ। ਉਸ ਦੇ ਮਨ ਵਿੱਚ ਅਜੀਬ ਜਿਹੇ ਵਿਚਾਰ ਆ ਰਹੇ ਸਨ ਪਰ ਦਲੇਰੀ ਕਰਕੇ ਉਸ ਨੇ ਪੁੱਛ ਹੀ ਲਿਆ।

ਇਹ ਸਵਾਲ ਸੁਣ ਕੇ ਨਛੱਤਰ ਸਿੰਘ ਚੁੱਪ ਕਰ ਗਿਆ। ਜਗਬੀਰ ਉਸ ਦੇ ਜਵਾਬ ਦੀ ਉਡੀਕ ਵਿੱਚ ਸੀ ਜਦੋਂ ਨਛੱਤਰ ਸਿੰਘ ਕੁੱਝ ਦੇਰ ਤੱਕ ਇਸੇ ਤਰਾਂ ਚੁੱਪ ਵੱਟੀ ਖੜਾ ਰਿਹਾ ਤਾਂ ਉਸ ਨੇ ਕਾਹਲੀ ਨਾਲ ਫ਼ੇਰ ਪੁੱਛਿਆ, 'ਕੀ ਗੱਲ ਨਛੱਤਰ ਸਿਆਂ, ਮੇਰੀ ਗੱਲ ਦਾ ਜਵਾਬ ਨੀਂ ਦਿੱਤਾ?'

'ਜਵਾਬ ਕੀ ਦੇਵਾਂ ਯਾਰਾਂ..., ਮੈਂ ਕੁੱਝ ਕਹਿਣ ਲਈ ਸ਼ਬਦਾਂ ਦੀ ਭਾਲ ਕਰ ਰਿਹਾ ਹਾਂ।'

'ਪਰ ਕੁੱਝ ਤਾਂ ਦੱਸ...?'

'ਤੇਰੀ ਮੌਤ ਦੀ ਖ਼ਬਰ ਸੁਣਦਿਆਂ ਉਸ ਵਿਚਾਰੀ 'ਤੇ ਮੁਸੀਬਤਾਂ ਦੇ ਪਹਾੜ ਟੁੱਟ ਪਏ..., ਕਈ ਸਾਲ ਤੇਰੀ ਉਡੀਕ ਵਿੱਚ ਲੰਘਾ ਦਿੱਤੇ..., ਪਰ ਫ਼ਿਰ ਲੋਕਾਂ ਦੇ ਕਹਿਣ ਤੇ ਉਸ ਨੇ ਤੇਰੇ ਭਰਾ ਬਾਵਰ ਨਾਲ ਵਿਆਹ...?'

ਇਸ ਤੋਂ ਅੱਗੇ ਨਛੱਤਰ ਸਿੰਘ ਕੁੱਝ ਨਾ ਬੋਲ ਸਕਿਆ। ਜੱਗੀ ਨੂੰ ਹੁਣ ਕੁੱਝ ਨਹੀਂ ਸੀ ਸੁਣ ਰਿਹਾ। ਉਹ ਚੁੱਪਚਾਪ ਖੜਾ ਇੱਕ ਪਲ ਵਿੱਚ ਆਪਣੀ ਪਤਨੀ ਨਿਰਮਲ ਨਾਲ ਬਣੇ ਇਸ 'ਬੇਨਾਮ ਰਿਸ਼ਤੇ' ਬਾਰੇ ਸੋਚ ਰਿਹਾ ਸੀ ਕਿ ਇਸ 'ਹੋਣੀ' ਪਿੱਛੇ ਕਸੂਰ ਕਿਸ ਦਾ ਹੈ..., ਮੇਰਾ...?, ਨਿਰਮਲ ਦਾ..., ਬਾਵਰ ਦਾ...? ਜਾਂ ਫ਼ਿਰ ਸਮਾਜ ਦਾ...? ਪਰ ਉਸ ਨੂੰ ਕੋਈ ਜਵਾਬ ਨਹੀਂ ਸੀ ਮਿਲ ਰਿਹਾ। ਜੱਗੀ ਹੌਲੀ-ਹੌਲੀ ਮੁੜ ਪਿੰਡ ਦੀਆਂ ਗਲੀਆਂ ਤੋਂ ਬਾਹਰ ਵੱਲ ਨੂੰ ਚੱਲ ਪਿਆ। ਦੂਰ ਕਿਸੇ ਗੁੰਮਨਾਮ ਜ਼ਿੰਦਗੀ ਵੱਲ..., ਜਿੱਥੇ ਨਾ ਇਹ ਬੇਨਾਮ ਰਿਸ਼ਤੇ ਅਪੜ ਸਕਣ ਤੇ ਨਾ ਹੀ ਉਸ ਦੇ ਆਪਣੇ...! ਨਛੱਤਰ ਸਿੰਘ ਤੁਰੇ ਜਾਂਦੇ ਜੱਗੀ ਨੂੰ ਪਿੱਛੋਂ ਆਵਾਜਾਂ ਮਾਰ ਰਿਹਾ ਸੀ, 'ਜੱਗੀ..., ਉਏ ਜੱਗੀ..., ਗੱਲ ਤਾਂ ਸੁਣ..., ਘਰ ਤਾਂ ਚੱਲ..., ਤੇਰਾ ਭਰਾ ਬਾਵਰ ਤੈਨੂੰ ਉਡੀਕ...? ਜੱਗੀ..., ਜੱਗੀ..., ਗੱਲ ਤਾਂ ਸੁਣ..., ਤੇਰੀ ਘਰਵਾਲੀ...! ਜੱਗੀ..., ਜੱਗੀ...! ਪਰ ਜੱਗੀ ਹੌਲੀ-ਹੌਲੀ ਪਿੰਡ ਤੋਂ ਬਾਹਰ ਜਾ ਚੁੱਕਾ ਸੀ। ਕਿਸੇ ਅਨਜਾਣ ਮੰਜ਼ਲ ਵੱਲ..., ਜਿਸ ਦਾ ਪਤਾ ਉਸ ਨੂੰ ਖੁਦ ਵੀ ਨਹੀਂ ਸੀ .....।

# ਵਿਅੰਗ: ਨਾ ਲੈਣਾ ਇਕ, ਨਾ ਦੇਣੇ ਦੋ

-ਗੁਰਚਰਨ ਸਿੰਘ ਚਮਨ



> 'ਪਰ ਕੁਝ ਦੱਸ ਤੇ ਸਹੀ, ਐਵੇਂ ਐਨੀ ਭੂਮਿਕਾ ਕਿਉਂ ਬੰਨ੍ਹੀ ਜਾਂਦੇ ਓ। ਤੁਸੀਂ ਮਤਲਬ ਦੀ ਗੱਲ ਕਰੋ। ਆਪਾਂ ਇਨ੍ਹਾਂ ਹੋਰਨਾਂ ਗੱਲਾਂ 'ਚੋਂ ਕੀ ਲੈਣਾ, 'ਨਾ ਲੈਣਾ ਇਕ, ਨਾ ਦੇਣੇ ਦੋ।'

ਇਕ ਪੜ੍ਹਿਆ-ਲਿਖਿਆ ਸਿਆਣੀ ਉਮਰ ਦਾ ਆਦਮੀ ਆਪਣੇ ਘਰ ਦੇ ਬਾਹਰ ਬਰਾਂਡੇ ਵਿਚ ਬੈਠਾ ਸਵੇਰੇ-ਸਵੇਰੇ ਅਖ਼ਬਾਰ ਪੜ੍ਹ ਰਿਹਾ ਸੀ। ਉਸ ਨੂੰ ਇਕ ਓਪਰਾ ਬੰਦਾ ਮਿਲਣ ਲਈ ਆਇਆ। ਆਉਂਦਿਆਂ ਹੀ 'ਭਾਪਾ ਜੀ, ਸਤਿ ਸ੍ਰੀ ਅਕਾਲ', ਉਸ ਨੇ ਵੀ ਅੱਗੋਂ ਸਤਿ ਸ੍ਰੀ ਅਕਾਲ ਦਾ ਜਵਾਬ ਦਿੱਤਾ ਤੇ ਲੱਗ ਪਿਆ ਉਸ ਆਉਣ ਵਾਲੇ ਨੂੰ ਵੇਖਣ। ਉਸ ਨੂੰ ਯਾਦ ਨਹੀਂ ਆ ਰਿਹਾ ਸੀ ਪਰ ਉਹ ਜਾਣ-ਪਛਾਣ ਵਾਲਾ ਹੀ ਲੱਗ ਰਿਹਾ ਸੀ।

'ਲਗਦਾ ਏ ਭਾਪਾ ਜੀ ਨੇ ਪਛਾਣਿਆ ਨਹੀਂ। ਤੇ ਲੱਗ ਪਏ ਉਹ ਇਕ-ਦੂਜੇ ਨੂੰ ਗਹੁ ਨਾਲ ਦੇਖਣ। ਭਾਪਾ ਜੀ ਹੁਣ ਸ਼ਸ਼ੋਪੰਜ 'ਚ ਸੀ ਕਿ ਇਹ ਕੋਈ ਚੀਜ਼ ਮੰਗਣ ਵਾਸਤੇ ਨਾ ਆਇਆ ਹੋਵੇ। ਕਿਉਂਕਿ ਉਸ ਦਾ ਅੰਦਾਜ਼ ਹੀ ਕੁਝ ਐਸਾ ਸੀ। ਆਉਣ ਵਾਲੇ ਨੇ ਫਿਰ ਚੁੱਪ ਤੋੜੀ, ਨਹੀਂ ਨਾ ਪਛਾਣਿਆ, ਲੈ ਕਰ ਲਓ ਗੱਲ। ਐਥੇ ਹੀ ਹੋ ਗਈ 'ਨਾ ਲੈਣਾ ਇਕ, ਨਾ ਦੇਣੇ ਦੋ' ਵਾਲੀ ਗੱਲ। ਹੁਣ ਤੇ ਦੱਸਣਾ ਹੀ ਪਊ। ਮੈਂ ਹਾਂ ਭਾਪਾ ਜੀ ਚਰਨ ਦਾਸ, ਤੁਹਾਡੇ ਚਰਨਾਂ ਦਾ ਦਾਸ। ਪੰਜਾਬੀ ਦੇ ਪੈਂਤੀ ਅੱਖਰੀ ਦੇ ਮਿਆਰ ਦੇ ਅੱਖਰ ਤੋਂ ਸ਼ੁਰੂ ਹੁੰਦਾ ਏ ਮੇਰਾ ਨਾਉਂ, ਚੱਚਾ ਚਰਨ ਦਾਸ, ਚਰਨੀ ਚਰਨਾ ਚਰਨ ਦਾਸ। ਹੁਣ ਤੇ ਤੁਹਾਡੀ ਕਿਰਪਾ ਨਾਲ ਲੋਕ ਮੈਨੂੰ ਖਾਲਸ ਚਰਨ ਦਾਸ ਹੀ ਕਹਿੰਦੇ ਨੇ। ਬੜੇ ਯਾਰ-ਮਿੱਤਰ ਮੈਨੂੰ ਮਜਬੂਰ ਵੀ ਕਰ ਰਹੇ ਨੇ ਕਿ ਆਉਂਦੀਆਂ ਚੋਣਾਂ ਵਿਚ ਕੌਂਸਲਰ ਹੀ ਖੜ੍ਹੇ ਹੋ ਜਾਓ। ਹੁਣ ਤੇ ਪਛਾਣਿਆ ਜੇ ਨਾ।' ਉਸ ਨੇ ਲੰਮੀ ਆਵਾਜ਼ ਨਾਲ ਸਵਾਲ ਕੀਤਾ।

'ਹਾਂ, ਦੱਸੋ', ਅੱਗੋਂ ਉਹ ਕੁਝ ਸੁਖਾਲੇ ਹੋਏ। ਪਰ ਦਿਲੋਂ ਤਸੱਲੀ ਨਹੀਂ ਸੀ ਹੋਈ।

'ਨਹੀਂ ਭਾਪਾ ਜੀ ਦੱਸਣਾ ਕੀ ਏ? ਤੁਸੀਂ ਫਿਕਰ ਨਾ ਕਰੋ, ਮੈਂ ਕੁਝ ਮੰਗਣ ਨਹੀਂ ਆਇਆ। ਤੁਸੀਂ ਜ਼ਰਾ ਇਸ ਖਾਕ ਸਾਰ ਨੂੰ ਪਛਾਣੋ ਤੇ ਸਹੀ। ਤੁਸੀਂ ਪਛਾਣਦੇ ਹੀ ਨਹੀਂ।'

'ਨਹੀਂ, ਨਹੀਂ, ਇਸ ਵਿਚ ਪਛਾਨਣ ਵਾਲੀ ਕਿਹੜੀ ਗੱਲ ਏ, ਤੁਸੀਂ ਦੱਸੋ ਤੇ ਸਹੀ।'

'ਤੁਸੀਂ ਵੀ ਸੱਚੇ ਹੋ। ਸਵੇਰੇ-ਸਵੇਰੇ ਤਾਂ ਚੰਦਿਆਂ ਵਾਲੇ, ਲੰਗਰ ਲਗਾਉਣ ਵਾਲੇ ਤੇ ਉਗਰਾਹੀਆਂ ਵਾਲੇ ਐਵੇਂ ਫਜ਼ੂਲ ਹੀ ਜਾਣ-ਪਛਾਣ ਕੱਢੀ ਜਾਣਗੇ, ਸਿਫਾਰਸ਼ਾਂ ਤੇ ਵਾਕਫੀਅਤ ਕੱਢੀ ਜਾਣਗੇ। ਤੁਸੀਂ ਕਿਸ ਨੂੰ ਪਛਾਣੋਗੇ। ਪਰ ਭਾਪਾ ਜੀ, ਤੁਸੀਂ ਫਿਕਰ ਨਾ ਕਰੋ, ਮੈਂ ਕਿਸੇ ਅਜਿਹੇ ਕੰਮ ਲਈ ਨਹੀਂ ਆਇਆ। ਹੁਣ ਤੇ ਪਛਾਣੋਗੇ ਨਾ?'

'ਹਾਂ, ਹਾਂ, ਪਛਾਨਣਾ ਕਿਉਂ ਨਹੀਂ। ਤੁਸੀਂ ਉਹੀਓ ਚਰਨ ਦਾਸ ਜੀ ਕਮੇਟੀਆਂ ਵਾਲੇ ਹੀ ਊ।'

'ਬਸ, ਬਸ ਹੁਣ ਪਛਾਣਿਆ ਜੇ। ਆ ਗਿਆ ਨਾ ਸੁਆਦ। ਪਹਿਲੇ ਤੁਹਾਡੀ ਨਿਗ੍ਹਾ ਸੀ ਡਾਕਟਰਾਂ ਵਾਲੀ, ਜਿਹੜੇ ਆਪਣੇ ਮਰੀਜ਼ ਨਾਲ ਪਹਿਲੇ ਅੱਖ ਹੀ ਨਹੀਂ ਮਿਲਾਉਂਦੇ, ਅੱਖ ਮਿਲਾਈ ਤੇ ਫੀਸ ਘਟੀ, ਹੁਣ ਤੁਹਾਡੀ ਅੱਖ ਹੈ ਵਪਾਰੀਆਂ ਵਾਲੀ। ਅੱਗੇ ਮੈਂ ਤੁਹਾਨੂੰ ਮੁਫ਼ਤਖੋਰਾ ਲੱਗ ਰਿਹਾ ਸੀ ਤੇ ਹੁਣ ਸਾਮੀ ਲੱਗ ਰਿਹਾ ਵਾਂ। ਪਰ ਭਾਪਾ ਜੀ ਆਪਾਂ ਵੀ ਚਾਰੇ ਪੱਤਣ ਤਰੇ ਹੋਏ ਹਾਂ। ਮੈਂ ਨਾ ਤੇ ਕੋਈ ਮੁਫ਼ਤਖੋਰਾ ਵਾਂ ਤੇ ਨਾ ਹੀ ਕੋਈ ਸਾਮੀ। ਪਹਿਲੇ ਤੁਸੀਂ ਬੈਠਣ ਲਈ ਨਹੀਂ ਕਹੋਗੇ। ਲਓ, ਮੈਂ ਆਪ ਹੀ ਬਹਿ ਜਾਨਾਂ ਵਾਂ। ਮੇਰਾ ਤੇ ਸਵਾਲ ਵੀ ਕੋਰਾ ਹੈ ਤੇ ਜਵਾਬ ਵੀ ਕੋਰਾ ਮੰਗਦਾ ਹਾਂ। ਬਸ ਸਵੇਰੇ ਦੀ ਚਾਹ ਤੇ ਹੀ ਸਰ ਜਾਏਗਾ।'

'ਹੁਕਮ ਕਰੋ। ਕਾਹਦਾ ਸਵਾਲ ਏ ਤੁਹਾਡਾ?'

'ਸਵਾਲ ਕਾਹਦਾ ਏ। ਤੁਸੀਂ ਵੀ ਕਹੋਗੇ ਲੈਣਾ ਇਕ, ਨਾ ਦੇਣੇ ਦੋ।'

ਐਨੇ ਚਿਰ ਨੂੰ ਉਨ੍ਹਾਂ ਦੀ ਪਤਨੀ ਚਾਹ ਬਣਾ ਕੇ ਅੰਦਰੋਂ ਲੈ ਆਈ। ਚਾਹ ਵੇਖ ਕੇ ਪਹਿਲੇ ਉਸ ਨੇ ਖੜ੍ਹੇ ਹੋ ਕੇ ਸਤਿ ਸ੍ਰੀ ਅਕਾਲ ਬੁਲਾਈ ਤੇ ਫਿਰ ਮੇਜ਼ 'ਤੇ ਪਈ ਚਾਹ ਦੀ ਪਿਆਲੀ ਚੁੱਕੀ ਤੇ ਘੁੱਟ ਭਰ ਕੇ ਫਿਰ ਬੋਲਿਆ, 'ਐਹਨੂੰ ਕਹਿੰਦੇ ਨੇ ਦਾਣੇ-ਦਾਣੇ 'ਤੇ ਲਿਖਿਆ ਖਾਣੇ ਵਾਲੇ ਦਾ ਨਾਂਅ। ਭਾਬੀ ਜੀ! ਚਾਹ ਵਿਚ ਮਿੱਠਾ ਬਿਲਕੁਲ ਠੀਕ ਪਾਇਆ ਏ। ਇਹ ਹੈ ਠੀਕ ਜੱਜਮੈਂਟ। ਆਖਰ ਸਿਆਣੇ ਲੋਕਾਂ ਦੀਆਂ ਘਰਵਾਲੀਆਂ ਵੀ ਸਿਆਣੀਆਂ ਹੀ ਹੁੰਦੀਆਂ ਨੇ। ਮੇਰੀ ਘਰ ਵਾਲੀ ਤੇ ਪਹਿਲੋਂ ਪੁੱਛੇਗੀ। ਚਾਹ ਫਿੱਕੀ ਕਿ ਮਿੱਠੇ ਵਾਲੀ। ਇਹ ਹੈ ਸਮਝਦਾਰੀ ਦੀ ਗੱਲ। ਉਮਰ ਦੇਖ ਕੇ ਖਾਣ-ਪੀਣ ਦੀ ਚੀਜ਼ ਬਣਾਉਣੀ। ਭਾਬੀ ਜੀ ਠੀਕ ਕਿਹਾ ਏ ਨਾ ਮੈਂ। ਐਹ ਬਿਸਕੁਟ ਤਾਂ ਰਹਿਦੀ ਖੂੰਹਦੀ ਕਸਰ ਵੀ ਕੱਢ ਦੇਣਗੇ। ਇਹ ਕਹਿ ਉਹ ਆਪਣੇ ਸਵਾਲ ਦਾ ਜਵਾਬ ਢੂੰਡਣ ਲੱਗ ਪਿਆ। ਮੇਜ਼ਬਾਨ ਉਹਦੀ ਘਰਵਾਲੀ ਆਪਣੀ ਤਾਰੀਫ਼ ਸੁਣ ਕੇ ਕੁਝ ਮੁਸਕਰਾਈ ਤੇ ਫਿਰ ਉਠ ਕੇ ਚਲੀ ਗਈ। ਉਹ ਫਿਰ ਬੋਲਿਆ, 'ਭਾਬੀ ਜੀ ਕੁਝ ਗੁੱਸਾ ਤੇ ਨਹੀਂ ਕਰ ਗਏ। ਉਂਝ ਬੈਠੇ ਵੀ ਰਹਿੰਦੇ ਤਾਂ ਕੋਈ ਹਰਜ਼ ਨਹੀਂ ਸੀ। ਆਪਣਾ ਸਵਾਲ ਕੋਈ ਜ਼ਨਾਨਾ-ਮਰਦਾਨਾ ਨਹੀਂ।'

'ਜ਼ਨਾਨਾ-ਮਰਦਾਨਾ, ਕੀ ਮਤਲਬ?' ਮੇਰਾ ਮਤਲਬ ਹੈ ਮੇਰੇ ਸਵਾਲ ਦਾ ਕੋਈ ਸੈਕਸ ਨਹੀਂ। ਇਸ ਦਾ ਜਵਾਬ ਮਰਦ-ਔਰਤ ਕੋਈ ਵੀ ਦੇ ਸਕਦਾ ਹੈ। ਵਕੀਲ ਮੈਂ ਤੇ ਇਹੀ ਕਹਾਂਗਾ ਮੇਰਾ ਸਵਾਲ ਤੇ ਫੈਮਿਲੀ ਵਾਲਾ ਹੈ। ਇਸ ਦਾ ਜਵਾਬ ਤੇ ਮੀਆਂ-ਬੀਵੀ ਮਿਲ ਕੇ ਹੀ ਦੇ ਦੇਣ ਤਾਂ ਚੰਗਾ ਏ।'

'ਪਰ ਕੁਝ ਦੱਸ ਤੇ ਸਹੀ, ਐਵੇਂ ਐਨੀ ਭੂਮਿਕਾ ਕਿਉਂ ਬੰਨ੍ਹੀ ਜਾਂਦੇ ਓ। ਤੁਸੀਂ ਮਤਲਬ ਦੀ ਗੱਲ ਕਰੋ। ਆਪਾਂ ਇਨ੍ਹਾਂ ਹੋਰਨਾਂ ਗੱਲਾਂ 'ਚੋਂ ਕੀ ਲੈਣਾ, 'ਨਾ ਲੈਣਾ ਇਕ, ਨਾ ਦੇਣੇ ਦੋ।'

'ਬੱਸ, ਬੱਸ ਮੈਂ ਉਥੇ ਆ ਰਿਹਾ ਹਾਂ। ਸਾਡੇ ਮੁਹੱਲੇ 'ਚ ਇਕ ਦੁਕਾਨਦਾਰ ਹੈ, ਉਹ ਮੈਨੂੰ ਰਾਹ ਜਾਂਦੇ ਨੂੰ ਬੁਲਾ ਲੈਂਦਾ ਏ। ਪਰ ਜਦੋਂ ਉਹ ਵਿਹਲਾ ਹੋਵੇ ਤੇ ਕਈ ਵਾਰ ਮੈਨੂੰ ਦੁਕਾਨ 'ਤੇ ਬਿਠਾ ਕੇ ਆਪ ਹੋਰ ਕੰਮ ਵੀ ਤੁਰ ਜਾਂਦਾ ਹੈ। ਪਰ ਕੁਝ ਦਿਨ ਪਹਿਲੇ ਉਸ ਦੀ ਦੁਕਾਨ 'ਤੇ ਗਾਹਕ ਸੀ। ਮੈਂ ਉਥੋਂ ਲੰਘਦਿਆਂ ਉਸ ਨੂੰ ਪਿਆਜ਼ਾਂ ਦਾ ਰੇਟ ਪੁੱਛ ਲਿਆ। ਅੱਜਕਲ੍ਹ ਮੁੱਲ ਜੁ ਪਿਆਜਾਂ ਦਾ ਹੋਇਆ, ਉਹ ਅੱਗੋਂ ਔਖਾ ਜਿਹਾ ਹੋ ਕੇ ਬੋਲਿਆ, 'ਤੈਂ ਕੀ ਲੈਣਾ ਰੇਟ ਪੁੱਛ ਕੇ ਆ ਜਾਂਦੇ ਨੇ ਐਵੇਂ ਰੇਟ ਪੁੱਛਣ। ਲੈਣਾ ਇਕ, ਨਾ ਦੇਣੇ ਦੋ।'

ਮੈਂ ਉਸ ਦਿਨ ਤੋਂ ਸੋਚ ਰਿਹਾ ਹਾਂ ਕਿ ਚਲੋ ਉਸ ਵੇਲੇ ਉਸ ਕੋਲ ਸਮਾਂ ਨਹੀਂ ਸੀ ਗੱਲ ਕਰਨ ਦਾ ਤੇ ਕਹਿ ਦਿੰਦਾ, ਫਿਰ ਗੱਲ ਕਰੀਂ ਜਾਂ ਅੱਗੋਂ ਚੁੱਪ ਹੋ ਜਾਂਦਾ। ਪਰ ਉਸ ਨੇ ਇਹ ਕਿਹਾ ਕਿ 'ਨਾ ਲੈਣਾ ਇਕ, ਨਾ ਦੇਣੇ ਦੋ' ਕਹਿਣ ਦਾ ਕੀ ਮਤਲਬ ਹੋਇਆ। ਇਸ ਵਿਚ ਕੀ ਲੈਣਾ ਇਕ ਤੇ ਦੋ ਕੀ ਹੋਏ ਦੇਣੇ। ਪਰ ਤੁਸੀਂ ਕੀ ਲੈਣਾ ਦੇਣਾ ਵਿਚੋਂ। ਮਤਲਬ ਤਾਂ ਤੂੰ ਸਮਝ ਹੀ ਗਿਆ ਹੈਂ ਕਿ ਉਸ ਕੋਲ ਵਕਤ ਨਹੀਂ ਸੀ...।'

'ਨਹੀਂ, ਨਹੀਂ ਭਾਪਾ ਜੀ ਇਹ ਤੇ ਮੈਂ ਵੀ ਸਮਝਨਾ ਇਸ ਦਾ ਮਤਲਬ। ਇਹ ਮੁਹਾਵਰਾ ਹੈ। ਪਰ ਮੁਹਾਵਰਾ ਬਣਿਆ ਕਿੱਦਾਂ? ਜਿਵੇਂ ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ। ਇਹ ਵੀ ਤੇ ਮੁਹਾਵਰਾ ਹੀ ਹੈ। ਭਲਾ ਇਹ ਵੀ ਕਦੀ ਕਿਸੇ ਨੇ ਕਿਹਾ ਨਾ ਕੋਈ ਸੱਦਾ ਤੇ ਨਾ ਵੀਜ਼ਾ, ਮੈਂ ਲਾੜੇ ਦਾ ਜੀਜਾ। ਬਈ ਜੀਜਾ ਤੇ ਜੀਜਾ ਏ, ਉਹਦੇ ਲਈ ਸੱਦਾ ਵੀ ਜਾਏਗਾ ਤੇ ਵੀਜ਼ਾ ਵੀ। ਫਿਰ ਮੋਢਿਆਂ 'ਤੇ ਚੱਕ ਕੇ ਵੀ ਲਿਆਈ ਦਾ। ਤਾਂ ਈ ਤਾਂ ਸ਼ਰੀਕਾ ਏ। ਐਸ ਵੇਲੇ ਆਈ ਭਾਵੇਂ ਨਾ ਆਈ ਅਗਲੀ ਵਾਰ ਅਸੀਂ ਵੀ ਨਹੀਂ ਜਾਵਾਂਗੇ। ਸੋ, ਮਤਲਬ ਵੀ ਸਾਫ਼ ਏ ਤੇ ਇਸ ਮੁਹਾਵਰੇ ਦੀ ਵਿਆਖਿਆ ਵੀ ਆਪਣੇ-ਆਪ ਪਈ ਹੁੰਦੀ ਏ। ਲੋੜ ਸੀ ਇਸ ਦਾ ਜਵਾਬ ਢੂੰਡਨਾ ਤੇ ਮੈਂ ਫਿਰ ਹਾਜ਼ਰ ਹੋਵਾਂਗਾ। ਨਾਲੇ ਫਿਰ ਚਾਹ ਪੀ ਕੇ ਜਾਵਾਂਗਾ, ਕਹਿ ਕੇ ਉਹ ਚਲਦਾ ਬਣਿਆ।

ਉਹਦੇ ਜਾਣ ਦੀ ਦੇਰ ਸੀ ਕਿ ਉਸ ਦੀ ਘਰਵਾਲੀ ਅੰਦਰੋਂ ਆ ਗਈ। ਉਸ ਆਉਂਦਿਆਂ ਹੀ ਸਵਾਲ ਕੀਤਾ, 'ਮੈਂ ਤੁਹਾਡੀ ਸਾਰੀ ਡਿਸਕਸ਼ਨ ਸੁਣ ਲਈ ਹੈ। ਨਾ ਲੈਣਾ ਇਕ, ਨਾ ਦੇਣੇ ਦੋ, ਦੇ ਚੱਕਰ 'ਚ ਨਾ ਪਵੋ। ਮੈਂ ਰਾਤ ਦੀ ਤੁਹਾਨੂੰ ਇਕੋ ਸਵਾਲ ਕਰੀਂ ਜਾਂਦੀ ਹਾਂ ਕਿ ਬਈ ਪਿਆਜ਼ ਖ਼ਤਮ ਨੇ, ਪਰ ਤੁਸੀਂ ਆਪਣੇ ਦੋ ਕੰਨਾਂ ਨਾਲ ਸੁਣ ਤੇ ਲੈਂਦੇ ਹੋ ਪਰ ਕੋਈ ਐਕਸ਼ਨ ਨਹੀਂ ਹੁੰਦਾ।' 'ਬਸ ਬਸ ਆ ਗਈ ਸਮਝ। ਹੋ ਗਿਆ ਸਵਾਲ ਹੱਲ। ਉਸ ਦਾ ਇਕ ਸਵਾਲ ਤੇ ਸਾਡੇ ਦੋ ਜਵਾਬ। ਦੋਵਾਂ ਮੀਆਂ-ਬੀਵੀ ਦੇ। ਫਿਰ ਉਸ ਨੇ ਹੱਸਦਿਆਂ ਚੁਟਕੀ ਵਜਾਈ। ਏਨੇ ਚਿਰ ਨੂੰ ਸਵਾਲ ਕਰਨ ਵਾਲਾ ਫਿਰ ਦੁਬਾਰਾ ਅੰਦਰ ਆ ਵੜਿਆ। ਆਉਂਦਿਆਂ ਕਹਿੰਦਾ, 'ਮੈਨੂੰ ਪਤਾ ਸੀ ਤੁਸੀਂ ਵਿਦਵਾਨ ਹੋ... ਮੈਥੋਂ ਰਿਹਾ ਨਹੀਂ ਗਿਆ। ਮੈਂ ਸੋਚਿਆ ਮੈਂ ਭਰੇ ਭਰਾਏ ਘਰ 'ਚੋਂ ਮੁੜ ਕੇ ਨਾ ਜਾਵਾਂ। ਇਸ ਲਈ ਫਿਰ ਆ ਗਿਆ ਵਾਂ।'

'ਆ ਬਈ ਚਰਨ ਦਾਸ। ਤੇਰੇ ਸਵਾਲ ਦੇ ਜਵਾਬ ਅਸਾਂ ਦੋਵਾਂ ਨੇ ਹੱਲ ਕਰ ਹੀ ਲਏ ਨੇ। ਉਹ ਵੀ ਇਕ-ਇਕ ਤੇ ਦੋ ਗਿਆਰਾਂ ਵਾਂਗ। ਮੇਰੀ ਮੈਡਮ ਕੱਲ੍ਹ ਦਾ ਮੈਨੂੰ ਇਕੋ ਸਵਾਲ ਕਰੀ ਜਾਂਦੀ ਏ ਪਿਆਜ਼ ਲਿਆ ਦਿਓ ਪਰ ਮੇਰੇ ਦੋਵੇਂ ਕੰਨ ਸੁਣੀ ਜਾਂਦੇ ਨੇ ਤੇ ਦੂਜਾ ਮੇਰਾ ਜਵਾਬ ਵੀ ਅਜਿਹਾ ਪਿਆਜ਼ਾਂ ਦਾ ਹੀ ਏ। ਤੈਨੂੰ ਪਤਾ ਏ ਪਿਆਜ਼ ਅੱਜਕਲ੍ਹ ਕਿੰਨੇ ਮਹਿੰਗੇ ਨੇ। ਇਕ ਆਮ ਪਿਆਜ਼ ਦੋ ਰੁਪਏ ਦਾ ਹੈ। ਤੇਰੇ ਦੁਕਾਨਦਾਰ ਨੂੰ ਪਤਾ ਸੀ ਕਿ ਤੂੰ ਉਸ ਵੇਲੇ ਕੋਈ ਗਾਹਕ ਨਹੀਂ ਸੀ, ਤੂੰ ਐਵੇਂ ਰੇਟ ਪੁੱਛਣ ਵਾਲਾ ਹੀ ਸੈਂ। ਦੁਕਾਨਦਾਰ ਨੂੰ ਪਤਾ ਹੁੰਦਾ ਹੈ ਕਿ ਕੌਣ ਗ੍ਰਾਹਕ ਹੈ ਤੇ ਕੌਣ ਐਵੇਂ ਰੇਟ ਪੁੱਛਣ ਵਾਲਾ। ਉਹਨੂੰ ਪਤਾ ਸੀ ਤੂੰ ਨਾ ਤੇ ਇਕ ਵੀ ਪਿਆਜ਼ ਖਰੀਦਣਾ ਸੀ ਤੇ ਨਾ ਹੀ ਦੋ ਰੁਪਏ ਦੇਣੇ ਸਨ। ਹੈਂ ਨਾ 'ਨਾ ਲੈਣਾ ਇਕ, ਨਾ ਦੇਣੇ ਦੋ।' ਤੁਹਾਨੂੰ ਮਿਲ ਗਏ ਨਾ ਆਪਣੇ ਇਕ ਸਵਾਲ ਦੇ ਦੋ ਜਵਾਬ।

'ਠੀਕ-ਠੀਕ ਬਿਲਕੁਲ ਠੀਕ। ਲਿਆਓ ਭਾਬੀ ਜੀ ਇਕ ਨੀਲਾ ਨੋਟ ਮਰਕਨਾ ਜਿਹਾ ਮੈਂ ਦੇਖੋ ਪਿਆਜ਼ਾਂ ਨਾਲ ਮੂਲੀਆਂ ਤੇ ਹੋਰ ਕਈ ਕੁਝ ਤੁਹਾਨੂੰ ਲਿਆ ਕੇ ਦਿੰਦਾ ਵਾਂ।

ਯਾਦ ਆਇਆ ਮੇਰੀ ਘਰਵਾਲੀ ਅੱਜ ਘਰ ਨਹੀਂ। ਮੈਂ ਪਰੌਂਠਿਆਂ ਦਾ ਨਾਸ਼ਤਾ ਏਥੇ ਹੀ ਕਰ ਕੇ ਜਾਵਾਂਗਾ। ਮੇਰਾ ਇਕ ਸਵਾਲ ਤੇ ਤੁਹਾਡੇ ਦੋ ਜਵਾਬ। ਇਕ ਚਾਹ ਤੇ ਦੂਜਾ ਨਾਸ਼ਤਾ।'

# ਮਹਿਮਾਨ



ਘਰ ਪਰਿਵਾਰ ਦੀ ਸੁੱਖ ਸ਼ਾਂਤੀ ਲਈ ਤਿੰਨੋਂ ਭਰਾਵਾਂ ਨੇ ਰਲ ਕੇ ਅੱਜ ਵੱਡਾ ਧਾਰਮਿਕ ਪ੍ਰੋਗਰਾਮ ਕਰਵਾਉਣਾ ਸੀ। ਮਹਿਮਾਨਾਂ 'ਚ ਆਪਣੀ ਸਾਖ਼ ਬਚਾਉਣ ਲਈ ਉਹ ਪ੍ਰੋਗਰਾਮ ਤੋਂ ਕੁਝ ਸਮਾਂ ਪਹਿਲਾਂ ਬਿਰਧ ਆਸ਼ਰਮ ਵਿਚੋਂ ਮਾਂ ਨੂੰ ਲੈ ਆਏ। ਚਹਿਲ-ਪਹਿਲ ਦੇ ਮਾਹੌਲ ਵਿੱਚ ਵੀ ਮਾਂ ਕਿਸੇ ਅਣਜਾਣ ਸ਼ਖ਼ਸ ਵਾਂਗ ਬੈਠੀ ਸੀ। ਪ੍ਰੋਗਰਾਮ ਵਿੱਚ ਅਨਮੋਲ ਗਿਆਨ ਦੀਆਂ ਗੱਲਾਂ ਦੀ ਵਰਖਾ ਹੋਈ, ਸਭ ਤੋਂ ਵੱਡਾ ਕਾਰਜ ਮਾਪਿਆਂ ਦੀ ਸੇਵਾ ਦੱਸਿਆ ਗਿਆ। ਤਿੰਨੋਂ ਭਰਾ ਤੇ ਉਨ੍ਹਾਂ ਦੀਆਂ ਪਤਨੀਆਂ ਸਮੇਤ ਸਾਰੇ ਮਹਿਮਾਨ ਗੌਰ ਨਾਲ ਪ੍ਰਵਚਨ ਸੁਣ ਰਹੇ ਸਨ। ਸ਼ਾਂਤ ਬੈਠੀ ਮਾਂ ਦੇ ਕੰਨੀਂ ਵੀ 'ਕੱਲਾ-'ਕੱਲਾ ਪ੍ਰਵਚਨ ਪੈ ਰਿਹਾ ਸੀ। ਉਮੀਦ ਮੁਤਾਬਿਕ ਪ੍ਰੋਗਰਾਮ ਨੇਪਰੇ ਚੜ੍ਹਿਆ ਦੇਖ ਕੇ ਤਿੰਨੋਂ ਭਰਾ ਬਾਗ਼ੋ-ਬਾਗ਼ ਸਨ। ਸ਼ਾਮ ਤਕ ਸਾਰੇ ਮਹਿਮਾਨ ਚਲੇ ਗਏ। ਸਾਜ਼ੋ-ਸਾਮਾਨ ਨੂੰ ਭੁਗਤਾਉਣ ਵਿੱਚ ਰੁੱਝੇ ਵੱਡੇ ਭਰਾ ਨੇ ਵਿਹੜੇ 'ਚ ਇੱਕੱਲੀ ਬੈਠੀ ਮਾਂ ਨੂੰ ਦੇਖਿਆ ਤਾਂ ਛੋਟੇ ਨੂੰ ਬੋਲਿਆ, "ਓ ਯਾਰ, ਮਾਂ ਨੂੰ ਤਾਂ ਛੱਡ ਆਉਂਦਾ...।" ਛੋਟੇ ਨੇ ਬਾਕੀ ਕੰਮ ਛੱਡ ਕੇ ਤੁਰੰਤ ਮਾਂ ਨੂੰ ਬਿਰਧ ਆਸ਼ਰਮ ਛੱਡਣ ਦੀ ਤਿਆਰੀ ਵਿੱਢ ਦਿੱਤੀ। ਮਾਂ ਦੇ ਸ਼ਾਂਤ ਚਿਹਰੇ 'ਤੇ ਕੋਈ ਸ਼ਿਕਵਾ ਨਹੀਂ ਸੀ। ਸ਼ਾਇਦ ਉਹ ਇਸ ਯਥਾਰਥ ਨੂੰ ਜਾਣਦੀ ਸੀ ਕਿ ਇਸ ਘਰ ਵਿੱਚ ਹੋਏ ਪ੍ਰੋਗਰਾਮ ਵਿੱਚ ਉਹ ਵੀ ਤਾਂ ਇੱਕ ਮਹਿਮਾਨ ਹੀ ਸੀ ਜਿਸਨੇ ਆਖ਼ਿਰ ਵਾਪਸ ਚਲੀ ਜਾਣਾ ਸੀ।

- ਨੀਲ ਕਮਲ ਰਾਣਾ
ਸੰਪਰਕ: 98151-71874

## ਸੰਪਾਦਕੀ

# ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਇੱਕ ਗੰਭੀਰ ਵਿਰੋਧਾਭਾਸ ਦੇ ਦੌਰ ’ਚ

ਇਸ ਸਮੇਂ ਦੇਸ਼ ਵਿਚ ਭ੍ਰਿਸ਼ਟਾਚਾਰ ਖ਼ਿਲਾਫ਼ ਲੜਾਈ ਅੱਜ ਇੱਕ ਗੰਭੀਰ ਵਿਰੋਧਾਭਾਸ ਦੇ ਦੌਰ ਵਿੱਚੋਂ ਲੰਘ ਰਹੀ ਹੈ, ਜਿੱਥੇ ਗ਼ਲਤ ਕੰਮਾਂ ਦੀ ਪੜਤਾਲ ਕਰਨ ਵਾਲੀ ਮਸ਼ੀਨਰੀ ਦਾ ਘੇਰਾ ਬਹੁਤ ਵਿਸ਼ਾਲ ਹੈ ਪਰ ਸਮੇਂ ਸਿਰ ਨਿਆਂ ਦੇਣ ਵਾਲੀ ਪ੍ਰਣਾਲੀ ਦੀ ਰਫ਼ਤਾਰ ਬੇਹੱਦ ਮੱਠੀ ਹੈ। ਸੈਂਟਰਲ ਵਿਜੀਲੈਂਸ ਕਮਿਸ਼ਨ ਦੀ ਤਾਜ਼ਾ ਰਿਪੋਰਟ ਇਸ ਗੰਭੀਰ ਵਰਤਾਰੇ ਦੇ ਅਸਲ ਰੂਪ ਨੂੰ ਪੂਰੀ ਸਪੱਸ਼ਟਤਾ ਨਾਲ ਬਿਆਨ ਕਰਦੀ ਹੈ। ਸਾਲ 2025 ਦੇ ਅਖੀਰ ਤੱਕ ਸੀ ਬੀ ਆਈ ਵੱਲੋਂ ਜਾਂਚ ਕੀਤੇ ਗਏ 7,229 ਭ੍ਰਿਸ਼ਟਾਚਾਰ ਦੇ ਕੇਸ ਅਦਾਲਤਾਂ ਵਿੱਚ ਵਿਚਾਰ ਅਧੀਨ ਪਏ ਸਨ। ਇਸ ਤੋਂ ਵੀ ਵੱਡਾ ਫ਼ਿਕਰਮੰਦੀ ਵਾਲਾ ਪੱਖ ਇਹ ਹੈ ਕਿ ਇਨ੍ਹਾਂ ਵਿੱਚੋਂ 409 ਮਾਮਲੇ 20 ਸਾਲਾਂ ਤੋਂ ਵੱਧ ਸਮੇਂ ਤੋਂ ਲਟਕ ਰਹੇ ਹਨ ਜਦੋਂਕਿ 2,447 ਕੇਸਾਂ ਨੂੰ ਅਦਾਲਤੀ ਪ੍ਰਕਿਰਿਆ ਵਿੱਚ 10 ਤੋਂ 20 ਸਾਲ ਦਾ ਅਰਸਾ ਬੀਤ ਚੁੱਕਿਆ ਹੈ। ਦਹਾਕਿਆਂ ਤੱਕ ਖਿੱਚਿਆ ਜਾਣ ਵਾਲਾ ਕੋਈ ਵੀ ਭ੍ਰਿਸ਼ਟਾਚਾਰ ਦਾ ਕੇਸ ਮੁਕੱਦਮੇ ਦੇ ਅਸਲ ਮਕਸਦ ਨੂੰ ਖ਼ਤਮ ਕਰ ਦਿੰਦਾ ਹੈ। ਲੰਮੇ ਸਮੇਂ ਦੀ ਇਸ ਦੇਰੀ ਕਾਰਨ ਮੁਲਜ਼ਮ ਅਧਿਕਾਰੀ ਸੇਵਾ-ਮੁਕਤ ਹੋ ਜਾਂਦੇ ਹਨ, ਮੁੱਖ ਗਵਾਹਾਂ ਦਾ ਮਿਲਣਾ ਮੁਸ਼ਕਿਲ ਹੋ ਜਾਂਦਾ ਹੈ, ਪੁਰਾਣਾ ਰਿਕਾਰਡ ਖ਼ੁਰਦ-ਬੁਰਦ ਹੋਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਲੋਕਾਂ ਦੀ ਯਾਦਦਾਸ਼ਤ ਵੀ ਧੁੰਦਲੀ ਪੈ ਜਾਂਦੀ ਹੈ। ਸਭ ਤੋਂ ਗੰਭੀਰ ਪੱਖ ਇਹ ਹੈ ਕਿ ਇਸ ਨਾਲ ਕਾਨੂੰਨ ਅਤੇ ਸਜ਼ਾ ਦਾ ਡਰ ਪੂਰੀ ਤਰ੍ਹਾਂ ਘਟ ਜਾਂਦਾ ਹੈ। ਸੰਭਾਵੀ ਅਪਰਾਧੀਆਂ ਨੂੰ ਇਹ ਸੁਨੇਹਾ ਮਿਲਣ ਦੀ ਬਜਾਏ ਕਿ ਭ੍ਰਿਸ਼ਟਾਚਾਰ ਦੀ ਸਜ਼ਾ ਯਕੀਨੀ ਹੈ, ਉਲਟਾ ਇਹ ਗ਼ਲਤ ਸੰਕੇਤ ਜਾਂਦਾ ਹੈ ਕਿ ਜਵਾਬਦੇਹੀ ਨੂੰ ਲਗਪਗ ਅਣਮਿੱਥੇ ਸਮੇਂ ਲਈ ਟਾਲਿਆ ਜਾ ਸਕਦਾ ਹੈ। ਇਸ ਸਮੱਸਿਆ ਲਈ ਸਾਰੀ ਨਿਆਂਪਾਲਿਕਾ ਨੂੰ ਇਕੱਲਿਆਂ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਸੀ ਵੀ ਸੀ ਦੀ ਰਿਪੋਰਟ ਜਾਂਚ ਦੇ ਵੱਖ-ਵੱਖ ਪੜਾਵਾਂ, ਦਸਤਾਵੇਜ਼ ਹਾਸਲ ਕਰਨ, ਵਿਦੇਸ਼ੀ ਅਧਿਕਾਰ ਖੇਤਰਾਂ ਤੋਂ ਜਵਾਬ ਮੰਗਵਾਉਣ ਅਤੇ ਲੋੜੀਂਦੀਆਂ ਮਨਜ਼ੂਰੀਆਂ ਲੈਣ ਵਿੱਚ ਹੋਣ ਵਾਲੀ ਦੇਰੀ ਵੱਲ ਵੀ ਇਸ਼ਾਰਾ ਕਰਦੀ ਹੈ। ਦਸੰਬਰ 2025 ਤੱਕ ਭ੍ਰਿਸ਼ਟਾਚਾਰ ਦੇ 473 ਕੇਸ ਅਜੇ ਵੀ ਸੀ ਬੀ ਆਈ ਦੀ ਜਾਂਚ ਅਧੀਨ ਸਨ। ਇਸ ਤੋਂ ਇਲਾਵਾ ਦੇਸ਼ ਦੀ ਸੁਪਰੀਮ ਕੋਰਟ ਅਤੇ ਵੱਖ-ਵੱਖ ਹਾਈ ਕੋਰਟਾਂ ਵਿੱਚ 14,083 ਅਪੀਲਾਂ, ਰਿਵੀਜ਼ਨ ਅਤੇ ਰਿੱਟ ਪਟੀਸ਼ਨਾਂ ਵੀ ਬਕਾਇਆ ਪਈਆਂ ਹਨ। ਇਸ ਲਈ ਜਾਂਚ ਏਜੰਸੀਆਂ ਨੂੰ ਲੋੜੀਂਦੇ ਅਮਲੇ ਨਾਲ ਲੈਸ ਅਤੇ ਤਕਨੀਕੀ ਤੌਰ ’ਤੇ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ ਅਤੇ ਸਰਕਾਰੀ ਵਕੀਲਾਂ ਦੀ ਸਥਿਤੀ ਨੂੰ ਬਿਹਤਰ ਬਣਾਉਣ ਦੇ ਨਾਲ ਨਾਲ ਭ੍ਰਿਸ਼ਟਾਚਾਰ ਦੇ ਕੇਸਾਂ ਦੀ ਸੁਣਵਾਈ ਲਈ ਬਣੀਆਂ ਅਦਾਲਤਾਂ ਨੂੰ ਲੋੜੀਂਦੀਆਂ ਨਿਆਂਇਕ ਤੇ ਪ੍ਰਸ਼ਾਸਕੀ ਸਹੂਲਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਪੰਜ, ਦਸ ਜਾਂ ਵੀਹ ਸਾਲਾਂ ਤੋਂ ਲਟਕ ਰਹੇ ਕੇਸਾਂ ਦੀ ਨਿਯਮਿਤ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ ਅਤੇ ਬੇਲੋੜੀ ਦੇਰੀ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਜਵਾਬਦੇਹੀ ਵੀ ਤੈਅ ਕੀਤੀ ਜਾਣੀ ਚਾਹੀਦੀ ਹੈ। ਭ੍ਰਿਸ਼ਟਾਚਾਰ ਵਿਰੋਧੀ ਪ੍ਰਣਾਲੀ ਦਾ ਮਕਸਦ ਸਿਰਫ਼ ਮੁਕੱਦਮੇ ਦਰਜ ਕਰਨ ਜਾਂ ਸਦੀਆਂ ਬਾਅਦ ਸਜ਼ਾਵਾਂ ਦਿਵਾਉਣ ਤੱਕ ਹੀ ਸੀਮਿਤ ਨਹੀਂ ਹੋਣਾ ਚਾਹੀਦਾ। ਇਸ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਨਸਾਫ਼ ਇੰਨਾ ਤੇਜ਼ ਹੋਵੇ ਜੋ ਡਰ ਪੈਦਾ ਕਰ ਸਕੇ, ਇੰਨਾ ਨਿਰਪੱਖ ਹੋਵੇ ਕਿ ਉਸ ਉੱਤੇ ਭਰੋਸਾ ਬਣਿਆ ਰਹੇ ਅਤੇ ਇੰਨਾ ਅੰਤਿਮ ਤੇ ਪੱਕਾ ਹੋਵੇ, ਜੋ ਲੋਕਾਂ ਦਾ ਜਨਤਕ ਵਿਸ਼ਵਾਸ ਮੁੜ ਬਹਾਲ ਕਰ ਸਕੇ।

# ਨੈਸ਼ਨਲ ਫੂਡ ਸਕਿਓਰਟੀ ਐਕਟ 2013 ਤਹਿਤ ਚੱਲ ਰਹੀਆਂ ਵੱਖ-ਵੱਖ ਸਰਕਾਰੀ ਸਕੀਮਾਂ ਦਾ ਕੀਤਾ ਨਿਰੀਖਣ



**ਫਾਜ਼ਿਲਕਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੈਂਬਰ, ਪੰਜਾਬ ਸਟੇਟ ਫੂਡ ਕਮਿਸ਼ਨ ਸ਼੍ਰੀ ਚੇਤਨ ਪ੍ਰਕਾਸ਼ ਧਾਲੀਵਾਲ ਨੇ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਰਕਾਰੀ ਸਕੀਮਾਂ ਦਾ ਨਿਰੀਖਣ ਕਰਨ ਲਈ ਅੱਜ ਫ਼ਾਜ਼ਿਲਕਾ ਦਾ ਅਚਨਚੇਤ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਆਂਗਣਵਾੜੀ ਸੈਂਟਰਾਂ, ਰਾਸ਼ਨ ਡਿਪੂਆਂ ਅਤੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਮਿੱਡ ਡੇ ਮੀਲ ਦੀ ਚੈਕਿੰਗ ਕੀਤੀ ਗਈ।

ਉਨ੍ਹਾਂ ਵਾਰਡ ਨੰਬਰ 2 ਫ਼ਾਜ਼ਿਲਕਾ ਦੇ ਸਰਕਾਰੀ ਪ੍ਰਾਇਮਰੀ ਸਕੂਲ, ਸਰਕਾਰੀ ਮਿਡਲ ਸਕੂਲ ਫ਼ਾਜ਼ਿਲਕਾ, ਵਾਰਡ ਨੰਬਰ 15 ਫ਼ਾਜ਼ਿਲਕਾ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਫ਼ਾਜ਼ਿਲਕਾ ਵਿਖੇ ਸਕੂਲੀ ਬੱਚਿਆਂ ਨੂੰ ਦਿੱਤਾ ਜਾ ਰਿਹਾ ਮਿੱਡ ਡੇ ਮੀਲ ਖੁ ?ਦ ਖਾ ਕੇ ਚੈੱਕ ਕੀਤਾ। ਚੈਕਿੰਗ ਦੌਰਾਨ ਮਿੱਡ ਡੇ ਮੀਲ ਖਾਣੇ ਵਿੱਚ ਪਾਈਆਂ ਕੁੱਝ ਕੁ ਖਾਮੀਆ ਬਾਰੇ ਉਨ੍ਹਾਂ ਸਬੰਧਿਤ ਸਕੂਲਾਂ ਦੇ ਪ੍ਰਬੰਧਕਾਂ ਨੂੰ ਸਖ਼ਤ ਤਾੜਨਾ ਦਿੰਦਿਆਂ ਕਿਹਾ ਕਿ ਅੱਗੇ ਤੋਂ ਬੱਚਿਆਂ ਨੂੰ ਮਿੱਡ ਡੇ ਮੀਲ ਖਾਣੇ ਵਿੱਚ ਕੋਈ ਵੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਬੱਚੇ ਸਾਡੇ ਦੇਸ਼ ਦਾ ਭਵਿੱਖ ਹਨ ਤੇ ਇਨ੍ਹਾਂ ਦਾ ਭਵਿੱਖ ਉਜਾਗਰ ਕਰਨ ਲਈ ਜਿੱਥੇ ਸਰਕਾਰ ਸਿੱਖਿਆ ਨੂੰ ਤਰਜੀਹ ਦਿੰਦੇ ਹਨ ਸਕੂਲਾਂ ਦਾ ਆਧੁਨੀਕੀਕਰਨ ਕਰ ਰਹੀ ਹੈ ਉੱਥੇ ਹੀ ਸਰਕਾਰ ਦਾ ਮਨੋਰਥ ਬੱਚਿਆਂ ਨੂੰ ਵਧੀਆ ਖਾਣਾ ਵੀ ਦੇਣਾ ਹੈ।

ਉਨ੍ਹਾਂ ਆਂਗਣਵਾੜੀ ਸੈਟਰਾਂ ਦੀ ਚੈਕਿੰਗ ਕੀਤੀ ਤੇ ਖਾਸ ਕਰ ਆਂਗਨਵਾੜੀ ਸੈਟਰ ਫ਼ਾਜ਼ਿਲਕਾ ਸੈਂਟਰ ਕੋਡ ਨੰਬਰ 205 ਦਾ ਵੀ ਦੌਰਾ ਕੀਤਾ। ਉਨ੍ਹਾਂ ਰਾਸ਼ਨ ਡਿਪੂਆਂ ਦੀ ਚੈਕਿੰਗ ਦੌਰਾਨ ਖਾਸ ਕਰ ਰਾਸ਼ਨ ਡਿਪੂ ਜੱਟੀਆਂ ਮੁਹੱਲਾ ਫ਼ਾਜ਼ਿਲਕਾ ਵਿਖੇ ਡਿਪੂ ਹੋਲਡਰ ਵੱਲੋਂ ਲਾਭਪਾਤਰੀਆਂ ਨੂੰ ਦਿੱਤੀ ਜਾ ਰਹੀ ਕਣਕ ਬਾਰੇ ਨਿਰੀਖਣ ਕੀਤਾ। ਉਨ੍ਹਾਂ ਸਬੰਧਿਤ ਡਿੱਪੂ ਹੋਲਡਰ ਨੂੰ ਸਖਤ ਤਾੜਨਾ ਕਰਦਿਆਂ ਕਿਹਾ ਕਿ ਹਰੇਕ ਲਾਭਪਾਤਰੀ ਨੂੰ ਨਿਸ਼ਚਿਤ ਸਮੇਂ ਅੰਦਰ ਉਸਦੀ ਮਹੀਨਾਵਾਰ ਕਣਕ ਦਿੱਤੀ ਜਾਵੇ ਤੇ ਕਿਸੇ ਵੀ ਲਾਭਪਾਤਰੀ ਨੂੰ ਕਣਕ ਘੱਟ ਨਾ ਦਿੱਤੀ ਜਾਵੇ ਤੇ ਨਾ ਹੀ ਉਸ ਨੂੰ ਇਸ ਬਾਰੇ ਕਿਸੇ ਲਾਭਪਾਤਰੀ ਦੀ ਸ਼ਿਕਾਇਤ ਮਿਲੇ। ਉਨ੍ਹਾਂ ਮੌਕੇ ਤੇ ਮੌਜੂਦ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਜਿਨ੍ਹਾਂ ਨੂੰ ਕਣਕ ਘੱਟ ਦਿੱਤੀ ਗਈ ਹੈ ਉਨ੍ਹਾਂ ਨੂੰ ਕਣਕ ਪੂਰੀ ਦਿੱਤੀ ਜਾਵੇ। ਇਸ ਤੋਂ ਬਾਅਦ ਉਨ੍ਹਾਂ ਰਾਸ਼ਨ ਡਿਪੂ ਸ਼ਿਵ ਪੁਰੀ ਰੋਡ ਫ਼ਾਜ਼ਿਲਕਾ ਵਿਖੇ ਲਾਭਪਤਾਰੀਆਂ ਨੂੰ ਦਿੱਤੀ ਜਾ ਰਹੀ ਕਣਕ ਦਾ ਵੀ ਨਿਰੀਖਣ ਕੀਤਾ॥

ਉਨ੍ਹਾਂ ਰਾਸ਼ਨ ਲੈਣ ਵਾਲੇ ਲਾਭਪਾਤਰੀਆ ਨੂੰ ਕਮਿਸ਼ਨ ਦੇ ਹੈਲਪਲਾਈਨ ਨੰਬਰ 9876764545 ਅਤੇ ਈਮੇਲ punjabfoodcommission@gmail.com ਦੀ ਜਾਣਕਾਰੀ ਵੀ ਦਿੱਤੀ ਅਤੇ ਨਾਲ ਹੀ ਦੱਸਿਆ ਕਿ ਉਹ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆ ਸਕੀਮਾਂ ਸਬੰਧੀ ਸ਼ਿਕਾਇਤ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਰ(ਵਿਕਾਸ) ਕੋਲ ਦਰਜ ਵੀ ਕਰਵਾ ਸਕਦੇ ਹਨ।


# ਫਾਰਮ ਸਲਾਹਕਾਰ ਸੇਵਾ ਕੇਂਦਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਖੇਤ ਦਿਵਸ ਅਤੇ ਟਰੈਵਲ ਸੈਮੀਨਾਰ



**ਤਰਨਤਾਰਨ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਖੇਤ ਦਿਵਸ ਅਤੇ ਟਰੈਵਲ ਸੈਮੀਨਾਰ ਦਾ ਆਯੋਜਨ ਅੱਜ ਪਿੰਡ ਬੀਰ ਰਾਜਾ ਤੇਜਾ ਸਿੰਘ, ਰਸੂਲਪੁਰ, ਛੀਨਾ ਬਿਧੀ ਚੰਦ ਅਤੇ ਲਹਿਆਂ ਵਿਖੇ ਕੀਤਾ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਡਾ. ਪਰਵਿੰਦਰ ਸਿੰਘ, ਇੰਚਾਰਜ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ ਨੇ ਕਿਸਾਨਾਂ ਨੂੰ ਇਸ ਖੇਤ ਦਿਵਸ ਦੀ ਮਹੱਤਤਾ ਬਾਰੇ ਦੱਸਿਆ ਅਤੇ ਯੂਨੀਵਰਸਿਟੀ ਵੱਲੋਂ ਸਤੰਬਰ ਮਹੀਨੇ ਦੇ ਕਿਸਾਨ ਮੇਲਿਆਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਵਾਲੇ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਉੱਤੇ ਵੀ ਚਾਨਣਾ ਪਾਇਆ। ਡਾ. ਪਰਮਿੰਦਰ ਸਿੰਘ ਸੰਧੂ, ਜ਼ਿਲ੍ਹਾ ਪਸਾਰ ਮਾਹਿਰ (ਫ਼ਸਲ ਵਿਗਿਆਨੀ) ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਦੀ ਸਫਲਤਾ ਲਈ ਅਪਣਾਏ ਜਾਣ ਵਾਲੇ ਵਿਗਿਆਨਿਕ ਢੰਗਾਂ ਨੂੰ ਅਪਨਾਉਣ ਲਈ ਜਾਗਰੂਕ ਕੀਤਾ । ਝੋਨੇ ਦੀ ਸਿੱਧੀ ਬਿਜਾਈ ਨਾਲ ਪਾਣੀ ਦੀ ਬੱਚਤ, ਖ਼ਰਚੇ ਵਿੱਚ ਕਟੌਤੀ ਅਤੇ ਝੋਨੇ ਤੋਂ ਬਾਅਦ ਹੋਣ ਵਾਲੀ ਕਣਕ ਦੀ ਫ਼ਸਲ ਦੇ ਝਾੜ ਵਿੱਚ ਵਾਧੇ ਬਾਰੇ ਵਿਸਥਾਰ ਨਾਲ ਦੱਸਿਆ। ਡਾ. ਪਰਮਿੰਦਰ ਕੌਰ ਸਹਿਜਪਾਲ, ਪ੍ਰਮੁੱਖ ਪਸਾਰ ਵਿਗਿਆਨੀ (ਪੌਦਾ ਰੋਗ) ਨੇ ਝੋਨੇ ਅਤੇ ਬਾਸਮਤੀ ਵਿੱਚ ਕੀੜੇ-ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਸਬੰਧੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਹਰਦੀਪ ਸਿੰਘ, ਪਿੰਡ ਰਸੂਲਪੁਰ ਨੇ ਕਿਸਾਨਾਂ ਨੂੰ ਯੂਨੀਵਰਸਿਟੀ ਨਾਲ ਜੁੜ ਕੇ ਰਹਿਣ ਦੀ ਅਪੀਲ ਕੀਤੀ ਅਤੇ ਆਪਣੇ ਖੇਤੀ ਤਜਰਬੇ ਵੀ ਸਾਂਝੇ ਕੀਤੇ। ਗੁਰਪ੍ਰੀਤ ਸਿੰਘ ਪਿੰਡ ਲਹਿਆਂ ਨੇ 5 ਏਕੜ ਰਕਬੇ ਵਿੱਚ ਝੋਨੇ ਦੀ ਕੀਤੀ ਸਿੱਧੀ ਬਿਜਾਈ ਬਾਰੇ ਕਿਸਾਨਾਂ ਨਾਲ ਆਪਣੇ ਤਜਰਬੇ ਸਾਂਝੇ ਕੀਤੇ। ਇਸ ਮੌਕੇ ਸਾਇੰਸਦਾਨਾਂ ਅਤੇ ਅਗਾਂਹਵਧੂ ਕਿਸਾਨਾਂ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਵਾਲੇ ਖੇਤਾਂ ਦਾ ਦੌਰਾ ਕੀਤਾ ਗਿਆ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ ਅਤੇ ਸਿਆਲ ਰੁੱਤ ਦੀਆਂ ਸਬਜ਼ੀਆਂ ਦੀਆਂ ਬੀਜਾਂ ਦੀ ਕਿੱਟਾਂ ਅਤੇ ਤੋਰੀਏ ਦੇ ਬੀਜ ਦੀ ਵਿਕਰੀ ਕੀਤੀ ਗਈ।

# ਗਰੀਨ ਸਕੂਲ ਪ੍ਰੋਗਰਾਮ ਸਬੰਧੀ ਜ਼ਿਲ੍ਹੇ ਦੇ ਸਮੂਹ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਲਗਾਈ ਵਰਕਸ਼ਾਪ



**ਤਰਨਤਾਰਨ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਰਾਜੀਵ ਕੁਮਾਰ ਛਾਬੜਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਜਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੁਲ 9 ਬਲਾਕਾਂ ਦੇ 267 ਸਕੂਲਾਂ ਦੇ ਅਧਿਆਪਕਾਂ ਦੀ ਗਰੀਨ ਸਕੂਲ ਪ੍ਰੋਗਰਾਮ ਆਡਿਟ ਵਾਤਾਵਰਨ ਸਿੱਖਿਆ ਤਹਿਤ ਬੈਚ ਵਾਈਜ਼ ਟ੍ਰੇਨਿੰਗ ਵਰਕਸ਼ਾਪ ਸਰਕਾਰੀ ਹਾਈ ਸਕੂਲ, ਬਾਗੜੀਆਂ ਵਿਖੇ ਲਗਾਈ ਗਈ।

ਹੈੱਡਮਾਸਟਰ ਗੁਰਚਰਨ ਸਿੰਘ ਦੀ ਦੇਖ-ਰੇਖ ਹੇਠ ਹੋਏ ਇਸ ਟ੍ਰੇਨਿੰਗ ਪ੍ਰੋਗਰਾਮ ਤਹਿਤ ਵੱਖ-ਵੱਖ ਸਕੂਲਾਂ ਨੂੰ ਗਰੀਨ ਸਕੂਲ ਪ੍ਰੋਗਰਾਮ ਆਡਿਟ ਦੇ ਸਬੰਧੀ ਟ੍ਰੇਨਿੰਗ ਦਿੱਤੀ ਗਈ। ਇਸ ਦੌਰਾਨ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਜਿੰਦਰ ਕੌਰ ਨੇ ਵੀ ਇਸ ਟ੍ਰੇਨਿੰਗ ਦਾ ਜਾਇਜ਼ਾ ਲਿਆ ਅਤੇ ਵੱਖ-ਵੱਖ ਅਧਿਆਪਕਾਂ ਨੂੰ ਵਾਤਾਵਰਨ ਸਿੱਖਿਆ ਦੇ ਲਈ ਉਤਸਾਹਿਤ ਕੀਤਾ। ਈ.ਈ.ਪੀ ਨੋਡਲ ਅਫ਼ਸਰ ਤੇਜਿੰਦਰ ਸਿੰਘ ਨੇ ਟ੍ਰੇਨਿੰਗ ਦੌਰਾਨ ਅਧਿਆਪਕਾਂ ਨੂੰ ਸਮੇਂ- ਸਮੇਂ ’ਤੇ ਪ੍ਰੋਜੈਕਟ ਵਿਚਲੀਆਂ ਹਦਾਇਤਾਂ ਦੀ ਪਾਲਣਾ ਕਰਨ ਹਿੱਤ ਪ੍ਰੇਰਿਆ। ਸਮੂਹ ਅਧਿਆਪਕਾਂ ਲਈ ਸਟੇਸ਼ਨਰੀ, ਚਾਹ ਪਾਣੀ ਅਤੇ ਸਨੈਕਸ, ਜਨਰੇਟਰ ਆਦਿ ਦਾ ਪੁਖ਼ਤਾ ਪ੍ਰਬੰਧ ਕੀਤਾ ਗਿਆ ਅਤੇ ਟ੍ਰੇਨਿੰਗ ਲਈ ਸਮਾਰਟ ਪੈਨਲ ਦੀ ਵਰਤੋਂ ਕੀਤੀ ਗਈ। ਟ੍ਰੇਨਿੰਗ ਦੇ ਰਿਸੋਰਸ ਪਰਸਨ ਗੁਰਬਖਸ਼ ਸਿੰਘ, ਬਲਜੀਤ ਸਿੰਘ ਅਤੇ ਮਨਪ੍ਰੀਤ ਕੁਮਾਰ ਨੇ ਆਪਣੀ ਭੂਮਿਕਾ ਬਾਖ਼ੂਬੀ ਨਿਭਾਈ।

# ਜ਼ਿਲ੍ਹਾ ਤਰਨ ਤਾਰਨ ਚ 12 ਸਤੰਬਰ ਨੂੰ ਲੱਗੇਗੀ ਕੌਮੀ ਲੋਕ ਅਦਾਲਤ : ਕੰਵਲਜੀਤ ਸਿੰਘ ਬਾਜਵਾ

**ਤਰਨਤਾਰਨ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ ਨਗਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਤਰਨ ਤਾਰਨ ਵਿਚ ਕੌਮੀ ਲੋਕ ਅਦਾਲਤ 12 ਸਤੰਬਰ, 2026 ਨੂੰ ਲਗਾਈ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਕੰਵਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿਚ 138 ਐੱਨ.ਆਈ.ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਇਟ ਪਲੈਨ ਆਦਿ, ਸਾਰੇ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐਮ.ਏ.ਸੀ.ਟੀ (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ



ਆਦਿ ਦੇ ਕੇਸਾਂ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਕੌਮੀ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫ਼ੈਸਲਾ ਅੰਤਿਮ ਹੁੰਦਾ ਹੈ।

ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਕਿਹਾ ਕਿ ਕੌਮੀ ਲੋਕ ਅਦਾਲਤ ਰਾਹੀਂ ਆਪਣੇ ਮੁਕੱਦਮੇ ਹੱਲ ਕਰਵਾਉਣ ਲਈ ਜਿਥੇ ਲੋਕਾਂ ਦੇ ਪੈਸੇ ਦੀ ਬੱਚਤ ਹੁੰਦੀ ਹੈ ਉਥੇ ਦੋਹਾਂ ਧਿਰਾਂ ਵਿਚ ਪਿਆਰ ਵੀ ਬਣਿਆ ਰਹਿੰਦਾ ਹੈ ਅਤੇ ਕੋਈ ਵੀ ਧਿਰ ਆਪਣੇ ਆਪ ਨੂੰ ਜਿੱਤੀ ਜਾਂ ਹਾਰੀ ਮਹਿਸੂਸ ਨਹੀਂ ਕਰਦੀ। ਉਨ੍ਹਾਂ ਦੱਸਿਆ ਕਿ ਜੇਕਰ ਲੋਕ ਅਦਾਲਤ ਵਿਚ ਕੇਸ ਦਾ ਫ਼ੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿਚ ਲੱਗੀ ਕੋਰਟ ਫ਼ੀਸ ਵੀ ਵਾਪਸ ਹੋ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਕੌਮੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਤ ਕੋਰਟ ਵਿਚ ਜਾਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਦਫ਼ਤਰ ਵਿਖੇ ਦੇ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਦਾ ਇਸ ਕੌਮੀ ਲੋਕ ਅਦਾਲਤ ਵਿਚ ਫ਼ੈਸਲਾ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ।

# ਬਸੰਤ ਰੁੱਤ ਦੀ ਬਿਜਾਏ ਪੱਤਝੜ੍ਹ ਰੁੱਤ ਦੇ ਗੰਨੇ ਦੀ ਬਿਜਾਈ ਕਰਨੀ ਵਧੇਰੇ ਫਾਇਦੇਮੰਦ : ਕੇਨ ਕਮਿਸ਼ਨਰ



**ਗੁਰਦਾਸਪੁਰ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚਾਲੂ ਸੀਜ਼ਨ ਦੌਰਾਨ ਮੌਸਮ ਅਨਕੂਲ ਰਹਿਣ ਕਾਰਨ ਗੰਨੇ ਦੀ ਫ਼ਸਲ ਉੱਪਰ ਕਿਸੇ ਕਿਸਮ ਦੇ ਕੀੜੇ ਜਾਂ ਬਿਮਾਰੀਆਂ ਦਾ ਹਮਲਾ ਦੇਖਣ ਨੂੰ ਨਹੀਂ ਮਿਲਿਆ ,ਇਸ ਲਈ ਗੰਨਾ ਕਾਸ਼ਤਕਾਰਾਂ ਨੂੰ ਗੰਨੇ ਦੀ ਫ਼ਸਲ ਵਿਚ ਜ਼ਰੂਰਤ ਤੋਂ ਬਗੈਰ ਛਿੜਕਾਅ ਜਾਂ ਯੂਰੀਆ ਖਾਦ ਨਹੀਂ ਵਰਤਣੀ ਚਾਹੀਦੀ। ਇਹ ਵਿਚਾਰ ਡਾ. ਅਮਰੀਕ ਸਿੰਘ ਕੇਨ ਕਮਿਸ਼ਨਰ ਪੰਜਾਬ ਨੇ ਅਜਨਾਲਾ ਸਹਿਕਾਰੀ ਖੰਡ ਮਿੱਲ ਦੇ ਅਧਿਕਾਰਤ ਖੇਤਰ ਦੇ ਪਿੰਡਾਂ ਜਿਵੇਂ ਚੌੜਾ, ਛੋੜ , ਦੋਸਤਪੁਰ ਅਤੇ ਸ਼ਹੂਰ ਆਦਿ ਦਾ ਦੌਰਾ ਕਰਦਿਆਂ ਪਿੰਡ ਸ਼ਹੂਰ ਵਿੱਚ ਦੇ ਅਗਾਂਹਵਧੂ ਕਿਸਾਨ ਸਿੰਘ ਦੇ ਖੇਤਾਂ ਵਿਚ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਹੇ।

ਇਸ ਮੌਕੇ ਉਨ੍ਹਾਂ ਦੇ ਨਾਲ ਮੁੱਖ ਗੰਨਾ ਵਿਕਾਸ ਅਫ਼ਸਰ ਸਤਿੰਦਰਜੀਤ ਸਿੰਘ ,ਅਰਸ਼ਦੀਪ ਸਿੰਘ ਏ.ਸੀ.ਡੀ.ਓ., ਗੁਰ ਜਤਿੰਦਰਪਾਲ ਸਿੰਘ ਡਵੀਜ਼ਨ ਇੰਚਾਰਜ, ਜਸਪਾਲ ਸਿੰਘ ਸਰਵੇਅਰ, ਅੰਮ੍ਰਿਤਪਾਲ ਸਿੰਘ ਸਰਵੇਅਰ ਮੌਜੂਦ ਸਨ

ਗੱਲਬਾਤ ਕਰਦਿਆਂ ਡਾਕਟਰ ਅਮਰੀਕ ਸਿੰਘ ਨੇ ਕਿਹਾ ਕਿ ਉਨ੍ਹਾਂ ਕਿਹਾ ਕਿ ਇਸ ਵਾਰ ਪੰਜਾਬ ਸਰਕਾਰ ਵਲੋਂ ਪਹਿਲ ਕਰਦਿਆਂ ਗੰਨਾ ਕਾਸ਼ਤਕਾਰਾਂ ਦੀ ਅਦਾਇਗੀ ,ਸਹਿਕਾਰੀ ਖੰਡ ਮਿੱਲਾਂ ਵਲੋਂ 100 ਫੀਸਦੀ ਕੀਤੀ ਜਾ ਚੁੱਕੀ ਹੈ । ਉਨ੍ਹਾਂ ਕਿਹਾ ਕਿ ਜੇਕਰ ਕਿਸੇ ਗੰਨਾ ਕਾਸ਼ਤਕਾਰ ਦੀ ਸਬਸਿਡੀ ਦੀ ਅਦਾਇਗੀ ਬਕਾਇਆ ਰਹਿੰਦੀ ਹੈ ਤਾਂ ਉਹ ਸਬੰਧਤ ਖੰਡ ਮਿੱਲ ਦੇ ਅਧਿਕਾਰੀਆਂ ਨਾਲ ਸੰਪਰਕ ਕਰਨ। ਉਨ੍ਹਾਂ ਕਿਹਾ ਕਿ 15 ਖੰਡ ਮਿੱਲਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇੱਕ ਲੱਖ ਸੋਲਾਂ ਹਜਾਰ ਹੈਕਟੇਅਰ ਰਕਬੇ ਵਿੱਚ ਗੰਨੇ ਦੀ ਕਾਸ਼ਤ ਕੀਤੀ ਗਈ ਹੈ ਜੋਂ ਪਿਛਲੇ ਸਾਲ ਦੇ ਮੁਕਾਬਲੇ ਤਕਰੀਬਨ 3700 ਹੈਕਟੇਅਰ ਵਧ ਹੈ।

ਉਨ੍ਹਾਂ ਕਿਹਾ ਕਿ ਗੰਨੇ ਦੀ ਫ਼ਸਲ ਤੋਂ ਵਧੇਰੇ ਪੈਦਾਵਾਰ ਅਤੇ ਖੰਡ ਰਿਕਵਰੀ ਲੈਣ ਲਈ ਚੌੜੀ ਡੂੰਘੀ ਖਾਲੀ ਤਕਨੀਕ ਅਪਣਾਉਣ ਦੀ ਜ਼ਰੂਰਤ ਹੈ ਕਿਉਂਕਿ ਇਸ ਵਿਧੀ ਨਾਲ ਬਿਜਾਈ ਕਰਨ ਨਾਲ ਗੰਨੇ ਦੀ ਖੇਤੀ ਦਾ ਮਸ਼ੀਨੀਕਰਨ ਕਰਨਾ ਸੌਖਾ ਹੋ ਜਾਂਦਾ ਹੈ ਅਤੇ ਮਜ਼ਦੂਰਾਂ ਤੇ ਨਿਰਭਰਤਾ ਘਟਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਰਹੱਦੀ ਪਿੰਡਾਂ ਵਿਚ ਆਮ ਕਰਕੇ ਗੰਨੇ ਦੀ ਬਿਜਾਈ , ਬਸੰਤ ਰੁੱਤੇ ਰਵਾਇਤੀ ਤਕਨੀਕ ਨਾਲ ਕੀਤੀ ਜਾਂਦੀ ਹੈ ਜਿਸ ਨਾਲ ਪੈਦਾਵਾਰ ਤਾਂ ਘੱਟ ਮਿਲਦੀ ਹੀ ਹੈ ਅਤੇ ਖੰਡ ਦੀ ਮਾਤਰਾ ਵੀ ਘੱਟ ਮਿਲਦੀ ਹੈ। ਉਨ੍ਹਾਂ ਕਿਹਾ ਕਿ ਵਧੇਰੇ ਪੈਦਾਵਾਰ ਅਤੇ ਖੰਡ ਦੀ ਮਾਤਰਾ ਲੈਣ ਲਈ ਜ਼ਰੂਰੀ ਹੈ ਕਿ ਗੰਨੇ ਦੀ ਬਿਜਾਈ ਅੱਸੂ ਦੇ ਮਹੀਨੇ ( ਸਤੰਬਰ - ਅਕਤੂਬਰ ) ਦੌਰਾਨ ਕੀਤੀ ਜਾਵੇ , ਅਜਿਹਾ ਕਰਨ ਨਾਲ ਫ਼ਸਲ ਨੂੰ ਪੱਕਣ ਲਈ ਵੱਧ ਸਮਾਂ ਮਿਲੇਗਾ ਜਿਸ ਨਾਲ ਵਧੇਰੇ ਪੈਦਾਵਾਰ ਦੇ ਨਾਲ ਨਾਲ ਖੰਡ ਮਿੱਲਾਂ ਨੂੰ ਖੰਡ ਦੀ ਮਾਤਰਾ ਵੀ ਵੱਧ ਮਿਲੇਗੀ। ਉਨ੍ਹਾਂ ਕਿਹਾ ਕਿ ਅੱਸੂ ਮਹੀਨੇ ਗੰਨੇ ਦੀ ਫ਼ਸਲ ਨਾਲ ਹੋਰ ਫ਼ਸਲਾਂ ਬਤੌਰ ਅੰਤਰ ਫ਼ਸਲ ਲੈ ਕੇ ਵਾਧੂ ਆਮਦਨ ਲਈ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਮਜ਼ਦੂਰਾਂ ਦੀ ਆ ਰਹੀ ਕਮੀ ਦੀ ਸਮੱਸਿਆ ਦੇ ਹੱਲ ਲਈ ਜ਼ਰੂਰੀ ਹੈ ਕਿ ਅੱਸੂ ਦੇ ਗੰਨੇ ਦੀ ਬਿਜਾਈ ਚੌੜੀ ਡੂੰਘੀ ਖਾਲੀ ਤਕਨੀਕ ਨਾਲ 4-5 ਫੁੱਟ ਦੀ ਦੂਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਤਕਨੀਕ ਨਾਲ ਗੰਨੇ ਦੀ ਬਿਜਾਈ ਕਰਨ ਨਾਲ ਖੇਤੀ ਲਾਗਤ ਖਰਚੇ ਘਟਦੇ ਹਨ ਅਤੇ ਪੈਦਾਵਾਰ ਵਧਦੀ ਹੈ, ਪਾਣੀ ਦੀ ਬਚਤ, ਵੱਧ ਝਾੜ ਅਤੇ ਖੇਤੀ ਕਾਰਜਾਂ ਨੂੰ ਆਸਾਨ ਬਣਾਉਂਦੀ ਹੈ।

ਮੌਕੇ ਤੇ ਮੌਜੂਦ ਕਿਸਾਨਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਗੰਨੇ ਦੀ ਖੇਤੀ ,ਨਵੀਨਤਮ ਤਕਨੀਕ ਨਾਲ ਕਰਨ ਲਈ ਜ਼ਰੂਰੀ ਹੈ ਕਿ ਗੰਨਾ ਕਾਸ਼ਤ ਕਾਰਾਂ ਕੋਲ ਨਵੀਂ ਮਸੀਨਰੀ ਵੀ ਹੋਵੇ ਇਸ ਲਈ ਗੰਨੇ ਦੀ ਕਾਸ਼ਤ ਲਈ ਲੋੜੀਂਦੀ ਖੇਤੀ ਮਸੀਨਰੀ ਸਬਸਿਡੀ ਤੇ ਮੁਹਈਆ ਕਰਵਾਈ ਜਾਵੇ।

# ਜ਼ਿਲ੍ਹਾ ਪੱਧਰੀ ਟ੍ਰੇਨਿੰਗ ਦੌਰਾਨ ਸਰਪੰਚਾਂ ਨੂੰ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਸਕੀਮਾਂ ਬਾਰੇ ਦਿੱਤੀ ਜਾਣਕਾਰੀ

**ਤਰਨ ਤਾਰਨ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ ਲਈ ਜ਼ਿਲ੍ਹਾ ਪੱਧਰੀ ਟ੍ਰੇਨਿੰਗ/ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਜ਼ਿਲ੍ਹਾ ਤਰਨ ਤਾਰਨ ਦੇ 9 ਬਲਾਕਾਂ ਦੇ ਸਰਪੰਚ ਸਾਹਿਬਾਨ ਨੇ ਭਾਗ ਲਿਆ।

ਵਰਕਸ਼ਾਪ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਲੋਕ-ਹਿਤੈਸ਼ੀ ਸਕੀਮਾਂ ਅਤੇ ਵਿਕਾਸ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ‘ਮੇਰਾ ਘਰ ਮੇਰੇ ਨਾਮ’ ਸਕੀਮ ਸਬੰਧੀ ਵੀ ਸਰਪੰਚਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਸਕੀਮ ਦਾ ਲਾਭ ਯੋਗ ਲਾਭਪਾਤਰੀਆਂ ਤੱਕ ਪਹੁੰਚਾਉਣ ਲਈ ਗ੍ਰਾਮ ਪੰਚਾਇਤਾਂ ਦੀ ਭੂਮਿਕਾ ਬਾਰੇ ਜਾਣੂ ਕਰਵਾਇਆ ਗਿਆ।

ਇਸ ਤੋਂ ਇਲਾਵਾ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ (ਪੇਡਾ) ਵੱਲੋਂ ਚਲਾਈ ਜਾ ਰਹੀ ‘12-ਵਾਟ ਐਲ.ਈ.ਡੀ ਬੇਸਡ ਸੋਲਰ ਸਟਰੀਟ ਲਾਈਟਸ ਸਕੀਮ’ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ। ਸਰਪੰਚਾਂ ਨੂੰ ਪਿੰਡਾਂ ਵਿੱਚ ਸੋਲਰ ਸਟਰੀਟ ਲਾਈਟਾਂ ਦੀ ਸਥਾਪਨਾ ਅਤੇ ਇਸ ਸਬੰਧੀ ਗ੍ਰਾਮ ਪੰਚਾਇਤ ਦੇ ਹਿੱਸੇ ਬਾਰੇ ਜਾਣੂ ਕਰਵਾਇਆ ਗਿਆ। ਇਸ ਸਕੀਮ ਤਹਿਤ ਰਾਜ ਸਰਕਾਰ ਵੱਲੋਂ 70 ਫੀਸਦੀ ਹਿੱਸਾ ਅਤੇ ਗ੍ਰਾਮ ਪੰਚਾਇਤ ਵੱਲੋਂ 30 ਫੀਸਦੀ ਹਿੱਸਾ ਪਾਉਣ ਦੀ ਵਿਵਸਥਾ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਵਰਕਸ਼ਾਪ ਦੌਰਾਨ ਸੋਲਿਡ ਵੇਸਟ ਮੈਨੇਜਮੈਂਟ ਰੂਲਸ, 2026 ਨੂੰ ਹਰੇਕ ਗ੍ਰਾਮ ਪੰਚਾਇਤ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ’ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਸਰਪੰਚਾਂ ਨੂੰ ’4-ਵੇਅ ਵੇਸਟ ਸੈਗਰੀਗੇਸ਼ਨ’, ਸਰੋਤ ਪੱਧਰ ’ਤੇ ਕੂੜੇ ਦੀ ਛਾਂਟੀ, ਘਰ-ਘਰ ਕੂੜਾ ਇਕੱਠਾ ਕਰਨ ਅਤੇ ਠੋਸ ਕੂੜੇ ਦੇ ਵਿਗਿਆਨਕ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਏ.ਡੀ.ਸੀ. (ਵਿਕਾਸ), ਤਰਨ ਤਾਰਨ ਸੰਜੀਵ ਕੁਮਾਰ ਵੱਲੋਂ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ ਗਈ। ਉਨ੍ਹਾਂ ਨੇ ਸਰਪੰਚਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਪਿੰਡ ਪੱਧਰ ਤੱਕ ਪਹੁੰਚਾਉਣ, ਵਿਕਾਸ ਕਾਰਜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਅਤੇ ਸਫ਼ਾਈ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ।

ਉਨ੍ਹਾਂ ਵੱਲੋਂ ਸਾਫ਼-ਸੁਥਰੇ, ਕੂੜਾ-ਮੁਕਤ ਅਤੇ ਵਾਤਾਵਰਣ ਪੱਖੋਂ ਸਿਹਤਮੰਦ ਪਿੰਡਾਂ ਦੀ ਸਿਰਜਣਾ ਲਈ ਲੋਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ’ਤੇ ਜ਼ੋਰ ਦਿੱਤਾ ਗਿਆ।

ਵਰਕਸ਼ਾਪ ਵਿੱਚ ਬਲਾਕ ਤਰਨ ਤਾਰਨ, ਗੰਡੀਵਿੰਡ, ਭਿੱਖੀਵਿੰਡ, ਵਲਟੋਹਾ, ਪੱਟੀ, ਨੌਸ਼ਹਿਰਾ ਪੰਨੂਆਂ, ਚੋਹਲਾ ਸਾਹਿਬ, ਖਡੂਰ ਸਾਹਿਬ ਅਤੇ ਨਾਗੋਕੇ ਦੇ ਸਰਪੰਚ ਸਾਹਿਬਾਨਾਂ ਨੇ ਭਾਗ ਲਿਆ।

# ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਕਰਵਾਇਆ ਕਿਸਾਨ-ਵਿਗਿਆਨੀ ਵਿਚਾਰ-ਵਟਾਂਦਰਾ ਪ੍ਰੋਗਰਾਮ



**ਤਰਨਤਾਰਨ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਤੇਜਬੀਰ ਸਿੰਘ ਭੰਗੂ ਦੀ ਪ੍ਰਧਾਨਗੀ ਹੇਠ ਕ੍ਰਿਸ਼ੀ ਵਿਗਿਆਨ ਕੇਂਦਰ ਤਰਨ ਤਾਰਨ ਵਿਖੇ ਆਤਮਾ ਸਕੀਮ ਅਧੀਨ ਇਕ ਵਿਸ਼ੇਸ਼ ਕਿਸਾਨ-ਵਿਗਿਆਨੀ ਵਿਚਾਰ-ਵਟਾਂਦਰਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ।

ਇਸ ਪ੍ਰੋਗਰਾਮ ਦੌਰਾਨ ਬਲਾਕ ਟੈਕਨਾਲੋਜੀ ਮੈਨੇਜਰ ਡਾ. ਇੰਦਰਪਾਲ ਸਿੰਘ ਨੇ ਮੰਚ ਸੰਚਾਲਕ ਦੀ ਅਹਿਮ ਭੂਮਿਕਾ ਨਿਭਾਈ। ਉਹਨਾਂ ਨੇ ਹਾਜ਼ਰ ਕਿਸਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਅਤੇ ਪਰਾਲੀ ਦੇ ਤਕਨੀਕੀ ਪ੍ਰਬੰਧਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਪ੍ਰੋਜੈਕਟ ਡਾਇਰੈਕਟਰ ਡਾ. ਵਿਕਰਮ ਸੂਦ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੁਆਰਾ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਨਾਲ ਸਬੰਧਤ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਦੀ ਤਕਨੀਕੀ ਜਾਣਕਾਰੀ ਸਾਂਝੀ ਕੀਤੀ। ਡਿਪਟੀ ਪ੍ਰੋਜੈਕਟ ਡਾਇਰੈਕਟਰ ਡਾ. ਜਗਦੀਪ ਕੌਰ ਨੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਖੇਤੀਬਾੜੀ ਦੇ ਨਾਲ-ਨਾਲ ਸਹਾਇਕ ਧੰਦਿਆਂ ਨੂੰ ਅਪਣਾਉਣ ਦੀ ਮਹੱਤਤਾ ’ਤੇ ਚਾਨਣਾ ਪਾਇਆ।

ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਡਾ. ਨਵਜੋਤ ਸਿੰਘ ਬਰਾੜ ਨੇ ਕਿਸਾਨਾਂ ਨੂੰ ਕਣਕ, ਝੋਨੇ, ਤੇਲਬੀਜ ਫਸਲਾਂ ਦੀ ਬੀਜਾਈ ਅਤੇ ਸਾਈਲੇਜ (ਆਚਾਰ) ਬਣਾਉਣ ਦੀਆਂ ਆਧੁਨਿਕ ਤਕਨੀਕਾਂ ਬਾਰੇ ਸੰਪੂਰਨ ਜਾਣਕਾਰੀ ਦਿੱਤੀ। ਕੇ.ਵੀ.ਕੇ ਦੇ ਡਾ. ਪਲਪ੍ਰੀਤ ਸਿੰਘ ਅਤੇ ਡਾ. ਜੁਗਰਾਜ ਸਿੰਘ ਮਾਹਲ ਨੇ ਪਸ਼ੂ ਧਨ ਦੀ ਸਿਹਤ, ਨਸਲ ਸੁਧਾਰ ਅਤੇ ਪਸ਼ੂਆਂ ਲਈ ਸੰਤੁਲਿਤ ਖ਼ੁਰਾਕ ਸਬੰਧੀ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ।

ਸਮਾਗਮ ਦੌਰਾਨ ਕਿਸਾਨਾਂ ਨੇ ਵੀ ਆਪਣੇ ਖੇਤੀਬਾੜੀ ਤਜਰਬੇ ਸਾਂਝੇ ਕੀਤੇ ਅਤੇ ਆਪਣੇ ਸੁਝਾਅ ਦਿੱਤੇ। ਇਸ ਮੌਕੇ ਸਮੂਹ ਕਿਸਾਨਾਂ ਨੇ ਵਾਤਾਵਰਨ ਦੀ ਸੰਭਾਲ ਲਈ ਝੋਨੇ ਦੀ ਪਰਾਲੀ ਨਾ ਸਾੜਨ ਦਾ ਪ੍ਰਣ ਲਿਆ। ਕਿਸਾਨਾਂ ਅਤੇ ਵਿਗਿਆਨੀਆਂ ਦਰਮਿਆਨ ਗਿਆਨ ਦੇ ਸਫਲ ਆਦਾਨ-ਪ੍ਰਦਾਨ ਨਾਲ ਇਹ ਪ੍ਰੋਗਰਾਮ ਸਫਲਤਾਪੂਰਵਕ ਨੇਪਰੇ ਚੜ੍ਹਿਆ।

# ਪੰਜਾਬ ਸਰਕਾਰ ਹਮੇਸ਼ਾ ਪਛੜ੍ਹੀਆਂ ਸ਼੍ਰੇਣੀਆਂ ਦੇ ਵਿਕਾਸ ਲਈ ਵਚਨਬੱਧ: ਸੰਦੀਪ ਸੈਣੀ

**ਹੁਸ਼ਿਆਰਪੁਰ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਤੇਜੀ ਨਾਲ ਕੰਮ ਕਰ ਰਹੀ ਹੈ। ਇਸੇ ਮੰਤਵ ਦੀ ਪੂਰਤੀ ਲਈ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਵੱਲੋਂ ਪੰਜਾਬ ਰਾਜ ਦੀਆਂ ਪੱਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਵਰਗ ਅਤੇ ਆਰਥਿਕ ਤੌਰ ਤੇ ਕਮਜੋਰ ਵਰਗ ਦੇ ਲੋਕਾਂ ਦੀ ਭਲਾਈ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਸੰਦੀਪ ਸੈਣੀ, ਚੇਅਰਮੈਨ, ਪੰਜਾਬ ਪਛੜ੍ਹੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਵੱਲੋਂ ਦੱਸਿਆ ਗਿਆ ਕਿ ਬੈਕਫਿੰਕੋ ਵੱਲੋਂ ਪੱਛੜੀਆਂ ਸ੍ਰੇਣੀਆਂ, ਆਰਥਿਕ ਤੌਰ ਤੇ ਕੰਮਜੋਰ ਵਰਗ, ਅਤੇ ਘੱਟ ਗਿਣਤੀ ਵਰਗ ਦੇ ਵਿਅਕਤੀਆਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਸਵੈ-ਰੁਜਗਾਰ ਸਕੀਮਾਂ ਲਈ ਘੱਟ ਵਿਆਜ ਦੀ ਦਰ ਤੇ ਕਰਜੇ ਮੁਹੱਇਆ ਕਰਵਾਏ ਜਾ ਰਹੇ ਹਨ। ਚੇਅਰਮੈਨ ਸੰਦੀਪ ਸੈਣੀ ਨੇ ਦੱਸਿਆ ਕਿ ਬੈਕਫਿੰਕੋ ਵੱਲੋਂ ਸਾਲ 2025-26 ਦੌਰਾਨ ਐਨ.ਐਮ.ਡੀ. ਸਕੀਮ ਅਧੀਨ ਪੰਜਾਬ ਰਾਜ ਦੇ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਕ੍ਰਿਸ਼ਚਨ, ਪਾਰਸੀ, ਬੋਧੀ ਅਤੇ ਜੈਨੀ) ਦੇ ਲੋਕਾਂ ਨੂੰ 319 ਲਾਭਪਾਤਰੀਆਂ ਨੂੰ 1079.53 ਲੱਖ ਰੁਪਏ ਦੇ ਕਰਜੇ ਵੰਡੇ ਗਏ ਅਤੇ ਸਿੱਧਾ ਕਰਜਾ ਸਕੀਮ ਅਧੀਨ ਆਰਥਿਕ ਤੌਰ ਤੇ ਕੰਮਜੋਰ ਵਰਗ ਦੇ 25 ਲਾਭਪਾਤਰੀਆਂ ਨੂੰ 49.80 ਲੱਖ ਰੁਪਏ ਦੇ ਕਰਜੇ ਵੰਡੇ ਗਏ ਹਨ।

# ਖੇਡਾਂ ਵਤਨ ਪੰਜਾਬ ਦੀਆਂ-2026’ ਸੀਜ਼ਨ-4 ਲਈ ਰਜਿਸਟ੍ਰੇਸ਼ਨ ਕਰਵਾਉਣ ਖਿਡਾਰੀ: ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਖੇਡ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਦੇ ਉਦੇਸ਼ ਨਾਲ ‘ਖੇਡਾਂ ਵਤਨ ਪੰਜਾਬ ਦੀਆਂ-2026’ ਸੀਜ਼ਨ-4 ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਬਲਾਕ ਪੱਧਰੀ ਖੇਡ ਮੁਕਾਬਲੇ 7 ਤੋਂ 12 ਸਤੰਬਰ 2026 ਤੱਕ, ਜਦਕਿ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ 20 ਤੋਂ 26 ਸਤੰਬਰ 2026 ਤੱਕ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਬਲਾਕ ਪੱਧਰ ’ਤੇ ਇਸ ਸਾਲ 7 ਖੇਡਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਵਾਰ ਟੈਨਿਸ ਕ੍ਰਿਕਟ ਨੂੰ ਵੀ ਖੇਡਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸੇ ਤਰ੍ਹਾਂ ਜ਼ਿਲ੍ਹਾ ਪੱਧਰ ’ਤੇ 29 ਵੱਖ-ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਲਾਕ ਪੱਧਰੀ ਮੁਕਾਬਲਿਆਂ ਲਈ ਹੁਣ ਤੱਕ ਸਿਰਫ਼ 186 ਖਿਡਾਰੀਆਂ/ਟੀਮਾਂ ਨੇ ਆਨਲਾਈਨ ਰਜਿਸਟ੍ਰੇਸ਼ਨ ਕਰਵਾਈ ਹੈ, ਜਿਨ੍ਹਾਂ ਵਿੱਚ ਵਿਅਕਤੀਗਤ ਮੁਕਾਬਲਿਆਂ ਲਈ 164 ਖਿਡਾਰੀ ਅਤੇ ਟੀਮ ਮੁਕਾਬਲਿਆਂ ਲਈ 22 ਟੀਮਾਂ ਨੇ ਸਪੋਰਟਸ ਪੋਰਟਲ ’ਤੇ ਰਜਿਸਟ੍ਰੇਸ਼ਨ ਕਰਵਾਈ ਹੈ।

ਇਸੇ ਤਰ੍ਹਾਂ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਹੁਣ ਤੱਕ 358 ਖਿਡਾਰੀਆਂ/ਟੀਮਾਂ ਨੇ ਆਨਲਾਈਨ ਰਜਿਸਟ੍ਰੇਸ਼ਨ ਕਰਵਾਈ ਹੈ, ਜਿਨ੍ਹਾਂ ਵਿੱਚ 352 ਖਿਡਾਰੀਆਂ ਨੇ ਵਿਅਕਤੀਗਤ ਮੁਕਾਬਲਿਆਂ ਅਤੇ 6 ਟੀਮਾਂ ਨੇ ਟੀਮ ਮੁਕਾਬਲਿਆਂ ਲਈ ਰਜਿਸਟ੍ਰੇਸ਼ਨ ਕਰਵਾਈ ਹੈ।

ਉਨ੍ਹਾਂ ਦੱਸਿਆ ਕਿ ਖੇਡਾਂ ਵਿੱਚ ਭਾਗ ਲੈਣ ਦੇ ਇੱਛੁਕ ਖਿਡਾਰੀਆਂ ਲਈ ਆਨਲਾਈਨ ਰਜਿਸਟ੍ਰੇਸ਼ਨ ਖੁੱਲ੍ਹੀ ਹੋਈ ਹੈ। ਇਸ ਲਈ ਜ਼ਿਲ੍ਹੇ ਦੇ ਖਿਡਾਰੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਖਰੀ ਮਿਤੀ ਦੀ ਉਡੀਕ ਕੀਤੇ ਬਿਨਾਂ ਪੰਜਾਬ ਖੇਡ ਵਿਭਾਗ ਦੇ ਆਨਲਾਈਨ ਪੋਰਟਲ sports.punjab.gov.in ’ਤੇ ਜਾ ਕੇ ਆਪਣੀ ਰਜਿਸਟ੍ਰੇਸ਼ਨ ਯਕੀਨੀ ਬਣਾਉਣ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਵੱਧ ਤੋਂ ਵੱਧ ਖਿਡਾਰੀਆਂ ਨੂੰ ‘ਖੇਡਾਂ ਵਤਨ ਪੰਜਾਬ ਦੀਆਂ-2026’ ਵਿੱਚ ਉਤਸ਼ਾਹ ਨਾਲ ਭਾਗ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ, ਸਗੋਂ ਨੌਜਵਾਨਾਂ ਨੂੰ ਅਨੁਸ਼ਾਸਨ, ਟੀਮ ਭਾਵਨਾ ਅਤੇ ਸਕਾਰਾਤਮਕ ਸੋਚ ਨਾਲ ਅੱਗੇ ਵਧਣ ਦਾ ਮੌਕਾ ਵੀ ਪ੍ਰਦਾਨ ਕਰਦੀਆਂ ਹਨ।ਜੇ ਤੁਸੀਂ ਚਾਹੋ, ਮੈਂ ਇਸਨੂੰ ਅਖਬਾਰੀ ਖ਼ਬਰ ਦੀ ਹੋਰ ਪ੍ਰਭਾਵਸ਼ਾਲੀ ਪੰਜਾਬੀ ਸ਼ੈਲੀ ਵਿੱਚ ਵੀ ਤਿਆਰ ਕਰ ਸਕਦਾ ਹਾਂ।

# ਐਮ.ਆਰ.ਐਸ.ਪੀ.ਟੀ.ਯੂ. ਦੀ ਕੇਂਦਰੀ ਲਾਇਬ੍ਰੇਰੀ ਵੱਲੋਂ ਪੁਸਤਕ ਪ੍ਰਦਰਸ਼ਨੀ ਦਾ ਆਯੋਜਨ

**ਬਠਿੰਡਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਦੀ ਕੇਂਦਰੀ ਲਾਇਬ੍ਰੇਰੀ ਵੱਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਪੜ੍ਹਨ ਦੀ ਰੁਚੀ ਨੂੰ ਉਤਸ਼ਾਹਿਤ ਕਰਨ ਅਤੇ ਪੁਸਤਕਾਂ ਨਾਲ ਉਨ੍ਹਾਂ ਦੀ ਸਾਂਝ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਅੱਜ ਇਥੇ ਰੀਡਿੰਗ ਹਾਲ, ਗਰਾਊਂਡ ਫਲੋਰ ਵਿਖੇ ਪੁਸਤਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।

ਇਸ ਪੁਸਤਕ ਪ੍ਰਦਰਸ਼ਨੀ ਦਾ ਉਦਘਾਟਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਸੰਜੀਵ ਕੁਮਾਰ ਸ਼ਰਮਾ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਪੁਸਤਕਾਂ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪੁਸਤਕਾਂ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਸੋਚਣ-ਸਮਝਣ ਦੀ ਸਮਰੱਥਾ, ਰਚਨਾਤਮਕਤਾ ਅਤੇ ਵਿਅਕਤੀਤਵ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਿਯਮਿਤ ਤੌਰ ’ਤੇ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕੀਤਾ।

ਪ੍ਰਦਰਸ਼ਨੀ ਵਿੱਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ਦੀਆਂ ਪੁਸਤਕਾਂ ਪ੍ਰਦਰਸ਼ਿਤ ਕੀਤੀਆਂ ਗਈਆਂ। ਵਿਦਿਆਰਥੀਆਂ ਨੇ ਪ੍ਰਦਰਸ਼ਨੀ ਵਿੱਚ ਬਹੁਤ ਉਤਸ਼ਾਹ ਨਾਲ ਭਾਗ ਲਿਆ ਅਤੇ ਪੁਸਤਕਾਂ ਵਿੱਚ ਵਿਸ਼ੇਸ਼ ਦਿਲਚਸਪੀ ਦਿਖਾਈ। ਇਸੇ ਤਰ੍ਹਾਂ ਯੂਨੀਵਰਸਿਟੀ ਦੇ ਅਧਿਆਪਕਾਂ ਵੱਲੋਂ ਵੀ ਪ੍ਰਦਰਸ਼ਨੀ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ।ਇਸ ਮੌਕੇ ਯੂਨੀਵਰਸਿਟੀ ਲਾਇਬ੍ਰੇਰੀਅਨ ਡਾ. ਇਕਬਾਲ ਸਿੰਘ ਬਰਾੜ ਨੇ ਵਾਈਸ ਚਾਂਸਲਰ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਪੁਸਤਕ ਪ੍ਰਦਰਸ਼ਨੀਆਂ ਵਿਦਿਆਰਥੀਆਂ ਵਿੱਚ ਪੜ੍ਹਨ ਦੀ ਆਦਤ ਵਿਕਸਿਤ ਕਰਨ ਅਤੇ ਉਨ੍ਹਾਂ ਨੂੰ ਨਵੀਆਂ ਪੁਸਤਕਾਂ ਅਤੇ ਸਾਹਿਤ ਨਾਲ ਜਾਣੂ ਕਰਵਾਉਣ ਲਈ ਬਹੁਤ ਲਾਹੇਵੰਦ ਹਨ।

# ਹਰਿਆਣਾ ਸਰਕਾਰ ਨੇ ਸ਼ੁਰੂ ਕੀਤੀ ਬਾਗਬਾਨੀ ਦੀ ਮੁਫ਼ਤ ਸਿਖਲਾਈ ਯੋਜਨਾ; 'ਪਹਿਲਾਂ ਆਓ, ਪਹਿਲਾਂ ਪਾਓ' ਦੇ ਆਧਾਰ 'ਤੇ ਕਿਸਾਨਾਂ ਨੂੰ ਮਿਲੇਗਾ ਹੁਨਰ ਵਿਕਾਸ ਦਾ ਮੌਕਾ



**ਚੰਡੀਗੜ੍ਹ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਰਾਜ ਦੇ ਕਿਸਾਨਾਂ ਨੂੰ ਆਧੁਨਿਕ ਅਤੇ ਵਿਗਿਆਨਕ ਖੇਤੀ ਨਾਲ ਜੋੜਨ ਲਈ ਇੱਕ ਮਹੱਤਵਪੂਰਨ ਪਹਿਲ ਦਾ ਐਲਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਬਾਗਬਾਨੀ ਵਿਭਾਗ ਵੱਲੋਂ ਸਾਲ 2026-27 ਦੌਰਾਨ 'ਏਕੀਕ੍ਰਿਤ ਬਾਗਬਾਨੀ ਵਿਕਾਸ ਕੇਂਦਰ, ਸੁੰਦਰਹ, ਮਹਿੰਦਰਗੜ੍ਹ' ਵਿੱਚ ਰਾਜ ਭਰ ਦੇ ਕਿਸਾਨਾਂ ਲਈ ਵੱਖ-ਵੱਖ ਕਿਸਮ ਦੀਆਂ ਬਾਗਬਾਨੀ ਤਕਨੀਕਾਂ ਦਾ ਮੁਫ਼ਤ 05 ਦਿਨਾਂ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤਾ ਜਾ ਰਿਹਾ ਹੈ।

ਸ਼੍ਰੀ ਰਾਣਾ ਨੇ ਕਿਹਾ ਕਿ ਸਰਕਾਰ ਦਾ ਮੁੱਖ ਟੀਚਾ ਕਿਸਾਨਾਂ ਨੂੰ ਰਵਾਇਤੀ ਫਸਲਾਂ ਦੇ ਨਾਲ-ਨਾਲ ਉੱਚ ਮੁੱਲ ਵਾਲੀਆਂ ਬਾਗਬਾਨੀ ਫਸਲਾਂ, ਜੈਵਿਕ ਖੇਤੀ ਅਤੇ ਸੁਰੱਖਿਅਤ ਖੇਤੀ ਵੱਲ ਉਤਸ਼ਾਹਤ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਆਮਦਨ ਵਿੱਚ ਸਥਾਈ ਵਾਧਾ ਹੋ ਸਕੇ।

ਖੇਤੀਬਾੜੀ ਮੰਤਰੀ ਨੇ ਸਿਖਲਾਈ ਪ੍ਰੋਗਰਾਮਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁੰਦਰਹ ਸਥਿਤ ਕੇਂਦਰ ਵਿੱਚ ਵੱਖ-ਵੱਖ ਵਿਸ਼ਿਆਂ 'ਤੇ ਵਿਸ਼ੇਸ਼ ਸਿਖਲਾਈ ਸੈਸ਼ਨ ਆਯੋਜਿਤ ਕੀਤੇ ਜਾਣਗੇ। ਇਨ੍ਹਾਂ ਵਿੱਚ 7 ਸਤੰਬਰ ਤੋਂ 11 ਸਤੰਬਰ 2026 ਅਤੇ 14 ਦਸੰਬਰ ਤੋਂ 18 ਦਸੰਬਰ 2026 ਤੱਕ ਸਬਜ਼ੀਆਂ ਦੀ ਸੁਰੱਖਿਅਤ ਖੇਤੀ 'ਤੇ ਸਿਖਲਾਈ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ 14 ਸਤੰਬਰ ਤੋਂ 18 ਸਤੰਬਰ 2026, 5 ਅਕਤੂਬਰ ਤੋਂ 9 ਅਕਤੂਬਰ 2026 ਅਤੇ 2 ਨਵੰਬਰ ਤੋਂ 6 ਨਵੰਬਰ 2026 ਦੌਰਾਨ ਮਸ਼ਰੂਮ ਉਤਪਾਦਨ ਅਤੇ ਤਕਨੀਕਾਂ 'ਤੇ ਡੂੰਘੀ ਵਿਹਾਰਕ ਸਿਖਲਾਈ ਪ੍ਰਦਾਨ ਕੀਤੀ ਜਾਵੇਗੀ। ਉੱਥੇ ਹੀ, 12 ਅਕਤੂਬਰ ਤੋਂ 16 ਅਕਤੂਬਰ 2026 ਤੱਕ ਬਾਗਬਾਨੀ ਫਸਲਾਂ ਦੀ ਜੈਵਿਕ ਖੇਤੀ 'ਤੇ ਸੈਸ਼ਨ ਦਾ ਆਯੋਜਨ ਹੋਵੇਗਾ, ਅਤੇ 16 ਨਵੰਬਰ ਤੋਂ 20 ਨਵੰਬਰ 2026 ਅਤੇ 7 ਦਸੰਬਰ ਤੋਂ 11 ਦਸੰਬਰ 2026 ਤੱਕ ਖੁੱਲ੍ਹੇ ਖੇਤ ਵਿੱਚ ਬਾਗਬਾਨੀ ਫਸਲਾਂ ਦੇ ਉਤਪਾਦਨ ਦੀ ਸਿਖਲਾਈ ਮਿਲੇਗੀ।

ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਅੱਗੇ ਦੱਸਿਆ ਕਿ ਪ੍ਰਦੇਸ਼ ਦੇ ਨੌਜਵਾਨਾਂ ਅਤੇ ਕਿਸਾਨਾਂ ਨੂੰ ਨਰਸਰੀ ਪ੍ਰਬੰਧਨ ਵਿੱਚ ਆਤਮਨਿਰਭਰ ਬਣਾਉਣ ਲਈ 'ਹਰਿਆਣਾ ਬਾਗਬਾਨੀ ਨਰਸਰੀ ਨਿਯਮ 2026' ਤਹਿਤ ਵਿਸ਼ੇਸ਼ ਸਿਖਲਾਈ ਮੋਡੀਊਲ ਤਿਆਰ ਕੀਤੇ ਗਏ ਹਨ, ਜਿਨ੍ਹਾਂ ਦਾ ਆਯੋਜਨ 30 ਨਵੰਬਰ ਤੋਂ 04 ਦਸੰਬਰ 2026, 28 ਦਸੰਬਰ 2026 ਤੋਂ 1 ਜਨਵਰੀ 2027, 18 ਜਨਵਰੀ ਤੋਂ 22 ਜਨਵਰੀ 2027, 1 ਫਰਵਰੀ ਤੋਂ 05 ਫਰਵਰੀ 2027 ਅਤੇ 15 ਫਰਵਰੀ ਤੋਂ 19 ਫਰਵਰੀ 2027 ਤੱਕ ਕੀਤਾ ਜਾਵੇਗਾ।

ਇਸ ਤੋਂ ਇਲਾਵਾ, ਨਵੇਂ ਬਾਗਾਂ ਦੇ ਬੂਟੇ ਲਗਾਉਣ ਅਤੇ ਫਲ ਉਤਪਾਦਨ ਤਕਨੀਕਾਂ 'ਤੇ 4 ਜਨਵਰੀ ਤੋਂ 8 ਜਨਵਰੀ 2027 ਤੱਕ 5 ਦਿਨਾਂ ਸਿਖਲਾਈ ਆਯੋਜਿਤ ਹੋਵੇਗੀ।

ਇੱਕ ਸਰਕਾਰੀ ਬੁਲਾਰੇ ਨੇ ਅੱਗੇ ਦੱਸਿਆ ਕਿ ਹਰਿਆਣਾ ਦੇ ਸਾਰੇ ਜ਼ਿਲ੍ਹਿਆਂ ਦੇ 18 ਤੋਂ 60 ਸਾਲ ਦੀ ਉਮਰ ਦੇ ਕਿਸਾਨ ਬਾਗਬਾਨੀ ਵਿਭਾਗ ਦੇ ਪੋਰਟਲ kaushal.hortharyana.gov.in ਦੇ ਮਾਧਿਅਮ ਨਾਲ ਆਪਣੀ ਆਨਲਾਈਨ ਅਰਜ਼ੀ ਦੇ ਸਕਦੇ ਹਨ। ਹਰੇਕ ਸਿਖਲਾਈ ਬੈਚ ਲਈ 20 ਸੀਟਾਂ ਨਿਰਧਾਰਤ ਕੀਤੀਆਂ ਗਈਆਂ ਹਨ, ਅਤੇ ਉਮੀਦਵਾਰਾਂ ਦੀ ਚੋਣ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ 'ਤੇ ਕੀਤੀ ਜਾਵੇਗੀ। ਸਿਖਲਾਈ ਦੌਰਾਨ ਰਾਤ ਦੇ ਠਹਿਰਾਅ ਦੀ ਵਿਵਸਥਾ ਨਹੀਂ ਹੋਵੇਗੀ ਅਤੇ ਚੁਣੇ ਗਏ ਉਮੀਦਵਾਰਾਂ ਨੂੰ ਪਹਿਲੇ ਦਿਨ ਆਪਣਾ ਆਧਾਰ ਕਾਰਡ ਅਤੇ ਪਰਿਵਾਰ ਪਛਾਣ ਪੱਤਰ (PPP) ਦੀ ਫੋਟੋਕਾਪੀ ਪੇਸ਼ ਕਰਨੀ ਪਵੇਗੀ।ਉਨ੍ਹਾਂ ਇੱਛੁਕ ਕਿਸਾਨਾਂ ਨੂੰ ਅਪੀਲ ਕੀਤੀ ਕਿ ਵਧੇਰੇ ਜਾਣਕਾਰੀ ਲਈ ਸਿਖਲਾਈ ਇੰਚਾਰਜ ਡਾ. ਮੁਕੇਸ਼ ਸ਼ਿਵਰਾਣ (9983414484, 8076830135) ਨਾਲ ਸੰਪਰਕ ਕਰਕੇ ਇਸ ਸਰਕਾਰੀ ਯੋਜਨਾ ਦਾ ਸਮੇਂ ਸਿਰ ਲਾਭ ਉਠਾਓ।

# ਹਰਿਆਣਾ ਸਰਕਾਰ ਨੇ ਗੰਨੇ ਦੇ ਕਿਸਾਨਾਂ ਲਈ ਸਬਸਿਡੀ ਯੋਜਨਾਵਾਂ ਦਾ ਕੀਤਾ ਐਲਾਨ

**ਚੰਡੀਗੜ੍ਹ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਾਲ 2026-27 ਲਈ 'ਗੰਨਾ ਤਕਨੀਕੀ ਉਦੇਸ਼ ਪਰਿਯੋਜਨਾ' ਤਹਿਤ ਕਿਸਾਨਾਂ ਦੇ ਹਿੱਤ ਵਿੱਚ ਇੱਕ ਮਹੱਤਵਪੂਰਨ ਪਹਿਲ ਸ਼ੁਰੂ ਕੀਤੀ ਗਈ ਹੈ। ਇਸ ਯੋਜਨਾ ਤਹਿਤ ਰਾਜ ਦੇ ਪ੍ਰਮੁੱਖ ਗੰਨਾ ਉਤਪਾਦਕ ਖੇਤਰਾਂ—ਯਮੁਨਾਨਗਰ, ਨਾਰਾਇਣਗੜ੍ਹ, ਸ਼ਾਹਾਬਾਦ, ਕਰਨਾਲ, ਅਸੰਧ, ਭਾਦਸੋਂ, ਪਾਣੀਪਤ, ਕੈਥਲ, ਰੋਹਤਕ, ਸੋਨੀਪਤ, ਜੀਂਦ, ਪਲਵਲ, ਭੂਨਾ, ਗੋਹਾਣਾ ਅਤੇ ਮਹਿਮ ਦੇ ਸਹਾਇਕ ਗੰਨਾ ਵਿਕਾਸ ਅਧਿਕਾਰੀਆਂ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਕਿਸਾਨਾਂ ਨੂੰ ਗ੍ਰਾਂਟ ਰਾਸ਼ੀ ਪ੍ਰਦਾਨ ਕੀਤੀ ਜਾਵੇਗੀ।

ਵਿਭਾਗ ਦੇ ਬੁਲਾਰੇ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਗ੍ਰਾਂਟ ਰਾਸ਼ੀ ਗੰਨੇ ਦੀਆਂ ਸੂਚਿਤ ਅਤੇ ਸਿਫ਼ਾਰਸ਼ ਕੀਤੀਆਂ ਕਿਸਮਾਂ ਦੀ ਬਿਜਾਈ ਆਧੁਨਿਕ ਵੀਧੀਆਂ, ਜਿਵੇਂ ਕਿ ਪ੍ਰਮੋਸ਼ਨ ਆਫ਼ ਵਾਈਡ ਰੋ ਸਪੇਸਿੰਗ (4 ਫੁੱਟ), ਸਿੰਗਲ-ਬਡ, ਬਡ-ਚਿੱਪ ਵਿਧੀ, ਫਾਊਂਡੇਸ਼ਨ ਸੀਡ ਨਰਸਰੀ/ਬੀਜ ਉਪਚਾਰ, ਅਤੇ 4 ਫੁੱਟ ਦੀ ਚੌੜੀ ਕਤਾਰ ਦੀ ਦੂਰੀ ਵਿੱਚ ਪੇੜੀ-ਪ੍ਰਬੰਧਨ (Ratoon Management) ਰਾਹੀਂ ਪ੍ਰਦਰਸ਼ਨ-ਪਲਾਟ ਲਗਾਉਣ 'ਤੇ ਦਿੱਤੀ ਜਾਵੇਗੀ। ਬੁਲਾਰੇ ਨੇ ਅਰਜ਼ੀਆਂ ਦੀ ਸਮਾਂ-ਸੀਮਾ ਦੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜਿਹੜੇ ਕਿਸਾਨ ਭਰਾਵਾਂ ਨੇ ਆਪਣਾ ਗੰਨਾ ਬਸੰਤ ਜਾਂ ਗਰਮੀ ਦੀ ਰੁੱਤ (ਅਪ੍ਰੈਲ ਤੋਂ ਬਾਅਦ) ਵਿੱਚ ਲਗਾਇਆ ਹੈ, ਉਹ ਇਸ ਯੋਜਨਾ ਦਾ ਲਾਭ ਲੈਣ ਲਈ 30 ਸਤੰਬਰ 2026 ਤੱਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਉੱਥੇ ਹੀ, ਜੋ ਕਿਸਾਨ ਸਰਦੀ ਦੀ ਰੁੱਤ (ਆਗਾਮੀ ਅਕਤੂਬਰ-ਨਵੰਬਰ) ਵਿੱਚ ਗੰਨੇ ਦੀ ਬਿਜਾਈ ਕਰਨ ਵਾਲੇ ਹਨ, ਉਨ੍ਹਾਂ ਲਈ ਅਰਜ਼ੀ ਦੀ ਮਿਤੀ 1 ਅਕਤੂਬਰ 2026 ਤੋਂ 31 ਦਸੰਬਰ 2026 ਤੱਕ ਨਿਰਧਾਰਤ ਕੀਤੀ ਗਈ ਹੈ। ਇੱਛੁਕ ਕਿਸਾਨ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.agriharyana.gov.in 0ਤੇ ਜਾ ਕੇ ਆਪਣੀ ਆਨਲਾਈਨ ਅਰਜ਼ੀ ਪੇਸ਼ ਕਰ ਸਕਦੇ ਹਨ।

ਇਸ ਤੋਂ ਇਲਾਵਾ, ਰਾਜ ਸਰਕਾਰ ਖੇਤੀਬਾੜੀ ਖੇਤਰ ਵਿੱਚ ਮਸ਼ੀਨੀਕਰਨ ਨੂੰ ਉਤਸ਼ਾਹਤ ਕਰਨ ਲਈ Mechanization in Sugarcane Implements ਯੋਜਨਾ ਤਹਿਤ ਵੀ ਵੱਖ-ਵੱਖ ਖੇਤੀਬਾੜੀ ਯੰਤਰਾਂ 'ਤੇ ਸਬਸਿਡੀ ਦੇ ਰਹੀ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਪਾਵਰ ਆਪਰੇਟਿਡ ਗੰਨਾ ਸੈੱਟ ਟ੍ਰੀਟਮੈਂਟ ਡਿਵਾਈਸ (30-120 ਲੀਟਰ ਸਮਰੱਥਾ), ਪਾਵਰ ਵੀਡਰ (ਇੰਜਣ ਦੁਆਰਾ ਸੰਚਾਲਿਤ 5 ਤੋਂ 7.5 BHP ਤੱਕ), ਗੰਨਾ ਰਟੂਨ ਮੈਨੇਜਰ, ਵਾਈਡ-ਰੋ ਰਿਜ/ਰਿਜ, ਰੋਟਾਵੇਟਰ (4 ਫੁੱਟ), ਟਰੈਕਟਰ ਦੁਆਰਾ ਸੰਚਾਲਿਤ ਸਪ੍ਰੇਅਰ, ਸਬ-ਸੋਇਲਰ/ਚਿਸਲਰ, ਗੰਨਾ ਕਟਰ/ਸਟ੍ਰਿਪਰ/ਪਲਾਂਟਰ ਅਤੇ ਮਿੰਨੀ ਟਰੈਕਟਰ ਵਰਗੇ ਆਧੁਨਿਕ ਖੇਤੀਬਾੜੀ ਯੰਤਰਾਂ ਦਾ ਲਾਭ ਲੈਣ ਲਈ ਵੀ ਕਿਸਾਨ 30 ਸਤੰਬਰ 2026 ਦੇ ਵਿਚਕਾਰ ਖੇਤੀਬਾੜੀ ਵਿਭਾਗ ਦੀ ਵੈੱਬਸਾਈਟ 'ਤੇ ਆਨਲਾਈਨ ਅਰਜ਼ੀ ਦੇ ਸਕਦੇ ਹਨ। ਯੋਜਨਾ ਨਾਲ ਸਬੰਧਤ ਵਿਸਤ੍ਰਿਤ ਜਾਣਕਾਰੀ ਅਤੇ ਜ਼ਰੂਰੀ ਦਿਸ਼ਾ-ਨਿਰਦੇਸ਼ ਵੀ ਵਿਭਾਗ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਕਰਵਾ ਦਿੱਤੇ ਗਏ ਹਨ।

# ਮੰਚ 1 ਲੱਖ ਰੁਪਏ ਤੋਂ 3 ਲੱਖ ਰੁਪਏ ਤੱਕ ਦੀ ਰਕਮ ਦੇ ਵਿੱਤੀ ਵਿਵਾਦਾਂ ਨਾਲ ਸਬੰਧਤ ਸ਼ਿਕਾਇਤਾਂ ਦੀ ਕਰੇਗਾ ਸੁਣਵਾਈ

**ਚੰਡੀਗੜ੍ਹ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਖਪਤਕਾਰਾਂ ਨੂੰ ਭਰੋਸੇਯੋਗ, ਚੰਗੀ ਵੋਲਟੇਜ ਅਤੇ ਨਿਰਵਿਘਨ ਬਿਜਲੀ ਸਪਲਾਈ ਲਈ ਵਚਨਬੱਧ ਹੈ। 'ਪੂਰਨ ਖਪਤਕਾਰ ਸੰਤੁਸ਼ਟੀ' ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਬਿਜਲੀ ਨਿਗਮ ਵੱਲੋਂ ਕਈ ਅਭਿਲਾਸ਼ੀ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ ਤਾਂ ਜੋ ਖਪਤਕਾਰਾਂ ਦੀਆਂ ਸਮੱਸਿਆਵਾਂ ਦਾ ਤੇਜ਼ੀ ਨਾਲ ਹੱਲ ਕੀਤਾ ਜਾ ਸਕੇ।

ਬਿਜਲੀ ਨਿਗਮ ਦੇ ਬੁਲਾਰੇ ਨੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ੋਨਲ ਖਪਤਕਾਰ ਸ਼ਿਕਾਇਤ ਨਿਵਾਰਨ ਮੰਚ ਰੈਗੂਲੇਸ਼ਨ 2.8.2 ਦੇ ਅਨੁਸਾਰ ਹਰੇਕ ਮਾਮਲੇ ਵਿੱਚ 1 ਲੱਖ ਰੁਪਏ ਤੋਂ ਵੱਧ ਅਤੇ 3 ਲੱਖ ਰੁਪਏ ਤੱਕ ਦੀ ਰਕਮ ਦੇ ਵਿੱਤੀ ਵਿਵਾਦਾਂ ਨਾਲ ਸਬੰਧਤ ਸ਼ਿਕਾਇਤਾਂ ਦੀ ਸੁਣਵਾਈ ਕਰੇਗਾ। ਪੰਚਕੂਲਾ ਜ਼ੋਨ ਦੇ ਅਧੀਨ ਆਉਣ ਵਾਲੇ ਜ਼ਿਲ੍ਹਿਆਂ ਯਾਨੀ ਕੁਰੂਕਸ਼ੇਤਰ, ਅੰਬਾਲਾ, ਪੰਚਕੂਲਾ, ਕੈਥਲ ਅਤੇ ਯਮੁਨਾਨਗਰ ਦੇ ਖਪਤਕਾਰਾਂ ਦੀਆਂ ਸ਼ਿਕਾਇਤਾਂ ਦਾ ਨਿਵਾਰਨ 07, 14, 21 ਅਤੇ 28 ਸਤੰਬਰ ਨੂੰ ਜ਼ੋਨਲ ਖਪਤਕਾਰ ਸ਼ਿਕਾਇਤ ਨਿਵਾਰਨ ਫੋਰਮ, ਪੰਚਕੂਲਾ ਵਿਖੇ ਖਪਤਕਾਰਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਪੰਚਕੂਲਾ ਜ਼ੋਨ ਦੇ ਅਧੀਨ ਆਉਣ ਵਾਲੇ ਜ਼ਿਲ੍ਹਿਆਂ ਦੇ ਖਪਤਕਾਰਾਂ ਦੇ ਗਲਤ ਬਿੱਲਾਂ, ਬਿਜਲੀ ਦੀਆਂ ਦਰਾਂ ਨਾਲ ਸਬੰਧਤ ਮਾਮਲਿਆਂ, ਮੀਟਰ ਸੁਰੱਖਿਆ ਨਾਲ ਜੁੜੇ ਮਾਮਲਿਆਂ, ਖਰਾਬ ਹੋਏ ਮੀਟਰਾਂ ਨਾਲ ਸਬੰਧਤ ਮਾਮਲਿਆਂ, ਵੋਲਟੇਜ ਨਾਲ ਜੁੜੇ ਹੋਏ ਮਾਮਲਿਆਂ ਦਾ ਨਿਪਟਾਰਾ ਕੀਤਾ ਜਾਵੇਗਾ। ਇਸ ਦੌਰਾਨ ਬਿਜਲੀ ਚੋਰੀ, ਬਿਜਲੀ ਦੀ ਦੁਰਵਰਤੋਂ ਅਤੇ ਘਾਤਕ-ਗੈਰ ਘਾਤਕ ਹਾਦਸੇ ਆਦਿ ਮਾਮਲਿਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਖਪਤਕਾਰ ਅਤੇ ਨਿਗਮ ਵਿਚਕਾਰ ਕਿਸੇ ਵੀ ਵਿਵਾਦ ਦੇ ਨਿਪਟਾਰੇ ਲਈ ਫੋਰਮ ਵਿੱਚ ਵਿੱਤੀ ਵਿਵਾਦਾਂ ਨਾਲ ਸਬੰਧਤ ਸ਼ਿਕਾਇਤ ਪੇਸ਼ ਕਰਨ ਤੋਂ ਪਹਿਲਾਂ ਪਿਛਲੇ ਛੇ ਮਹੀਨਿਆਂ ਦੌਰਾਨ ਖਪਤਕਾਰ ਵੱਲੋਂ ਭੁਗਤਾਨ ਕੀਤੇ ਗਏ ਬਿਜਲੀ ਦੇ ਔਸਤ ਚਾਰਜ ਦੇ ਆਧਾਰ 'ਤੇ ਗਣਨਾ ਕੀਤੀ ਗਈ ਹਰੇਕ ਮਹੀਨੇ ਲਈ ਦਾਅਵਾ ਕੀਤੀ ਗਈ ਰਕਮ ਜਾਂ ਉਸ ਵੱਲੋਂ ਦੇਣ ਯੋਗ ਬਿਜਲੀ ਚਾਰਜ ਦੇ ਬਰਾਬਰ ਰਕਮ, ਜੋ ਘੱਟ ਹੈ, ਖਪਤਕਾਰ ਨੂੰ ਜਮ੍ਹਾਂ ਕਰਵਾਉਣੀ ਹੋਵੇਗੀ। ਇਸ ਦੌਰਾਨ ਖਪਤਕਾਰ ਨੂੰ ਪ੍ਰਮਾਣਿਤ ਕਰਨਾ ਹੋਵੇਗਾ ਕਿ ਇਹ ਮਾਮਲਾ ਅਦਾਲਤ, ਅਥਾਰਟੀ ਜਾਂ ਫੋਰਮ ਦੇ ਸਾਹਮਣੇ ਲੰਬਿਤ ਨਹੀਂ ਹੈ ਕਿਉਂਕਿ ਅਦਾਲਤ ਜਾਂ ਫੋਰਮ ਵਿੱਚ ਵਿਚਾਰਧੀਨ ਮਾਮਲਿਆਂ 'ਤੇ ਮੀਟਿੰਗ ਦੌਰਾਨ ਵਿਚਾਰ ਨਹੀਂ ਕੀਤਾ ਜਾਵੇਗਾ।

# ਯੂਨੀਵਰਸਿਟੀ ਕੈਂਪਸ ਵਿੱਚ ਲੱਗਣਗੇ ਸਟਾਲ ਅਤੇ ਪ੍ਰਦਰਸ਼ਨੀ

**ਚੰਡੀਗੜ੍ਹ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਰਾਜ ਵਿੱਚ ਰਵਾਇਤੀ ਖੇਤੀ ਦੀ ਬਜਾਏ ਬਾਗਬਾਨੀ ਅਤੇ ਵਿਭਿੰਨ ਖੇਤੀ ਤਰੀਕਿਆਂ ਨੂੰ ਉਤਸ਼ਾਹਤ ਕਰਨ ਲਈ ਲਗਾਤਾਰ ਠੋਸ ਯਤਨ ਕਰ ਰਹੀ ਹੈ। ਇਸੇ ਲੜੀ ਤਹਿਤ ਸੂਬਾ ਸਰਕਾਰ ਵੱਲੋਂ ਇੱਕ ਮਹੱਤਵਪੂਰਨ ਪਹਿਲ ਕਰਦਿਆਂ ਮਹਾਰਾਣਾ ਪ੍ਰਤਾਪ ਬਾਗਬਾਨੀ ਯੂਨੀਵਰਸਿਟੀ ਕਰਨਾਲ ਦੇ ਮਾਧਿਅਮ ਨਾਲ ਰਾਜ ਦੇ ਪਹਿਲੇ 'ਬਾਗਬਾਨੀ ਮੇਲਾ ਅਤੇ ਬਾਗਬਾਨੀ ਐਕਸਪੋ-2026' ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਦੋ ਦਿਨਾਂ ਸ਼ਾਨਦਾਰ ਅਤੇ ਉੱਚ ਪੱਧਰੀ ਆਯੋਜਨ ਆਉਣ ਵਾਲੀ 19 ਤੋਂ 20 ਸਤੰਬਰ, 2026 ਨੂੰ ਯੂਨੀਵਰਸਿਟੀ ਦੇ ਉਚਾਨੀ ਕੈਂਪਸ, ਕਰਨਾਲ ਵਿਖੇ ਸੰਪੰਨ ਹੋਵੇਗਾ।

ਇੱਕ ਸਰਕਾਰੀ ਬੁਲਾਰੇ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਐਕਸਪੋ ਦਾ ਮੁੱਖ ਉਦੇਸ਼ ਰਾਜ ਦੇ ਕਿਸਾਨਾਂ, ਖੇਤੀਬਾੜੀ ਉੱਦਮੀਆਂ, ਖੋਜਕਾਰਾਂ ਅਤੇ ਖੇਤੀ-ਉਦਯੋਗ ਨਾਲ ਜੁੜੇ ਹਿੱਤਧਾਰਕਾਂ ਨੂੰ ਇੱਕ ਸਾਂਝਾ ਮੰਚ ਪ੍ਰਦਾਨ ਕਰਨਾ ਹੈ। ਇਸ ਦੇ ਮਾਧਿਅਮ ਨਾਲ ਕਿਸਾਨਾਂ ਨੂੰ ਬਾਗਬਾਨੀ ਖੇਤਰ ਵਿੱਚ ਹੋ ਰਹੇ ਨਵੀਨਤਮ ਤਕਨੀਕੀ ਨਵਾਚਾਰਾਂ, ਉੱਨਤ ਕਿਸਮ ਦੇ ਬੀਜਾਂ, ਆਧੁਨਿਕ ਸਿੰਜਾਈ ਪ੍ਰਣਾਲੀਆਂ (ਜਿਵੇਂ ਕਿ ਡ੍ਰਿੱਪ ਅਤੇ ਸਪ੍ਰਿੰਕਲਰ ਸਿੰਜਾਈ), ਪੌਲੀਹਾਊਸ ਤਕਨੀਕ, ਅਤੇ ਵਿਗਿਆਨਕ ਖੇਤੀ ਪ੍ਰਬੰਧਨ ਤਰੀਕਿਆਂ ਨਾਲ ਸਿੱਧਾ ਜਾਣੂ ਕਰਵਾਇਆ ਜਾਵੇਗਾ।

ਬੁਲਾਰੇ ਨੇ ਦੱਸਿਆ ਕਿ ਇਸ ਦੋ ਦਿਨਾਂ ਮੇਲੇ ਵਿੱਚ ਬਾਗਬਾਨੀ-ਉਦਯੋਗਿਕ ਪ੍ਰਦਰਸ਼ਨੀ (Horticulture-Industrial Exhibition) ਦਾ ਵਿਸ਼ੇਸ਼ ਆਕਰਸ਼ਣ ਰਹੇਗਾ, ਜਿੱਥੇ ਵੱਖ-ਵੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਤੀ ਕੰਪਨੀਆਂ, ਸਟਾਰਟ-ਅੱਪਸ ਅਤੇ ਸੰਸਥਾਵਾਂ ਆਪਣੇ ਆਧੁਨਿਕ ਉਪਕਰਣਾਂ, ਖਾਦਾਂ, ਬਾਇਓ-ਇਨਪੁਟਸ ਅਤੇ ਪ੍ਰੋਸੈਸਿੰਗ ਤਕਨੀਕਾਂ ਦਾ ਪ੍ਰਦਰਸ਼ਨ ਕਰਨਗੀਆਂ। ਇਸ ਤੋਂ ਇਲਾਵਾ, ਕਿਸਾਨਾਂ ਨੂੰ ਉੱਚ ਗੁਣਵੱਤਾ ਵਾਲੇ ਫਲਾਂ, ਸਬਜ਼ੀਆਂ, ਫੁੱਲਾਂ, ਮਸਾਲੇਦਾਰ ਫਸਲਾਂ ਅਤੇ ਔਸ਼ਧੀਆਂ ਪੌਦਿਆਂ ਦੀ ਖੇਤੀ ਦੇ ਵਿਗਿਆਨਕ ਤਰੀਕਿਆਂ ਬਾਰੇ ਵਿਸਤਾਰ ਨਾਲ ਮਾਰਗਦਰਸ਼ਨ ਦਿੱਤਾ ਜਾਵੇਗਾ।

ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਐਕਸਪੋ ਦੇ ਆਯੋਜਨ ਨੂੰ ਸੁਚਾਰੂ ਅਤੇ ਵਿਸ਼ਵ ਪੱਧਰੀ ਬਣਾਉਣ ਲਈ ਸਾਰੇ ਜ਼ਰੂਰੀ ਪ੍ਰਬੰਧ ਸਮੇਂ ਸਿਰ ਪੂਰੇ ਕੀਤੇ ਜਾ ਰਹੇ ਹਨ।

# ਜ਼ਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੈਰਾਥਨ : ਰਨ ਫਾਰ ਐਕੁਐਲਟੀ ਕਰਵਾਈ ਗਈ

**ਫਾਜ਼ਿਲਕਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਨੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਅੱਜ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੈਰਾਥਨ ਕਰਵਾਈ ।

ਜਿਸ ਦੀ ਸ਼ੁਰੂਆਤ ਸ਼ਹੀਦ ਭਗਤ ਸਿੰਘ ਬਹੁਮੰਤਵੀ ਖੇਡ ਸਟੇਡੀਅਮ ਫਾਜ਼ਿਲਕਾ ਤੋਂ ਕੀਤੀ ਗਈ। ਸਹਾਇਕ ਕਮਿਸ਼ਨਰ ਹਰਬੰਸ ਸਿੰਘ ਅਤੇ ਅੰਡਰ ਟ੍ਰੇਨਿੰਗ ਅਫਸਰ ਸੁਬਰਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਨੌਜਵਾਨ ਖਿਡਾਰੀਆਂ (ਲੜਕੇ/ਲੜਕੀਆਂ) ਵੱਲੋਂ ਸ਼੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੂਰਬ ਨੂੰ ਸਮਰਪਿਤ ਕਰਵਾਈ ਗਈ ਮੈਰਾਥਨ ਵਿੱਚ ਸ਼ਿਰਕਤ ਕੀਤੀ ਗਈ ।

ਇਹ ਮੈਰਾਥਾਨ ਸ਼ਹੀਦ ਭਗਤ ਸਿੰਘ ਸਟੇਡੀਅਮ ਤੋਂ ਸ਼ੁਰੂ ਹੋ ਕੇ ਇੰਡੀਅਨ ਆਇਲ ਪੈਟਰੋਲ ਪੰਪ, ਸੁਲੇਮਾਨਕੀ ਫਾਜ਼ਿਲਕਾ ਰੋਡ , ਸੁਰੇਸ਼ਵਾਲਾ ਤੱਕ ਪਹੁੰਚੀ ਅਤੇ ਮੁੜ ਵਾਪਸ ਫਿਰ ਸ਼ਹੀਦ ਭਗਤ ਸਿੰਘ ਬਹੁਮੰਤਵੀ ਖੇਡ ਸਟੇਡੀਅਮ, ਫਾਜ਼ਿਲਕਾ ਵਿਖੇ ਸਮਾਪਤ ਹੋਈ ।

ਇਸ ਮੈਰਾਥਾਨ ਵਿਚ ਕੁੱਲ 5 ਕਿਲੋਮੀਟਰ ਦੀ ਰੇਸ ਕਰਵਾਈ ਗਈ ਹੈ ਤੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਹਾਇਕ ਕਮਿਸ਼ਨਰ ਹਰਬੰਸ ਸਿੰਘ ਨੇ ਸਮੂਹ ਹਾਜ਼ਰ ਬੱਚਿਆਂ ਤੇ ਜ਼ਿਲ੍ਹਾ ਵਾਸੀਆਂ ਨੂੰ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਗੁਰੂ ਰਵਿਦਾਸ ਜੀ ਦਾ 650 ਵਾਂ ਪ੍ਰਕਾਸ਼ ਦਿਹਾੜਾ ਵੱਡੇ ਪੱਧਰ 'ਤੇ ਮਨਾ ਰਹੀ ਹੈ , ਜਿਸ ਤਹਿਤ ਨਰੋਏ ਸਮਾਜ ਦੀ ਸਿਰਜਣਾ ਲਈ ਇਹ ਮੈਰਾਥਨ ਕਰਵਾਈ ਗਈ ਹੈ। ਉਨ੍ਹਾਂ ਨੇ ਸਮੂਹ ਭਾਗ ਲੈਣ ਵਾਲੇ ਖਿਡਾਰੀਆਂ, ਬੱਚਿਆਂ ਅਤੇ ਸਮੂਹ ਜਿਲ੍ਹਾ ਵਾਸੀਆਂ ਨੂੰ ਵਧਾਈ ਦਿੱਤੀ।

ਉਨ੍ਹਾਂ ਨੇ ਅੱਗੇ ਕਿਹਾ ਕਿ ਇਸ ਮੈਰਾਥਾਨ ਤੋਂ ਸਾਨੂੰ ਪ੍ਰੇਰਨਾ ਮਿਲਦੀ ਹੈ ਕਿ ਖੇਡਾਂ ਹੀ ਜੀਵਨ ਨੂੰ ਤੰਦਰੁਸਤ ਅਤੇ ਸਿਹਤਮੰਦ ਰੱਖਦੀਆਂ ਹਨ।

ਉਨ੍ਹਾਂ ਕਿਹਾ ਕਿ ਜੇਕਰ ਨੌਜਵਾਨ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕਦਾ ਹੈ ਤਾਂ ਖੇਡਾਂ ਹੀ ਇਕ ਉਹ ਰਸਤਾ ਹੈ, ਜੋ ਸਾਨੂੰ ਨਸ਼ਿਆਂ ਜਿਹੀ ਨਾਮੁਰਾਦ ਬਿਮਾਰੀ ਤੋਂ ਦੂਰ ਰਹਿਣ ਵਿਚ ਮਦਦ ਕਰਦੀਆਂ ਹਨ।

ਅੰਡਰ ਟ੍ਰੇਨਿੰਗ ਅਫਸਰ ਸੁਬਰਤ ਸਿੰਘ ਨੇ ਕਿਹਾ ਕਿ ਸ਼੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੈਰਾਥਨ ਪੰਜਾਬ ਦੇ ਸਮੂਹ ਜਿਲ੍ਹਿਆਂ ਵਿਚ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੈਰਾਥਾਨ ਸਾਨੂੰ ਸਿਖਾਉਂਦੀ ਹੈ ਕਿ ਬਿਨ੍ਹਾਂ ਕਿਸੇ ਭੇਦ ਭਾਵ ਦੇ ਖੇਡਾਂ ਵਿਚ ਭਾਗ ਲੈਣਾ ਚਾਹੀਦਾ ਹੈ। ਹਰੇਕ ਵਰਗ ਇਸ ਵਿਚ ਹਿੱਸਾ ਲੈ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਕਰਵਾਈ ਗਈ ਇਸ ਮੈਰਾਥਾਨ ਰਾਹੀਂ ਇਹ ਸੁਨੇਹਾ ਮਿਲਦਾ ਹੈ ਕਿ ਖੇਡਾਂ ਹੀ ਸਾਡੀ ਜਿੰਦਗੀ ਦਾ ਮਹੱਤਵਪੂਰਨ ਹਿੱਸਾ ਹੈ ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਖਿਡਾਰੀਆਂ ਲਈ ਟੀ-ਸ਼ਰਟ ਅਤੇ ਰਿਫਰੈਸ਼ਮੈਂਟ ਮੁਹੱਈਆ ਕਰਵਾਈ ਗਈ ਹੈ । ਉਨ੍ਹਾਂ ਦੱਸਿਆ ਕਿ ਮੈਰਾਥਾਨ ਨੂੰ ਰਨ ਆਫ ਇਕੁਐਲਟੀ ਦਾ ਨਾਮ ਦੇਣ ਦਾ ਮਕਸਦ ਵੱਖ ਵੱਖ ਧਰਮਾਂ ਦੇ ਖਿਡਾਰੀ ਬਿਨ੍ਹਾਂ ਕਿਸੇ ਭੇਦ ਭਾਵ ਦੇ ਇਸ ਵਿਚ ਹਿੱਸਾ ਲੈ ਸਕਣ ਅਤੇ ਖਿਡਾਰੀਆਂ ਵਿਚ ਆਪਸੀ ਭਾਈਚਾਰਾ ਬਰਕਰਾਰ ਰਹੇ।

ਇਸ ਮੌਕੇ ਡੀ.ਐਸ.ਪੀ. ਅਵਿਨਾਸ਼ ਚੰਦਰ ਸਮੇਤ ਖੇਡ ਵਿਭਾਗ ਤੋਂ ਜਤਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਨੌਜਵਾਨ ਖਿਡਾਰੀ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਜਾਗਰੂਕਤਾ ਦਾ ਹੋਕਾ ਦੇਂਦਿਆ ਸਰਕਾਰੀ ਪੌਲੀਟੈਕਨਿਕ ਬਟਾਲਾ ਦੇ ਰੈਡ ਰਿਬਨ ਕਲੱਬ ਨੇ ਕੱਢੀ ਰੈਲੀ




**ਬਟਾਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਯੁਵਕ ਸੇਵਾਵਾਂ ਵਿਭਾਗ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਰਕਾਰੀ ਬਹੁਤਕਨੀਕੀ ਕਾਲਜ ਬਟਾਲਾ ਵਿਖੇ ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਦੀ ਅਗਵਾਈ ਹੇਠ ਰੈਡ ਰਿਬਨ ਕਲੱਬ ਅਤੇ ਐਨ.ਐਸ.ਐਸ. ਯੂਨਿਟ ਵੱਲੋਂ ਨਸ਼ਾ ਵਿਰੋਧੀ ਜਾਗਰੂਕਤਾ ਸੈਮੀਨਾਰ ਅਤੇ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਅਤੇ ਕਾਲਜ ਸਟਾਫ਼ ਨੇ ਉਤਸ਼ਾਹ ਨਾਲ ਭਾਗ ਲਿਆ।

ਇਸ ਮੌਕੇ ਪ੍ਰਿੰ ਦਵਿੰਦਰ ਸਿੰਘ ਭੱਟੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਸਿਰਫ਼ ਇੱਕ ਵਿਅਕਤੀ ਦੀ ਜ਼ਿੰਦਗੀ ਨੂੰ ਹੀ ਤਬਾਹ ਨਹੀਂ ਕਰਦਾ, ਸਗੋਂ ਇਸ ਦਾ ਮਾੜਾ ਪ੍ਰਭਾਵ ਪੂਰੇ ਪਰਿਵਾਰ ਅਤੇ ਸਮਾਜ 'ਤੇ ਪੈਂਦਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਦੇਸ਼ ਅਤੇ ਸਮਾਜ ਦੀ ਸਭ ਤੋਂ ਵੱਡੀ ਤਾਕਤ ਹਨ ਅਤੇ ਜੇਕਰ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੀ ਊਰਜਾ ਸਿੱਖਿਆ, ਖੇਡਾਂ, ਹੁਨਰ ਵਿਕਾਸ ਅਤੇ ਸਮਾਜ ਸੇਵਾ ਵਿੱਚ ਲਗਾਉਣ ਤਾਂ ਪੰਜਾਬ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ।

ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਖੁਦ ਦੂਰ ਰਹਿਣ ਦੇ ਨਾਲ-ਨਾਲ ਆਪਣੇ ਆਲੇ-ਦੁਆਲੇ ਦੇ ਨੌਜਵਾਨਾਂ ਨੂੰ ਵੀ ਇਸ ਬੁਰਾਈ ਤੋਂ ਬਚਾਉਣ ਲਈ ਜਾਗਰੂਕ ਕਰਨ ਦੀ ਅਪੀਲ ਕੀਤੀ।

ਇਸ ਉਪਰੰਤ ਮਕੈਨੀਕਲ ਵਿਭਾਗ ਦੇ ਮੁਖੀ ਹਿਤੇਸ਼ ਕੁਮਾਰ, ਸਿਵਲ ਵਿਭਾਗ ਦੇ ਇੰਚਾਰਜ ਸ਼ਿਵਰਾਜਨਪੁਰੀ, ਈ.ਸੀ.ਈ. ਵਿਭਾਗ ਦੀ ਇੰਚਾਰਜ ਮੈਡਮ ਰਮਨਦੀਪ ਕੌਰ, ਪਲੇਸਮੈਂਟ ਅਫਸਰ ਜਸਬੀਰ ਸਿੰਘ ਅਤੇ ਸਪੋਰਟਸ ਅਫਸਰ ਜਗਦੀਪ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਲਤ ਤੋਂ ਬਚਣ ਲਈ ਨੌਜਵਾਨਾਂ ਨੂੰ ਆਪਣਾ ਧਿਆਨ ਰਚਨਾਤਮਕ ਅਤੇ ਉਸਾਰੂ ਗਤੀਵਿਧੀਆਂ ਵੱਲ ਕੇਂਦਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ, ਆਪਣੀ ਪ੍ਰਤਿਭਾ ਨੂੰ ਨਿਖਾਰਨ ਅਤੇ ਆਪਣੇ ਭਵਿੱਖ ਨੂੰ ਮਜ਼ਬੂਤ ਬਣਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਰੈਡ ਰਿਬਨ ਕਲੱਬ ਦੇ ਨੋਡਲ ਅਫਸਰ ਤੇਜ ਪ੍ਰਤਾਪ ਸਿੰਘ ਕਾਹਲੋਂ ਨੇ ਨਸ਼ਿਆਂ ਅਤੇ ਹੋਰ ਸਮਾਜਿਕ ਕੁਰੀਤੀਆਂ ਵਿਰੁੱਧ ਕਾਲਜ ਵੱਲੋਂ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮਾਂ ਦੀ ਰੂਪ-ਰੇਖਾ ਅਤੇ ਇਨ੍ਹਾਂ ਗਤੀਵਿਧੀਆਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਵਿਰੁੱਧ ਲਾਮਬੰਦ ਕਰਕੇ ਉਨ੍ਹਾਂ ਦੀ ਊਰਜਾ ਨੂੰ ਸੁਚਾਰੂ ਅਤੇ ਉਸਾਰੂ ਕਾਰਜਾਂ ਵੱਲ ਮੋੜਨਾ ਰੈਡ ਰਿਬਨ ਕਲੱਬ ਅਤੇ ਐਨ.ਐਸ.ਐਸ. ਦਾ ਮੁੱਖ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਜਾਗਰੂਕਤਾ ਹੀ ਨਸ਼ਿਆਂ ਵਿਰੁੱਧ ਲੜਾਈ ਦੀ ਸਭ ਤੋਂ ਮਜ਼ਬੂਤ ਨੀਂਹ ਹੈ ਅਤੇ ਨੌਜਵਾਨਾਂ ਦੀ ਸਰਗਰਮ ਭੂਮਿਕਾ ਤੋਂ ਬਿਨਾਂ ਇਸ ਮੁਹਿੰਮ ਨੂੰ ਸਫਲ ਨਹੀਂ ਬਣਾਇਆ ਜਾ ਸਕਦਾ।

ਸੈਮੀਨਾਰ ਉਪਰੰਤ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਵੀ ਕੱਢੀ ਗਈ। ਰੈਲੀ ਦੌਰਾਨ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਂਦੇ ਅਤੇ ਨਸ਼ਾ ਮੁਕਤ ਸਮਾਜ ਸਿਰਜਣ ਦਾ ਸੁਨੇਹਾ ਦਿੰਦੇ ਨਾਅਰੇ ਲਗਾਏ ਗਏ। ਇਸ ਮੌਕੇ ਵਿਦਿਆਰਥੀਆਂ ਨੇ ਨਸ਼ਿਆਂ ਤੋਂ ਦੂਰ ਰਹਿਣ ਅਤੇ ਹੋਰਨਾਂ ਨੂੰ ਵੀ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦਾ ਸੰਕਲਪ ਲਿਆ।

ਇਸ ਮੌਕੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਇੰਚਾਰਜ ਵਿਜੇ ਕੁਮਾਰ ਮਿਨਹਾਸ, ਮੈਡਮ ਰੇਖਾ, ਹਰਜਿੰਦਰਪਾਲ ਸਿੰਘ, ਸਨਿਮਰਜੀਤ ਕੌਰ, ਸ਼ਾਲਿਨੀ ਮਹਾਜਨ, ਅਤੀਸ਼ ਕੁਮਾਰ, ਬਲਵਿੰਦਰ ਸਿੰਘ, ਹਰਿੰਦਰ ਸਿੰਘ, ਸੁਪਰਡੈਂਟ ਹਰਪਾਲ ਸਿੰਘ ਭਾਂਮੜੀ, ਹੁਨਰਬੀਰ ਸਿੰਘ, ਅੰਗਦਪ੍ਰੀਤ ਸਿੰਘ, ਨਵਜੋਤ ਸਲਾਰੀਆ, ਗੁਲਜ਼ਾਰ, ਅਰਜਿੰਦਰ ਕੁਮਾਰ, ਰੋਹਿਤ ਵਾਡਰਾ, ਜਸਪ੍ਰੀਤ ਕੌਰ, ਰੰਜੂ ਓਹਰੀ, ਰਜਨੀਤ ਮੱਲੀ, ਸੁਖਵਿੰਦਰ ਸਿੰਘ ਐਫ.ਆਈ., ਸਚਿਨ ਅਠਵਾਲ, ਮਨਦੀਪ ਸਿੰਘ, ਰਮਨਦੀਪ ਸਿੰਘ, ਹਰਜਿੰਦਰ ਕੌਰ, ਕਮਲਜੀਤ ਕੌਰ, ਕਿਰਨਜੀਤ ਕੌਰ, ਜਤਿੰਦਰ ਕੁਮਾਰ, ਸੁਰਜੀਤ ਰਾਮ, ਸਤਿੰਦਰ ਕੌਰ, ਕੁਲਵਿੰਦਰ ਕੌਰ, ਰਾਮ ਸਿੰਘ, ਜਤਿੰਦਰ ਸਿੰਘ ਅਤੇ ਅਤੁਲ ਆਦਿ ਵੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੈਰਾਥਨ ਕਰਵਾਈ



**ਬਠਿੰਡਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸ਼ਤਾਬਦੀ ਸਮਾਗਮਾਂ ਨੂੰ ਸਮਰਪਿਤ, ਵਿਧਾਨ ਸਭਾ ਹਲਕਾ ਭੁੱਚੋ ਅਧੀਨ ਆਉਂਦੇ ਪਿੰਡ ਲਹਿਰਾ ਬੇਗਾ ਦੀ ਦਾਣਾ ਮੰਡੀ ਵਿਖੇ 9 ਸਤੰਬਰ ਨੂੰ ਅਤੇ ਵਿਧਾਨ ਸਭਾ ਹਲਕਾ ਬਠਿੰਡਾ (ਸ਼ਹਿਰੀ) ਤਹਿਤ ਬਹੁਮੰਤਵੀ ਖੇਡ ਸਟੇਡੀਅਮ ਬਠਿੰਡਾ ਵਿਖੇ 10 ਸਤੰਬਰ ਨੂੰ ਡਰੋਨ ਸ਼ੋਅ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਹ ਜਾਣਕਾਰੀ ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਸ੍ਰੀ ਅਮਨਦੀਪ ਸਿੰਘ ਮਾਵੀ ਨੇ ਇਨ੍ਹਾਂ ਪ੍ਰੋਗਰਾਮਾਂ ਦੇ ਪ੍ਰਬੰਧਾਂ ਸਬੰਧੀ ਬੁਲਾਈ ਇੱਕ ਬੈਠਕ ਦੌਰਾਨ ਸਾਂਝੀ ਕੀਤੀ।

ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਸ੍ਰੀ ਅਮਨਦੀਪ ਸਿੰਘ ਮਾਵੀ ਨੇ ਇਸ ਮੌਕੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਆਪੋ-ਆਪਣੀਆਂ ਡਿਊਟੀਆਂ ਪੂਰੀ ਤਨਦੇਹੀ ਨਾਲ ਨਿਭਾਉਂਦਿਆਂ ਲੋੜੀਂਦੇ ਪ੍ਰਬੰਧ ਕੀਤੇ ਜਾਣ ਤਾਂ ਜੋ ਇਹ ਪ੍ਰੋਗਰਾਮ ਵਧੀਆ ਤਰੀਕੇ ਨਾਲ ਕਰਵਾਏ ਜਾ ਸਕਣ।

ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਨੇ ਦੱਸਿਆ ਪਿੰਡ ਲਹਿਰਾ ਬੇਗਾ ਦੀ ਦਾਣਾ ਮੰਡੀ ਵਿਖੇ 9 ਸਤੰਬਰ ਨੂੰ ਅਤੇ ਬਹੁਮੰਤਵੀ ਖੇਡ ਸਟੇਡੀਅਮ ਬਠਿੰਡਾ ਵਿਖੇ 10 ਸਤੰਬਰ ਨੂੰ ਕਰਵਾਏ ਜਾਣ ਵਾਲੇ ਡਰੋਨ ਸ਼ੋਅ ਪ੍ਰੋਗਰਾਮ ਸ਼ਾਮ 6 ਵਜੇ ਸ਼ੁਰੂ ਹੋਣਗੇ।

ਉਨ੍ਹਾਂ ਦੱਸਿਆ ਕਿ ਸ਼ਤਾਬਦੀ ਸਮਾਗਮਾਂ ਨੂੰ ਲੈ ਕੇ ਇਲਾਕੇ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇਸ ਦੇ ਨਾਲ ਹੀ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਨ ਲਈ ਪ੍ਰਸਿੱਧ ਢਾਡੀ ਜੱਥਾ ਵੀ ਆਪਣੀਆਂ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ।ਸਮਾਗਮ ਵਿੱਚ ਪਹੁੰਚਣ ਵਾਲੀਆਂ ਸੰਗਤਾਂ ਦੀ ਸੁਵਿਧਾ ਲਈ ਬੈਠਣ, ਪੀਣ ਵਾਲੇ ਸਾਫ ਪਾਣੀ, ਲਾਈਟਿੰਗ ਅਤੇ ਪਾਰਕਿੰਗ ਆਦਿ ਦੇ ਪੁਖ਼ਤਾ ਇੰਤਜ਼ਾਮ ਕੀਤੇ ਜਾਣਗੇ ਤਾਂ ਜੋ ਕਿਸੇ ਵੀ ਸ਼ਰਧਾਲੂ ਨੂੰ ਕੋਈ ਪਰੇਸ਼ਾਨੀ ਨਾ ਆਵੇ।

ਉਨ੍ਹਾਂ ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਇਸ ਅਹਿਮ ਸਮਾਗਮ ਵਿੱਚ ਸ੍ਰੀ ਅਮਨਦੀਪ ਸਿੰਘ ਮਾਵੀ ਨੇ ਇਸ ਮੌਕੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਆਪੋ-ਆਪਣੀਆਂ ਡਿਊਟੀਆਂ ਪੂਰੀ ਤਨਦੇਹੀ ਨਾਲ ਨਿਭਾਉਂਦਿਆਂ ਲੋੜੀਂਦੇ ਪ੍ਰਬੰਧ ਕੀਤੇ ਜਾਣ ਤਾਂ ਜੋ ਇਹ ਪ੍ਰੋਗਰਾਮ ਵਧੀਆ ਤਰੀਕੇ ਨਾਲ ਕਰਵਾਏ ਜਾ ਸਕਣ।ਸ੍ਰੀ ਅਮਨਦੀਪ ਸਿੰਘ ਮਾਵੀ ਨੇ ਇਸ ਮੌਕੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਆਪੋ-ਆਪਣੀਆਂ ਡਿਊਟੀਆਂ ਪੂਰੀ ਤਨਦੇਹੀ ਪਹੁੰਚਣ ਦੀ ਅਪੀਲ ਕੀਤੀ।

# ਬਲਵਿੰਦਰ ਸਿੰਘ ਲਾਡੀ ਨੇ ਸ੍ਰੀ ਹਰਗੋਬਿੰਦਪੁਰ ਸਾਹਿਬ ਸ਼ਹਿਰ ਵਿੱਚ ਮਿਸ਼ਨ ਕਲੀਨ ਪੰਜਾਬ ਤਹਿਤ ਸੰਭਾਲੀ ਖੁਦ ਕਮਾਨ-ਸਫਾਈ ਕਰਮਚਾਰੀਆਂ ਨਾਲ ਮਿਲਕੇ ਕੀਤੀ ਸਫ਼ਾਈ

**ਬਟਾਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਲਾਡੀ ਵਲੋਂ ਸ੍ਰੀ ਹਰਗੋਬਿੰਦਪੁਰ ਸਾਹਿਬ ਸ਼ਹਿਰ ਵਿੱਚ 'ਮਿਸ਼ਨ ਕਲੀਨ ਪੰਜਾਬ' ਤਹਿਤ ਖੁਦ ਕਮਾਨ ਸੰਭਾਲੀ ਅਤੇ ਸਫਾਈ ਕਰਮਚਾਰੀਆਂ ਨਾਲ ਮਿਲਕੇ ਸਫ਼ਾਈ ਕੀਤੀ।

ਬਲਵਿੰਦਰ ਸਿੰਘ ਲਾਡੀ ਨੇ ਸ਼ਹਿਰ ਵਿੱਚ ਇਕੱਠੇ ਹੋਏ ਕੂੜੇ ਨੂੰ ਹਟਾਉਣ ਵਿੱਚ ਭਾਗ ਲਿਆ ਅਤੇ ਕੂੜੇ ਨੂੰ ਚੁੱਕ ਕੇ ਇਸ ਦੇ ਸਹੀ ਨਿਪਟਾਰੇ ਲਈ ਢੁਕਵੀਂ ਥਾਂ 'ਤੇ ਪਹੁੰਚਾਉਣ ਦੀ ਪ੍ਰਕਿਰਿਆ ਦੀ ਵੀ ਨਿਗਰਾਨੀ ਕੀਤੀ।

ਉਨ੍ਹਾਂ ਨੇ ਲੋਕਾਂ ਨੂੰ ਜਨਤਕ ਥਾਵਾਂ 'ਤੇ ਕੂੜਾ ਸੁੱਟਣ ਤੋਂ ਗੁਰੇਜ਼ ਕਰਨ ਅਤੇ 'ਮਿਸ਼ਨ ਕਲੀਨ ਪੰਜਾਬ' ਮੁਹਿੰਮ ਨੂੰ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਸਫ਼ਾਈ ਨੂੰ ਸਿਰਫ਼ ਸਰਕਾਰ ਵੱਲੋਂ ਹੀ ਯਕੀਨੀ ਨਹੀਂ ਬਣਾਇਆ ਜਾ ਸਕਦਾ ਅਤੇ ਹਰ ਨਾਗਰਿਕ ਨੂੰ ਆਪਣੀਆਂ ਗਲੀਆਂ, ਪਾਰਕਾਂ ਅਤੇ ਜਨਤਕ ਥਾਵਾਂ ਨੂੰ ਸਾਫ਼-ਸੁਥਰਾ ਰੱਖਣ ਲਈ ਸਰਗਰਮ ਭਾਈਵਾਲ ਬਣਨਾ ਹੋਵੇਗਾ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਹਿਰਾਂ ਨੂੰ ਹੋਰ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਸਿਹਤਮੰਦ ਬਣਾਉਣ ਲਈ ਸਫ਼ਾਈ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਲੋੜੀਂਦੇ ਮਨੁੱਖੀ ਸਰੋਤਾਂ ਅਤੇ ਮਸ਼ੀਨਰੀ ਦੀ ਤਾਇਨਾਤੀ ਕਰਨ ਅਤੇ ਨਿਯਮਤ ਸਫ਼ਾਈ ਮੁਹਿੰਮਾਂ ਚਲਾਉਣ ਲਈ ਨਿਰੰਤਰ ਯਤਨ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਅਜਿਹੀਆਂ ਮੁਹਿੰਮਾਂ ਤਾਂ ਹੀ ਲੰਬੇ ਸਮੇਂ ਦੇ ਨਤੀਜੇ ਦੇ ਸਕਦੀਆਂ ਹਨ ਜੇਕਰ ਲੋਕ ਸਾਫ਼-ਸੁਥਰਾ ਵਾਤਾਵਰਣ ਬਣਾਈ ਰੱਖਣ ਵਿੱਚ ਸਰਗਰਮ ਭੂਮਿਕਾ ਨਿਭਾਉਣ।

ਉਨ੍ਹਾਂ ਲੋਕਾਂ ਨੂੰ ਕੂੜੇ ਦਾ ਜ਼ਿੰਮੇਵਾਰੀ ਨਾਲ ਨਿਪਟਾਰਾ ਕਰਨ ਅਤੇ ਪ੍ਰਸ਼ਾਸਨ ਨਾਲ ਮਿਲ ਕੇ ਸਾਫ਼-ਸੁਥਰਾ, ਹਰਿਆ-ਭਰਿਆ ਅਤੇ ਸਿਹਤਮੰਦ ਸ੍ਰੀ ਹਰਗੋਬਿੰਦਪੁਰ ਸਾਹਿਬ ਬਣਾਉਣ ਦੀ ਅਪੀਲ ਕੀਤੀ।

# ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਹਰੀ ਝੰਡੀ ਦਿਖਾ ਕੇ ਮੈਰਾਥਨ ਨੂੰ ਕੀਤਾ ਰਵਾਨਾ, ਭਾਗੀਦਾਰਾਂ ਨੂੰ ਕੀਤਾ ਸਨਮਾਨਿਤ

**ਹੁਸ਼ਿਆਰਪੁਰ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੀਰਵਾਰ ਸਵੇਰੇ ਲਾਜਵੰਤੀ ਆਊਟਡੋਰ ਸਟੇਡੀਅਮ, ਹੁਸ਼ਿਆਰਪੁਰ ਵਿਖੇ ਵਿਸ਼ੇਸ਼ ਮੈਰਾਥਨ ਕਰਵਾਈ ਗਈ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਮੈਰਾਥਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਅਤੇ ਭਾਗੀਦਾਰਾਂ ਦਾ ਉਤਸ਼ਾਹ ਵਧਾਇਆ।

ਇਸ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮਾਜ ਨੂੰ ਸਮਾਨਤਾ, ਆਪਸੀ ਭਾਈਚਾਰੇ, ਪਿਆਰ, ਸਦਭਾਵਨਾ ਅਤੇ ਮਨੁੱਖਤਾ ਦਾ ਮਹਾਨ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਮੈਰਾਥਨ ਸਿਰਫ਼ ਇੱਕ ਖੇਡ ਗਤੀਵਿਧੀ ਨਹੀਂ, ਸਗੋਂ ਗੁਰੂ ਸਾਹਿਬ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੇ ਮਨੁੱਖਤਾਵਾਦੀ ਸੰਦੇਸ਼ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਇੱਕ ਸਾਰਥਕ ਉਪਰਾਲਾ ਹੈ। ਉਨ੍ਹਾਂ ਨੌਜਵਾਨਾਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਅਤੇ ਸਮਾਜ ਵਿੱਚ ਭਾਈਚਾਰੇ ਤੇ ਸਮਾਨਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

ਵਿਧਾਇਕ ਜਿੰਪਾ ਨੇ ਮੈਰਾਥਨ ਪੂਰੀ ਕਰਨ ਵਾਲੇ ਨੌਜਵਾਨਾਂ ਨੂੰ ਮੈਡਲ ਦੇ ਕੇ ਸਨਮਾਨਿਤ ਵੀ ਕੀਤਾ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦੇ ਨਾਲ-ਨਾਲ ਖੇਡ ਗਤੀਵਿਧੀਆਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਮੈਰਾਥਨ ਸਵੇਰੇ 7 ਵਜੇ ਲਾਜਵੰਤੀ ਆਊਟਡੋਰ ਸਟੇਡੀਅਮ ਤੋਂ ਸ਼ੁਰੂ ਹੋਈ। ਭਾਗੀਦਾਰਾਂ ਨੇ ਭੰਗੀ ਚੋਅ ਕਰਾਸ, ਭੂਮੀ ਸੰਭਾਲ ਦਫ਼ਤਰ (ਭਗਤ ਨਗਰ, ਊਨਾ ਰੋਡ), ਮਾਤਾ ਚਿੰਤਪੂਰਨੀ ਗੇਟ, ਭਗਵਾਨ ਵਾਲਮੀਕਿ ਚੌਕ, ਨਲੋਈਆਂ ਚੌਕ ਰੋਡ ਅਤੇ ਟਾਂਡਾ ਬਾਈਪਾਸ ਤੋਂ ਹੁੰਦੇ ਹੋਏ ਮੁੜ ਲਾਜਵੰਤੀ ਆਊਟਡੋਰ ਸਟੇਡੀਅਮ ਪਹੁੰਚ ਕੇ ਮੈਰਾਥਨ ਪੂਰੀ ਕੀਤੀ।ਇਸ ਮੌਕੇ ਮੇਅਰ ਪ੍ਰਵੀਨ ਸੈਣੀ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬੰਬਾਹ, ਸਹਾਇਕ ਕਮਿਸ਼ਨਰ (ਜ) ਡਾ. ਸੁਮਿਤ ਮੁਧ, ਸੀਨੀਅਰ ਡਿਪਟੀ ਮੇਅਰ ਸੁਰਿੰਦਰ ਕੁਮਾਰ, ਜ਼ਿਲ੍ਹਾ ਖੇਡ ਅਫ਼ਸਰ ਸੁਰਜੀਤ ਸਿੰਘ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੀਤ ਕੋਹਲੀ, ਵੱਖ-ਵੱਖ ਵਾਰਡਾਂ ਦੇ ਕੌਂਸਲਰ, ਵੱਖ-ਵੱਖ ਵਿਭਾਗਾਂ ਦੇ ਇਹ ਮੈਰਾਥਨ ਸਿਰਫ਼ ਇੱਕ ਖੇਡ ਗਤੀਵਿਧੀ ਨਹੀਂ, ਸਗੋਂ ਗੁਰੂ ਸਾਹਿਬ ਦੀ ਵਿਚਾਰਧਾਰਾ ਅਤੇ ਉਨ੍ਹਾਂ ਦੇ ਮਨੁੱਖਤਾਵਾਦੀ ਸੰਦੇਸ਼ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਇੱਕ ਸਾਰਥਕ ਉਪਰਾਲਾ ਹੈ। ਉਨ੍ਹਾਂ ਨੌਜਵਾਨਾਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਅਤੇ ਸਮਾਜ ਵਿੱਚ ਭਾਈਚਾਰੇ ਤੇ ਸਮਾਨਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦਾਅਧਿਕਾਰੀ-ਕਰਮਚਾਰੀ ਅਤੇ ਵੱਡੀ ਗਿਣਤੀ ਵਿੱਚ ਜੀਵਨ ਵਿੱਚ ਅਪਣਾਉਣ ਅਤੇ ਸਮਾਜ ਵਿੱਚ ਭਾਈਚਾਰੇ ਤੇ ਸਮਾਨਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਨੌਜਵਾਨ ਮੌਜੂਦ ਸਨ।

# ਕੈਦੀਆਂ ਦੀ ਨਸ਼ੇ ਦੀ ਆਦਤ ਛੁਡਾਉਣ ਲਈ ਕੀ ਕੀਤਾ: ਹਾਈ ਕੋਰਟ

**ਚੰਡੀਗੜ੍ਹ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਕੈਦੀਆਂ ਵਿੱਚ ਨਸ਼ੇ ਦੀ ਲਤ ਦੀ ਸਮੱਸਿਆ ਨਾਲ ਨਜਿੱਠਣ ਲਈ ਇੱਕ ਸਪੱਸ਼ਟ ਰੋਡਮੈਪ ਮੰਗਿਆ ਹੈ।

ਅਦਾਲਤ ਨੇ ਆਪਣੇ ਐਮੀਕਸ ਕਿਊਰੀ ਨੂੰ ਪੰਜਾਬ ਸਰਕਾਰ ਵੱਲੋਂ ਦਾਖਲ ਕੀਤੀ ਗਈ ਤਾਜ਼ਾ ਸਥਿਤੀ ਰਿਪੋਰਟ ਦੀ ਜਾਂਚ ਕਰਨ ਅਤੇ ਇਸ ਮਾਮਲੇ ਵਿੱਚ ਅਦਾਲਤ ਦੀ ਮਦਦ ਕਰਨ ਲਈ ਕਿਹਾ ਹੈ।

ਇਸ ਦੇ ਨਾਲ ਹੀ ਬੈਂਚ ਨੇ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ, ਪੰਜਾਬ ਅਤੇ ਹਰਿਆਣਾ ਦੇ ਸਿਹਤ ਵਿਭਾਗਾਂ, ਚੰਡੀਗੜ੍ਹ ਯੂਟੀ ਅਤੇ ਪੀ.ਜੀ.ਆਈ.ਐਮ.ਈ.ਆਰ. ਨੂੰ ਵੀ ਇਸ ਵਿੱਚ ਧਿਰ ਬਣਾ ਲਿਆ ਹੈ। ਅਦਾਲਤ ਨੇ ਪੰਜਾਬ ਸਰਕਾਰ ਤੋਂ ਪੁੱਛਿਆ ਹੈ ਕਿ ਜੇਲ੍ਹਾਂ ਵਿਚ ਨਜ਼ਰਬੰਦ ਕੈਦੀਆਂ ਦੀ ਨਸ਼ੇ ਦੀ ਆਦਤ ਛੁਡਾਉਣ ਲਈ ਕੀਤੇ ਗਏ ਪ੍ਰਬੰਧਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ।

ਅਦਾਲਤ ਦੇ ਸਾਹਮਣੇ ਆਏ ਅੰਕੜਿਆਂ ਮੁਤਾਬਕ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਕੈਦੀਆਂ ਵਿੱਚੋਂ ਲਗਪਗ 50 ਫੀਸਦੀ ਨਸ਼ੇ ਦੇ ਆਦੀ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੌਜਵਾਨ ਉਮਰ ਦੇ ਹਨ।

ਕਾਰਜਕਾਰੀ ਚੀਫ਼ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰਾਜੇਸ਼ ਗੌੜ ਦੇ ਬੈਂਚ ਨੇ ਕਿਹਾ ਕਿ ਇਹ ਸਥਿਤੀ ਇੱਕ ਗੰਭੀਰ ਚੁਣੌਤੀ ਨੂੰ ਦਰਸਾਉਂਦੀ ਹੈ ਜਿਸ ਨੂੰ ਸਭ ਤੋਂ ਵੱਧ ਪਹਿਲ ਦੇਣ ਦੀ ਲੋੜ ਹੈ।

ਅਦਾਲਤ ਨੇ ਰਿਪੋਰਟ ਦਾ ਨੋਟਿਸ ਲੈਂਦਿਆਂ ਦੱਸਿਆ ਕਿ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਕੁੱਲ 35,449 ਕੈਦੀਆਂ ਵਿੱਚੋਂ 15,768 ਕੈਦੀ ਨਸ਼ੇ ਦੇ ਆਦੀ ਹਨ। ਉਮਰ ਦੇ ਹਿਸਾਬ ਨਾਲ ਵੀ ਜ਼ਿਆਦਾਤਰ ਆਪਣੀ ਜਵਾਨੀ ਦੇ ਦੌਰ ਵਿੱਚ ਹਨ। ਸੁਣਵਾਈ ਦੌਰਾਨ ਕੇਂਦਰ ਸਰਕਾਰ, ਯੂਟੀ ਅਤੇ ਹਰਿਆਣਾ ਵੱਲੋਂ ਵਕੀਲਾਂ ਨੇ ਨੋਟਿਸ ਸਵੀਕਾਰ ਕੀਤੇ।

ਬੈਂਚ ਨੇ ਹੁਕਮ ਦਿੱਤਾ ਕਿ ਪੰਜਾਬ ਨੂੰ ਪਹਿਲਾਂ ਦਿੱਤੇ ਗਏ ਨਿਰਦੇਸ਼ ਹਰਿਆਣਾ ਅਤੇ ਚੰਡੀਗੜ੍ਹ ਉੱਤੇ ਵੀ ਲਾਗੂ ਹੋਣਗੇ ਅਤੇ ਉਹ ਵੀ ਅਗਲੀ ਤਾਰੀਖ ਤੋਂ ਪਹਿਲਾਂ ਆਪਣੇ ਹਲਫ਼ਨਾਮੇ ਦਾਖ਼ਲ ਕਰਨ। ਇਸ ਮਾਮਲੇ ਦੀ ਅਗਲੀ ਸੁਣਵਾਈ 8 ਸਤੰਬਰ ਨੂੰ ਹੋਵੇਗੀ।

ਇਹ ਪੂਰਾ ਮਾਮਲਾ ਮਾਨਸਾ ਸੈਸ਼ਨ ਡਿਵੀਜ਼ਨ ਦੇ ਪ੍ਰਸ਼ਾਸਕੀ ਜੱਜ ਦੀ ਉਸ ਰਿਪੋਰਟ ਤੋਂ ਸ਼ੁਰੂ ਹੋਇਆ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਜੇਲ੍ਹ ਦੇ 767 ਕੈਦੀਆਂ ਵਿੱਚੋਂ 530 (ਲਗਪਗ 69 ਫੀਸਦੀ) ਜੇਲ੍ਹ ਦੇ ਅੰਦਰ ਬਣੇ ਓ.ਓ.ਏ.ਟੀ. (®®1") ਕਲੀਨਿਕ ਵਿੱਚ ਰਜਿਸਟਰਡ ਸਨ।

ਕੌਮੀ ਪਤ੍ਰਿਕਾ

# ਅਜੂਬੇ ਵਰਗੀ ਸ਼ਖ਼ਸੀਅਤ ਮਨਮੋਹਨ ਬਾਵਾ



ਹਰਵਿੰਦਰ ਬਿਲਾਸਪੁਰ

ਮੋਬਾਈਲ : 98149-07020

*ਮਨਮੋਹਨ ਬਾਵਾ ਦਾ ਬਚਪਨ ਬਹੁਤ ਗੁਰਬਤ ਵਿਚ ਗੁਜ਼ਰਿਆ। ਹਾਲਾਤ ਇੱਥੋਂ ਤਕ ਬਦਤਰ ਸਨ ਕਿ ਉਸ ਨੂੰ ਤੇਈ-ਚੌਵੀ ਸਾਲ ਦੀ ਉਮਰ ਤਕ ਪੈਰੀਂ ਜੁੱਤੀ ਨਹੀਂ ਸੀ ਜੁੜੀ। ਇਸ ਦੇ ਸਬੂਤ ਵਜੋਂ ਉਹ ਆਪਣੇ ਵੱਡੇ, ਚੌੜੇ ਪੰਜਿਆਂ ਵਾਲੇ ਪੈਰ ਵਿਖਾਉਣ ਲੱਗਦਾ ਹੈ...*

ਪ੍ਰਸਿੱਧ ਜਾਂ ਉੱਘਾ ਸ਼ਬਦ ਨਾਵਲਕਾਰ ਮਨਮੋਹਨ ਬਾਵਾ ਲਈ ਬੌਣਾ ਹੈ। ਇਸ ਦਾ ਅਹਿਸਾਸ ਉਸ ਨੂੰ ਮਿਲ ਕੇ ਅਤੇ ਉਸ ਬਾਰੇ ਜਾਣ ਕੇ ਬਾਖ਼ੂਬੀ ਹੋ ਜਾਂਦਾ ਹੈ। ਪਿਛਲੇ ਦਿਨੀਂ ਉਨਾਂ ਨਾਲ ਦੋ ਦਿਨ ਗੁਜ਼ਾਰਨ ਦਾ ਮੌਕਾ ਮਿਲਿਆ। ਇਸ ਸਮੇਂ ਦੌਰਾਨ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਅਹਿਮ ਪਹਿਲੂਆਂ ਬਾਰੇ ਜਾਨਣ ਦਾ ਮੌਕਾ ਮਿਲਿਆ। ਜਿਸ ਤਰ੍ਹਾਂ ਅੱਜ ਖ਼ੁਦਕੁਸ਼ੀਆਂ ਦਾ ਦੌਰ ਚੱਲ ਰਿਹਾ ਹੈ, ਉਨਾਂ ਦੀ ਸੰਘਰਸ਼ਮਈ ਜ਼ਿੰਦਗੀ ਇਕ ਚਾਨਣ-ਮੁਨਾਰੇ ਦਾ ਕੰਮ ਕਰਦੀ ਹੈ।

ਆਪਣੀ ਜ਼ਿੰਦਗੀ ਬਾਰੇ ਕੁਝ ਬਿਆਨ ਕਰਨ ਤੋਂ ਪਹਿਲਾਂ ਉਹ ਦੋ ਮਿੰਟ ਲਈ ਆਪਣੀਆਂ ਅੱਖਾਂ ਬੰਦ ਕਰ ਲੈਂਦਾ ਹੈ। ਸ਼ਾਇਦ ਬੀਤੇ ਦੀਆਂ ਘਟਨਾਵਾਂ ਨੂੰ ਇਕ ਲੜੀ ਵਿਚ ਪਰੋਂਦਾ ਹੋਵੇ। ਉਸ ਦੇ ਡੱਬੀਆਂ ਵਾਲੇ ਖੇਸ ਦੀ, ਸਤੰਬਰ ਮਹੀਨੇ, ਡਲਹੌਜ਼ੀ ਦੀ ਹਲਕੀ ਠੰਢ ਨਾਲ ਗੁਫ਼ਤਗੂ ਸ਼ੁਰੂ ਹੋ ਜਾਂਦੀ ਹੈ। ਉਸ ਦਾ ਬਚਪਨ ਬਹੁਤ ਗੁਰਬਤ ਵਿਚ ਗੁਜ਼ਰਿਆ। ਹਾਲਾਤ ਇੱਥੋਂ ਤਕ ਬਦਤਰ ਸਨ ਕਿ ਉਸ ਨੂੰ ਤੇਈ-ਚੌਵੀ ਸਾਲ ਦੀ ਉਮਰ ਤਕ ਪੈਰੀਂ ਜੁੱਤੀ ਨਹੀਂ ਸੀ ਜੁੜੀ। ਇਸ ਦਾ ਸਬੂਤ ਉਹ ਆਪਣੇ ਵੱਡੇ, ਚੌੜੇ ਪੰਜਿਆਂ ਵਾਲੇ ਆਪਣੇ ਪੈਰ ਵਿਖਾਉਣ ਲੱਗ ਜਾਂਦਾ ਹੈ। ਬਾਪ ਦਾ ਪਿੱਛਾ, ਆਲਸ ਨੇ ਨਹੀਂ ਛੱਡਿਆ। ਨਾਨਾ ਜੀ ਸਰਦੇ-ਪੁੱਜਦੇ ਸਨ। ਜੁਆਈ ਨੂੰ ਕਈ ਕੰਮ ਸ਼ੁਰੂ ਕਰ ਕੇ ਦਿੱਤੇ ਪਰ ਸਭ ਫੇਲ੍ਹ। ਆਪਣੀ ਲੱਕੜੀ ਦੀ ਦੁਕਾਨ ਸੰਭਾਲ਼ ਦਿੱਤੀ ਪਰ ਡੇਢ ਦੋ ਸਾਲਾਂ ਵਿਚ ਉਹ ਵੀ ਖਤਮ।

ਬਚਪਨ ਦਾ ਕੁਝ ਸਮਾਂ ਧੂਰੀ ਅਤੇ ਕੁਝ ਅੰਮ੍ਰਿਤਸਰ, ਬਿਆਸ ਵਿਚ ਗੁਜ਼ਰਿਆ। ਫਿਰ ਸਾਰਾ ਪਰਿਵਾਰ ਦਿੱਲੀ ਜਾ ਕੇ ਵਸ ਗਿਆ। ਪੜ੍ਹਾਈ ਵਿਚ ਜ਼ਿਆਦਾ ਰੁਚੀ ਨਹੀਂ ਸੀ ਪਰ ਫਿਰ ਵੀ ਰੁਲ਼ਖੁਲ ਕੇ ਓਦੋਂ ਤਕ ਬਾਵਾ ਨੇ ਦਸਵੀਂ ਪਾਸ ਕਰ ਲਈ ਸੀ। ਪਰ ਉਸ ਦਾ ਮਨ ਕਹਿੰਦਾ ਸੀ ਕਿ ਉਸ ਨੇ ਕਲਰਕ ਨਹੀਂ ਬਣਨਾ। ਉਸ ਨੇ ਤਾਂ ਚਿਤਰਕਾਰ ਬਣਨਾ ਹੈ। ਪਰ ਕਿਸੇ ਆਰਟ ਕਾਲਜ ਵਿਚ ਦਾਖ਼ਲੇ ਲਈ ਘਰ ਦੇ ਹਾਲਾਤ ਸਾਜ਼ਗਾਰ ਨਹੀਂ ਸਨ। ਅਖੀਰ ਇਕ ਦਿਨ ਉਹ ਘਰੋਂ ਭੱਜ ਕੇ ਮੁੰਬਈ ਵਾਲੀ ਟਰੇਨ ਚੜ੍ਹ ਗਿਆ। ਉਸ ਵਕਤ ਉਸ ਕੋਲ ਉੱਨੀ ਰੁਪਏ ਸਨ ਜੋ ਉਸ ਨੇ ਘਰ ਦਾ ਸੌਦਾ ਪੱਤਾ ਲਿਆਉਣ ਵੇਲੇ ਪੈਸਿਆਂ ਵਿੱਚੋਂ ਥੋੜ੍ਹੇ ਥੋੜ੍ਹੇ ਰੱਖ ਕੇ ਜੋੜੇ ਸਨ। ਉਸ ਨੇ ਟਰੇਨ ਦੀ ਟਿਕਟ ਨਹੀਂ ਸੀ ਲਈ। ਰਾਤ ਸਾਰੀ ਗੁਜ਼ਰ ਗਈ ਪਰ ਸਵੇਰੇ ਪਹੁ ਫੁੱਟਦੀ ਨਾਲ ਟੀਟੀ ਆ ਗਿਆ। ਟਿੱਕਟ ਗੁੰਮ ਹੋ ਗਈ ਦਾ ਬਹਾਨਾ ਮਾਰਿਆ ਪਰ ਟੀਟੀ ਨੇ ਦੋ ਚਪੇੜਾਂ ਮਾਰ ਕੇ ਅਗਲੇ ਸਟੇਸ਼ਨ ’ਤੇ ਲਾਹ ਦਿੱਤਾ।

ਇਹ ਇਕ ਛੋਟਾ ਜਿਹਾ ਸਟੇਸ਼ਨ ਜਿਸ ਦਾ ਨਾਮ ਗੰਜ ਵਿਸੰਡਾ ਸੀ। ਉਸ ਨੂੰ ਕੋਈ ਗਿਆਨ ਨਹੀਂ ਸੀ ਕਿ ਮੁੰਬਈ ਹਾਲੇ ਕਿੰਨੀ ਦੂਰ ਹੈ। ਚਾਹ ਵਾਲੇ ਨੂੰ ਪੁੱਛਿਆ। ਉਸ ਨੇ ਕਿਹਾ ਕਿ ਇੱਥੋਂ ਭੁਪਾਲ ਵਾਲੀ ਗੱਡੀ ਫੜ੍ਹੋ। ਭੁਪਾਲ ਤੋਂ ਤੇਜ਼ ਟਰੇਨ ਮਿਲ ਜਾਵੇਗੀ। ਉਸ ਨੇ ਪੁੱਛਿਆ ਕਿ ਭੁਪਾਲ ਨੂੰ ਸੜਕ ਕਿਹੜੀ ਜਾਵੇਗੀ, ਚਾਹ ਵਾਲੇ ਨੇ ਰਸਤਾ ਸਮਝਾ ਦਿੱਤਾ। ਸੋਲਾਂ-ਸਤਾਰਾਂ ਸਾਲ ਦੇ ਬਾਵੇ ਦੇ ਪੈਰ ਲੰਮੇ ਪੈਂਡਿਆਂ ਨਾਲ ਉਲਝ ਗਏ। ਤੁਰਦੇ ਤੁਰਦੇ ਸ਼ਾਮ ਪਈ ਤਾਂ ਵੇਖਿਆ ਉਹ ਇਕ ਪਿੰਡ ਵਿਚ ਸੀ। ਉੱਥੇ ਇਕ ਮੰਦਿਰ ਵਿਚ ਰਾਤ ਕੱਟ ਸਵੇਰੇ ਫੇਰ ਤੁਰ ਪਿਆ। ਰਸਤੇ ਵਿਚ ਇਕ ਪੁਰਾਣਾ ਸ਼ਹਿਰ ਗੈਰਸਪੁਰ ਆਇਆ। ਸਾਹਮਣੇ ਇਕ ਪੁਰਾਣਾ ਮੰਦਿਰ ਸੀ, ਜੋ ਬਹੁਤ ਟੁੱਟੀ ਭੱਜੀ ਹਾਲਤ ਵਿਚ ਸੀ। ਓਥੇ ਦੋ ਤਿੰਨ ਬੰਦੇ ਆਪਣੇ ਕੰਮ ਵਿਚ ਰੁੱਝੇ ਹੋਏ ਸਨ। ਸ਼ਾਇਦ ਮੰਦਿਰ ਦੇ ਨਵੀਨੀਕਰਨ ਬਾਰੇ ਮੁਢਲਾ ਕੰਮ ਚੱਲ ਰਿਹਾ ਸੀ। ਇਕ ਨਕਸ਼ਾ ਨਵੀਸ, ਇਕ ਫੋਟੋਗ੍ਰਾਫ਼ਰ ਅਤੇ ਇਕ ਚਿੱਤਰਕਾਰ ਆਪਣੇ ਕੰਮ ਵਿਚ ਰੁੱਝੇ ਹੋਏ ਸਨ।

ਬਾਵਾ ਚਿੱਤਰਕਾਰ ਕੋਲ ਜਾ ਕੇ ਬੈਠ ਗਿਆ। ਚਿੱਤਰਕਾਰ ਸਕੈੱਚ ਤਿਆਰ ਕਰ ਰਿਹਾ ਸੀ। ਉਹ ਚਿੱਤਰਕਾਰ ਪਾਸੋਂ ਕਾਗ਼ਜ਼ ਲੈ ਆਥਣ ਤਕ ਵਿੰਗੀਆਂ ਟੇਢੀਆਂ ਲਕੀਰਾਂ ਵਾਹੁੰਦਾ ਰਿਹਾ। ਸ਼ਾਮ ਛੁੱਟੀ ਦੇ ਵਕਤ ਚਿੱਤਰਕਾਰ ਨੇ ਆਪਣੇ ਕੁਝ ਸਕੈੱਚ ਜਿੰਨਾਂ ਵਿਚ ਕੁਝ ਖ਼ਾਮੀ ਰਹਿ ਗਈ ਸੀ, ਸੁੱਟ ਦਿੱਤੇ, ਜਿਨਾਂ ਨੂੰ ਚਿੱਤਰਕਾਰ ਦੀ ਇਜ਼ਾਜਤ ਲੈ ਕੇ ਬਾਵੇ ਨੇ ਸਾਂਭ ਲਿਆ। ਉੱਥੇ ਹੀ ਰਾਤ ਕੱਟ ਕੇ ਸਵੇਰੇ ਅਗਲੇ ਸਫ਼ਰ ’ਤੇ ਨਿੱਕਲ ਲਿਆ। ਇਸ ਵਕਤ ਤਕ ਉਸ ਦੇ ਬੋਝੇ ਵਿਚਲੇ ਪੈਸੇ ਖਤਮ ਹੋ ਚੁੱਕੇ ਸਨ। ਅੱਗੇ ਸਾਂਚੀ ਸ਼ਹਿਰ ਵਿਚ ਇਕ ਭੱਠੇ ਤੇ ਨੌਕਰੀ ਲਈ ਤਰਲਾ ਮਾਰਿਆ। ਮਜ਼ਦੂਰੀ ਦਾ ਕੰਮ ਮਿਲਿਆ। ਕੁਝ ਦਿਨਾਂ ਬਾਅਦ ਜਦ ਮਾਲਕ ਨੂੰ ਉਸ ਦੇ ਪੜ੍ਹੇ ਲਿਖੇ ਹੋਣ ਦਾ ਪਤਾ ਲੱਗਿਆ ਤਾਂ ਉਸ ਨੂੰ ਮਜ਼ਦੂਰਾਂ ਦੀ ਹਾਜ਼ਰੀ ਵਗੈਰਾ ਲਗਾਉਣ ਦਾ ਕੰਮ ਦੇ ਦਿੱਤਾ। ਥੋੜ੍ਹੇ ਦਿਨ ਹੋਰ ਕੰਮ ਕਰਨ ਤੋਂ ਬਾਅਦ ਉਸ ਨੇ ਮਾਲਕ ਤੋਂ ਇਜ਼ਾਜਤ ਮੰਗੀ ਤੇ ਦੱਸਿਆ ਕਿ ਉਹ ਤਾਂ ਮੁੰਬਈ ਚਿੱਤਰਕਾਰੀ ਸਿੱਖਣ ਜਾ ਰਿਹਾ ਹੈ ਤਾਂ ਮਾਲਕ ਨੇ ਉਸ ਦੀ ਮਿਹਨਤ ਤੋਂ ਇਲਾਵਾ ਕੁਝ ਹੋਰ ਪੈਸੇ ਵੀ ਦੇ ਦਿੱਤੇ।

ਇਸ ਤਰ੍ਹਾਂ ਸਤਾਰਾਂ ਦਿਨਾਂ ਬਾਅਦ ਭੁਪਾਲ ਪਹੁੰਚਿਆ। ਭੁਪਾਲ ਤੋਂ ਮੁੰਬਈ। ਆਰਟ ਕਾਲਜ ਗਿਆ। ਪਤਾ ਲੱਗਿਆ ਅਡਮਿਸ਼ਨਾਂ ਹੋ ਚੁੱਕੀਆਂ ਸਨ। ਫਿਰ ਵੀ ਪ੍ਰਬੰਧਕ ਨੇ ਪੁੱਛਿਆ ਕਿ ਤੁਹਾਨੂੰ ਚਿੱਤਰਕਾਰੀ ਬਾਰੇ ਕੁਝ ਗਿਆਨ ਹੈ? ਤਾਂ ਉਸ ਨੇ ਉਹ ਸਕੈੱਚ ਜੋ ਉਹ ਗੈਰਸਪੁਰ ਤੋਂ ਲੈ ਕੇ ਆਇਆ ਸੀ, ਵਿਖਾ ਦਿੱਤੇ ਕਿ ਇਹ ਮੈਂ ਬਣਾਏ ਹਨ। ਪ੍ਰਬੰਧਕ ਨੇ ਪ੍ਰਭਾਵਿਤ ਹੋ ਕੇ ਸਪੈਸ਼ਲ ਦਾਖ਼ਲਾ ਦੇ ਦਿੱਤਾ।

ਸੱਤ ਅੱਠ ਮਹੀਨੇ ਕਾਲਜ ਲਗਾਏ। ਵਾਪਸ ਘਰ ਜਾਣ ਦਾ ਮਨ ਕੀਤਾ ਤਾਂ ਉਸ ਨੇ ਪ੍ਰਬੰਧਕ ਨੂੰ ਦੱਸਿਆ। ਪ੍ਰਬੰਧਕ ਇਸ ਗੱਲ ਤੇ ਮੰਨ ਗਿਆ ਕਿ ਉਹ ਹਰ ਸਾਲ ਸਾਰੇ ਸਬਜੈਕਟਾਂ ਨਾਲ ਸਬੰਧਿਤ ਆਪਣੇ ਚਿੱਤਰ ਬਣਾ ਕੇ ਸਾਨੂੰ ਪੋਸਟ ਕਰ ਦਿਆ ਕਰੇ। ਜੇ ਕੁਆਲਿਫਾਈ ਕਰਦਾ ਹੋਵੇਗਾ ਤਾਂ ਉਸ ਨੂੰ ਪੇਪਰ ਦੇਣ ਦੀ ਇਜਾਜ਼ਤ ਮਿਲ ਜਾਇਆ ਕਰੇਗੀ। ਵਾਪਸ ਦਿੱਲੀ ਆ ਕੇ ਇਕ ਬੰਗਾਲੀ ਆਰਟਿਸਟ ਕੋਲੋਂ ਟ੍ਰੇਨਿੰਗ ਲਈ। ਇਸ ਤਰ੍ਹਾਂ ਉਹ ਹਰ ਸਾਲ ਪੇਪਰ ਦਿੰਦਾ ਰਿਹਾ। ਯਾਦਾਂ ਤਾਜ਼ਾ ਕਰਦਿਆਂ ਉਹ ਦੱਸਦਾ ਹੈ ਕਿ ਮੈਂ ਡਿਜ਼ਾਈਨ ਦੇ ਸਬਜੈਕਟ ਚੋਂ ਕਾਫੀ ਕੰਮਜ਼ੋਰ ਸਾਂ।



ਮੇਰੇ ਵਾਂਗ ਗਵਾਲੀਅਰ ਤੋਂ ਤਿੰਨ ਕੁੜੀਆਂ ਵੀ ਪੇਪਰ ਦੇਣ ਆਉਂਦੀਆਂ ਸਨ। ਓਦੋਂ ਹੁਣ ਵਾਂਗ ਕੁੜੀਆਂ ਨੂੰ ਬੁਲਾਉਣ ਦਾ ਰਿਵਾਜ਼ ਨਹੀਂ ਸੀ ਪਰ ਮੇਰੇ ਨਾਲ ਉਨ੍ਹਾਂ ਦੀ ਹੈਲੋ ਹਾਏ ਹੋ ਗਈ। ਉਨ੍ਹਾਂ ਵਿੱਚੋਂ ਇਕ ਕੁੜੀ ਦਾ ਨਾਂ ਬਸੰਤੀ ਸੀ। ਡਿਜ਼ਾਈਨ ਦੇ ਪੇਪਰ ਤੋਂ ਇਕ ਦਿਨ ਪਹਿਲਾਂ ਉਸ ਨੂੰ ਬੇਨਤੀ ਕੀਤੀ ਕਿ ਕੱਲ੍ਹ ਨੂੰ ਤੁਸੀਂ ਕਿਸੇ ਅੱਛੇ ਡਿਜ਼ਾਈਨ ਵਾਲੀ ਸਾੜ੍ਹੀ ਪਹਿਨ ਕੇ ਆਈਓ। ਦੂਸਰੇ ਦਿਨ ਤਿੰਨੇ ਕੁੜੀਆਂ ਬਹੁਤ ਵਧੀਆ ਡਿਜ਼ਾਈਨ ਦੀਆਂ ਸਾੜੀਆਂ ਪਹਿਨ ਕੇ ਆਈਆਂ। ਇਸ ਤਰ੍ਹਾਂ ਸਾੜ੍ਹੀ ਤੋਂ ਨਕਲ ਮਾਰ ਕੇ ਪਾਸ ਹੋਇਆ। ਬਸੰਤੀ ਤੇ ਬਾਅਦ ਵਿਚ ਉਸ ਨੇ ਦੋ ਤਿੰਨ ਕਹਾਣੀਆਂ ਵੀ ਲਿਖੀਆਂ।

ਦੂਸਰਾ ਇਸ਼ਕ ਉਸ ਨੂੰ ਸਫ਼ਰ ਨਾਲ ਹੋਇਆ। ਉਸ ਨੇ ਸਾਰੀ ਦੁਨੀਆ ਗਾਹੀ ਹੈ। ਇਸ ਮੰਤਵ ਲਈ ਉਸ ਨੂੰ ਯੂਐਨਓ ਅਤੇ ਹੋਰ ਸੰਸਥਾਵਾਂ ਤੋਂ ਵੀ ਸਹਾਇਤਾ ਮਿਲਦੀ ਰਹੀ। ਦੇਸ਼ ਵਿਚ ਬਹੁਤੀ ਯਾਤਰਾ ਉਸ ਨੇ ਪੈਦਲ ਕੀਤੀ। ਉਹ ਦੱਸਦਾ ਹੈ ਕਿ ਜਿੱਥੇ ਜਿੱਥੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਗਏ, ਉਹ ਸਾਰੇ ਸਥਾਨਾਂ ’ਤੇ ਗਿਆ ਹੈ। ਦੁਨੀਆਂ ਦੇ ਕਈ ਸਥਾਨਾਂ ’ਤੇ ਉਹ ਦੂਹਰੀ-ਤੀਹਰੀ ਵਾਰ ਵੀ ਜਾ ਆਇਆ ਹੈ।

ਹੁਣ ਤਾਂ ਗੂਗਲ ’ਤੇ ਧਰਤੀ ਦੇ ਹਰ ਕੋਨੇ ਦਾ ਨਕਸ਼ਾ ਹੈ ਪਰ ਉਸ ਵਕਤ ਨਹੀਂ ਸੀ। ਪਰਬਤਰੋਹੀ ਦੌਰਾਨ ਉਸ ਨੇ ਹਿਮਾਲਿਆ ਪਰਬਤ ਲੜੀ ਅਤੇ ਹਿਮਾਚਲ ਦੇ ਹੋਰ ਬਹੁਤ ਸਾਰੇ ਪਹਾੜੀ ਏਰੀਏ ਦੀ ਟਰੈਕਿੰਗ ਜੋ ਕਿ ਬਹੁਤ ਜ਼ੋਖ਼ਮ ਵਾਲਾ ਕੰਮ ਹੈ, ਦੇ ਨਕਸ਼ੇ ਬਣਾਏ। ਇਨ੍ਹਾਂ ਨਕਸ਼ਿਆਂ ਨੂੰ ਉਸ ਵੇਲੇ ਇੰਗਲੈਂਡ ਦੇ ਪ੍ਰਕਾਸ਼ਕ ਨੇ ਛਾਪਿਆ, ਜਿਸ ਤੋਂ ਬਾਵੇ ਨੂੰ ਲਗਪਗ ਡੇਢ ਕਰੋੜ ਰੁਪਏ ਦੀ ਰਾਇਲਟੀ ਪ੍ਰਾਪਤ ਹੋਈ। ਇਨ੍ਹਾਂ ਯਾਤਰਾਵਾਂ ਬਾਰੇ ਵਿਸਥਾਰ ਨਾਲ ਜਾਨਣ ਲਈ ਉਸ ਦੇ ਸਫ਼ਰਨਾਮੇ ‘ਜੰਗਲ ਜੰਗਲ ਪਰਬਤ ਪਰਬਤ’, ਪੱਥ ਹੀ ਮੰਜ਼ਿਲ ਹੈ’ ਅਤੇ ਹੁਣ ‘20000 ਮੀਲ ਲੰਮੀ ਦੇਸ਼ ਕਾਲ ਯਾਤਰਾ’ ਪਾਠਕਾਂ ਦੀ ਕਚਿਹਰੀ ਵਿਚ ਹਾਜ਼ਰ ਹਨ।

ਇਸੇ ਦੌਰਾਨ ਇਤਿਹਾਸ ਦੀਆਂ ਪੁਸਤਕਾਂ ਪੜ੍ਹਨ ਦਾ ਸ਼ੌਕ ਲੱਗ ਗਿਆ, ਬਹੁਤ ਸਾਰੀਆਂ ਇਤਿਹਾਸਕ ਪੁਸਤਕਾਂ ਪੜ੍ਹੀਆਂ ਜਿਨਾਂ ਵਿੱਚੋਂ ‘ਵੋਲਗਾ ਸੇ ਗੰਗਾ’ ਵੀ ਸ਼ਾਮਿਲ ਹੈ। ਹੁਣ ਉਸ ਦੇ ਅੰਦਰ ਕੁਝ ਖੌਰੂ ਪਾ ਰਿਹਾ ਸੀ ਜੋ ਬਾਹਰ ਆਉਣਾ ਚਾਹੁੰਦਾ ਸੀ। ਉਸ ਨੂੰ ਲੱਗਿਆ ਕਿ ਇਤਿਹਾਸ ਦੇ ਕੁਝ ਪਹਿਲੂ ਦੁਨੀਆਂ ਦੀ ਨਜ਼ਰ ਵਿਚ ਲਿਆਂਦੇ ਹੀ ਨਹੀਂ ਗਏ। ਆਖਰ ਪਚਵੰਜਾ ਸਾਲ ਦੀ ਉਮਰ ਵਿਚ ਆ ਕੇ ਕਲਮ ਚੁੱਕ ਲਈ। ਪਹਿਲਾਂ ਕਹਾਣੀਆਂ ਲਿਖੀਆਂ। ਪਰ ਉਸ ਨੂੰ ਲੱਗਿਆ ਕਿ ਜੋ ਉਹ ਕਹਿਣਾ ਚਾਹੁੰਦਾ ਹੈ ਉਹ ਕਹਾਣੀ ਵਿਚ ਨਹੀਂ ਸਮਾ ਸਕਦਾ। ਫਿਰ ਉਸ ਨੇ ਇਤਿਹਾਸਕ ਪਿਠਭੂਮੀ ਵਾਲੇ ਵੱਡ ਅਕਾਰੀ ਨਾਵਲ ਲਿਖੇ। ਹੁਣ ਤਕ ਉਸ ਦੇ ‘ਯੁੱਧ ਨਾਦ’, ‘ਕਾਲ ਕਥਾ’, ਯੁੱਗ ਅੰਤ’, ‘ਅਫਗਾਨਿਸਤਾਨ ਦੀ ਉਰਵਲਾ’ ਅਤੇ ‘1857 ਦਿੱਲੀ ਦਿੱਲੀ’ ਪ੍ਰਕਾਸ਼ਿਤ ਹੋ ਚੁੱਕੇ ਹਨ। ਸ਼ੇਰ ਸ਼ਾਹ ਸੂਰੀ ਉੱਪਰ ਇਕ ਨਾਵਲ ਛਪਣ ਲਈ ਤਿਆਰ ਹੈ।

ਉਹ ਅੱਜ ਕੱਲ੍ਹ ਡਲਹੌਜ਼ੀ ਦੇ ਸਭ ਤੋਂ ਪੁਰਾਣੇ ਅਤੇ ਵਿਸ਼ਾਲ ਖੇਤਰ ਵਾਲੇ ਹੋਟਲ ਮੇਹਰ ਦਾ ਮਾਲਕ ਹੈ। ਦੋ ਬੇਟੀਆਂ ਹਨ ਜੋ ਆਪਣੇ ਘਰ ਸੁੱਖੀ-ਸਾਂਦੀ ਵਸਦੀਆਂ ਹਨ। ਪਚਾਸੀ ਸਾਲ ਦੇ ਸਵਾ ਛੇ ਫੁੱਟੇ ਨੌਜਵਾਨ ਬਾਬੇ ਦਾ ਨਾਂ ਸਾਹਿਤ ਅਕੈਡਮੀ ਪੁਰਸਕਾਰ ਲਈ ਵਿਚਾਰ ਅਧੀਨ ਨਾਵਾਂ ਵਿਚ ਬੋਲਦਾ ਹੈ। ਹਾਲਾਂਕਿ ਉਸ ਵਰਗੀਆਂ ਸ਼ਖ਼ਸੀਅਤਾਂ ਇਨ੍ਹਾਂ ਮਾਣ-ਸਨਮਾਨਾਂ ਤੋਂ ਬਹੁਤ ਉੱਪਰ ਹੁੰਦੀਆਂ ਹਨ ਪਰ ਫਿਰ ਵੀ ਸਾਡੀ ਤਾਂ ਇਹੀ ਦੁਆ ਹੈ ਕਿ ਉਹ ਦਿਨ ਜਲਦੀ ਆਵੇ ਜਦ ਇਹ ਪੁਰਸਕਾਰ ਉਨਾਂ ਦੀ ਝੋਲੀ ਪਵੇ। •

---

# ਤੈਂ ਕੀ ਦਰਦ ਨਾ ਆਇਆ

ਕਹਾਣੀ



ਸਤਨਾਮ ਚੌਹਾਨ

ਮੋਬਾਈਲ : 98886-15531

ਦਰਿਆਂ ਪਹਿਲਾਂ ਕਾਲੀ ਹਨੇਰੀ ਝੁਲੀ। ਜਿਸ ਵਿਚ ਪਤਾ ਨਹੀਂ ਕਿੰਨੇ ਹੀ ਘਰ ਉਜੜੇ, ਕਿੰਨੀਆਂ ਹੀ ਅਸਮਤਾਂ ਲੁੱਟੀਆਂ ਗਈਆਂ, ਕਿੰਨੀਆਂ ਨੇ ਆਪਣੀਆਂ ਇੱਜ਼ਤਾਂ ਬਚਾਉਣ ਖ਼ਾਤਰ ਖੂਹ-ਟੋਬਿਆਂ ’ਚ ਛਾਲਾਂ ਮਾਰੀਆਂ। ਲੋਕਾਂ ਦੇ ਮਿਹਨਤ ਨਾਲ ਬਣਾਏ ਘਰ ਉੱਜੜ ਗਏ। ਮਨੁੱਖ ਨੂੰ ਮਨੁੱਖ ਦੀ ਪਛਾਣ ਭੁੱਲ ਗਈ। ਇਹ ਦੱਸਦੇ-ਦੱਸਦੇ ਮੇਰੇ ਬਾਪੂ ਜੀ ਇਕ ਹਾਉਕਾ ਲੈ ਕੇ ਉਦਾਸ ਹੋ ਗਏ। ਮੇਰੇ ਦੇਖਦੇ-ਦੇਖਦੇ ਇਕ ਪੀੜ ਉਨ੍ਹਾਂ ਦੇ ਚਿਹਰੇ ’ਤੇ ਫੈਲ ਗਈ। ਮੈਂ ਫੇਰ ਪੁੱਛਿਆ, “ਬਾਪੂ ਜੀ ਫੇਰ ਕੀ ਹੋਇਆ”। ਉਨ੍ਹਾਂ ਫਿਰ ਹਉਕਾ ਲਿਆ ਫਿਰ ਮੈਨੂੰ ਉਸ ਕਾਲੀ ਹਨੇਰੀ ਦੇ ਉਜਾੜੇ ਦੀ ਦਰਦਨਾਕ ਘਟਨਾ ਸੁਣਾਉਣ ਲੱਗੇ। ਫਿਰ ਰੁੱਕ ਕੇ ਕਹਿੰਦੇ “ਛੱਡ ਤੂੰ ਕੀ ਲੈਣਾ ਸੁਣ ਕੇ ਇੰਨਾਂ ਦਰਦ” ਕਿਵੇਂ ਸਹੇਗੀ,

ਕਿਵੇਂ ਸੁਣੇਗੀ? ਨਾ ਜ਼ਿੱਦ ਕਰ ਮੇਰੀ ਲਾਡਲੀ ਧੀ। ਨਾ ਜ਼ਿੱਦ ਕਰ। ਪਰ ਮੈਂ ਫਿਰ ਵੀ ਬਾਪੂ ਜੀ ਕੋਲ ਕੁਰਸੀ ਰੱਖ ਬੈਠ ਗਈ, ਨਹੀਂ ਤੁਸੀਂ ਸੁਣਾਓ।

ਬਾਪੂ ਬੋਲਦਾ ਹੈ ਤਾਂ ਇਦਾਂ ਲੱਗਦਾ ਜਿਵੇਂ ਆਵਾਜ਼ ਕਿਸੇ ਡੂੰਘੇ ਖੂਹ ਚੋਂ ਆ ਰਹੀ ਹੋਵੇ। ਦਰਦੀਲੀ ਜਿਹੀ। ਅੱਖਾਂ ਦੇ ਕੋਨਿਆਂ ਵਿਚ ਪਾਣੀ ਸਿਮ ਆਇਆ। ਵੈਸੇ ਮੈਂ ਕਦੇ ਬਾਪੂ ਜੀ ਨੂੰ ਰੋਂਦੇ ਨਹੀਂ ਸੀ ਦੇਖਿਆ, ਬਥੇਰੀਆਂ ਮੁਸੀਬਤਾਂ ਦੇ ਪਹਾੜ ਆਏ। ਮਾਂ ਦੀ ਮੌਤ ਤਾਂ ਇਕ ਸੱਚੀ-ਮੁੱਚੀ ਪਹਾੜ ਜਿਹੀ ਹੀ ਮੁਸੀਬਤ ਸੀ, ਜਿਸ ਨਾਲ ਬਾਪੂ ਜੀ ਇਕੱਲੇ ਵੀ ਹੋਏ ਤੇ ਪਰਿਵਾਰਕ ਜ਼ਿੰਮੇਵਾਰੀਆਂ ਵੀ ਆਣ ਸਿਰ ਪਈਆਂ। ਖੈਰ...।

ਬਾਪੂ ਜੀ ਬੋਲੇ ਉਸ ਕਾਲੀ ਹਨੇਰੀ ਆਉਣ ਦੇ ਅਸਾਰ ਤਾਂ ਬੜੇ ਦਿਨ ਪਹਿਲਾਂ ਹੀ ਭਾਂਪ ਲਏ ਗਏ ਸਨ। ਪਰ ਫਿਰ ਵੀ ਲੋਕ ਇਹ ਸੋਚਦੇ ਕਿ ਸ਼ਾਇਦ ਇਹ ਹਨੇਰੀ ਕੁਝ

*ਤੁਰਨ ਲੱਗਿਆਂ ਪੁੱਤਰਾ ਮੈਂ ਘਰੋਂ ‘ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ’ ਜੀ ਦੀ ਬੀੜ ਚੁੱਕ ਲਈ ਜੋ ਸਾਡੇ ਪਾਕਿਸਤਾਨ ਵਾਲੇ ਘਰ ਵਿਚ ਬਿਰਾਜਮਾਨ ਸੀ...*

ਪਲਾਂ, ਘੰਟਿਆਂ, ਦਿਨਾਂ ਦੀ ਹੋਵੇਗੀ ਤੇ ਫਿਰ ਆਮ ਵਰਗਾ ਮਾਹੌਲ ਹੋ ਜਾਵੇਗਾ। ਸਭ ਕੁਝ ਰਾਜਿਆਂ ਦੀਆਂ ਚਾਲਾਂ ਸਨ, ਦੋ ਟੋਟੇ ਕਰ ਕੇ ਰੱਖ ਦਿੱਤੇ, ਉਨ੍ਹਾਂ ਸਾਂਝਾ ਦੇ, ਜੋ ਸਦੀਆਂ ਤੋਂ ਬਣੀਆਂ ਹੋਈਆਂ ਸਨ। ਉਨ੍ਹਾਂ ਵਿਚ ਇਕ ਨਫ਼ਰਤ ਦੀ ਚਿੰਗਾਰੀ ਛੱਡ ਦਿੱਤੀ ਗਈ ਉਹ ਸੀ ਧਰਮ। ਲੋਕ ਇੱਧਰਲੇ ਪਾਸਿਉਂ ਮੁਸਲਮਾਨਾਂ ਦੇ ਵੈਰੀ ਬਣ ਗਏ ਤੇ ਉੱਧਰ ਜੋ ਭਰਾਵਾਂ ਵਾਂਗ ਸਾਂਝਾਂ ਪਾ ਕੇ ਰਹਿੰਦੇ ਸਨ, ਉਹ ਹਿੰਦੂ ਸਿੱਖਾਂ ਦੇ ਵੈਰੀ ਬਣ ਗਏ।

ਸਾਡਾ ਵੀ ਨਵਾਂ ਸੋਹਣਾ ਮਕਾਨ ਬਣਿਆ ਹੋਇਆ ਸੀ, ਰਾਵਲਪਿੰਡੀ ਦੇ ਕੋਲ ਪਿੰਡ ਸੀ, ਜ਼ਮੀਨ ਸੀ, ਘਰ ਵਿਚ ਬਰਕਤਾਂ ਸਨ। ਉਨ੍ਹਾਂ ਦਿਨਾਂ ’ਚ ਲੋਕ ਬੈਂਕਾਂ ’ਚ ਘੱਟ ਹੀ ਪੈਸਾ-ਧੇਲਾ ਜਮ੍ਹਾਂ ਕਰਾਉਂਦੇ। ਘਰਾਂ ਵਿਚ ਹੀ ਗਾਗਰਾਂ, ਘੜਿਆਂ ’ਚ ਪਾ ਕੇ ਦੱਬ ਛੱਡਦੇ, ਚੋਰ ਉਚੱਕਿਆਂ ਤੋਂ ਬਚਾਉਣ ਲਈ।


“ਫੇਰ ਬਾਪੂ ਜੀ ਅੱਗੇ ਕੀ ਹੋਇਆ”? ਮੈਂ ਪੁੱਛਿਆ।

ਫੇਰ ਪੁੱਤਰਾ ਇਹ ਹਨੇਰੀ ਸਾਡੇ ਵਾਲੇ ਪਾਸੇ ਰੁਖ ਕਰ ਗਈ। ਲੋਕ ਹਲਕੇ ਕੁੱਤਿਆਂ ਵਾਂਗੂ ਕਲ੍ਹ ਤਕ ਜੋ ਹਮਸਾਏ ਸਨ, ਜਿਨ੍ਹਾਂ ਨਾਲ ਸਭ ਕੁਝ ਸਾਂਝਾ ਸੀ, ਉਨਾਂ ਨੂੰ ਜਾਨੋ ਮਾਰਨ ’ਤੇ ਤੁਲੇ ਹੋਏ ਸਨ। ਨੌਜਵਾਨ ਕੁੜੀਆਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ ਸਨ, ਨੰਗ-ਧੱੜੰਗੀਆਂ ਕੁੜੀਆਂ ਦੀਆਂ ਲਾਸ਼ਾਂ ਬਿਨਾਂ ਛਾਤੀਆਂ ਤੋਂ ਰੁਲ਼ ਰਹੀਆਂ ਸਨ, ਲੋਕ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਅਸੀਂ ਵੀ ਆਪਣਾ ਥੋੜ੍ਹਾ ਬਹੁਤ ਸਮਾਨ ਇਕ ਡਾਚੀ ’ਤੇ ਲੱਦ ਤੁਰ ਪਏ। ਸਾਡੇ ਨਾਲ ਤੇਰਾ ਤਾਇਆ, ਦਾਦਾ ਜੀ, ਮਾਂ ਤੇ ਹੋਰ ਕਈ ਲੋਕ ਸਨ। ਤੁਰਨ ਲੱਗਿਆਂ ਪੁੱਤਰਾ ਮੈਂ ਘਰੋਂ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵੀ ਚੁੱਕ ਲਈ ਜੋ ਸਾਡੇ ਪਾਕਿਸਤਾਨ ਵਾਲੇ ਘਰ ਵਿਚ ਬਿਰਾਜਮਾਨ ਸੀ। ਹਫੜਾ-ਦਫੜੀ ਇੰਨੀ ਪਈ ਕਿ ਕੁਝ ਹੋਰ ਚੁੱਕਣ ਦਾ ਸਮਾਂ ਹੀ ਨਾ ਮਿਲਿਆ।

ਤੁਰਦੇ-ਤੁਰਦੇ ਡਾਚੀ ਜਿਸ ਤੇ ਸਮਾਨ ਰੱਖਿਆ ਸੀ, ਉਹ ਬਹਿ ਗਈ। ਰਾਹ ’ਚ ਤੇਰੇ ਦਾਦਾ ਜੀ ਨੂੰ ਮਾੜੇ ਲੋਕਾਂ ਨੇ ਮਾਰ ਦਿੱਤਾ ਅਤੇ ਤੇਰੇ ਤਾਇਆ ਜੀ ਵੀ ਉਨ੍ਹਾਂ ਦਾ ਮੁਕਾਬਲਾ ਕਰਦੇ ਹੋਏ ਮਾਰੇ ਗਏ। ਮੈਂ ਤੇ ਤੇਰੀ ਮਾਂ ਰਹਿ ਗਏ, ਕੀ ਕਰਦੇ ਅਸੀਂ। ਸਭ ਸਮਾਨ ਛੱਡਿਆ, ਡਾਚੀ ਵੀ ਪਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਕੀ ਕਰੀਏ?

“ਫੇਰ ਬਾਪੂ ਜੀ” ਮੈਂ ਵੀ ਪੂਰੀ ਤਰ੍ਹਾਂ ਬਾਪੂ ਜੀ ਦੇ ਨਾਲ-ਨਾਲ ਤੁਰਦਾ ਮਹਿਸੂਸ ਕਰ ਰਹੀ ਸੀ ਤੇ ਉਨ੍ਹਾਂ ਜਿੰਨਾ ਦਰਦ ਮਹਿਸੂਸ ਕਰ ਰਹੀ ਸਾਂ। ਜਿੰਨਾ ਉਨਾਂ ਨੇ ਹੰਡਾਇਆ ਸੀ। “ਫਿਰ ਮੈਂ ਖੜ੍ਹੇ ਹੋ ਗੁਰੂ ਸੱਚੇ ਅੱਗੇ ਆਪਣੀ ਬੇਵਸੀ ਦੀ ਅਰਜੋਈ ਕਰ ਆਦਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਲ ਪ੍ਰਵਾਹ ਕਰ ਦਿੱਤਾ। ਦਿਲ ਬੜਾ ਰੋਇਆ ਬੜਾ ਤੜਪੇ ਪਰ ਹੋਰ ਕੋਈ ਚਾਰਾ ਨਹੀਂ ਸੀ। ਫਿਰ ਅਸੀਂ ਪੈਦਲ ਤੁਰ ਪਏ। ਲਾਸ਼ਾਂ, ਕੋਈ ਮਰਿਆ ਹੋਇਆ, ਕੋਈ ਅੱਧ ਮਰਿਆ ਤੜਪ ਰਿਹਾ ਸੀ। ਜਵਾਨ ਔਰਤਾਂ ਦੀਆਂ ਨੰਗੀਆਂ ਲਾਸ਼ਾਂ ਬੜਾ ਭਿਆਨਕ ਸਮਾਂ ਸੀ। ਪਰ-ਪਰ ਇਹ ਕਾਫ਼ਿਰ ਅੱਖਾਂ ਕੀ ਕਰਦੀਆਂ। ਸਭ ਦੇਖਣਾ ਪਿਆ”। ਬਾਪੂ ਜੀ ਦੀਆਂ ਅੱਖਾਂ ਫਿਰ ਸਿਮ ਆਈਆਂ।

ਕਿਸੇ ਪਾਸੇ ਮਰੀ ਹੋਈ ਮਾਂ ਦੇ ਦੁਆਲੇ ਨਿੱਕਾ ਬੱਚਾ ਰਿੜ੍ਹਦਾ, ਉਸ ਦੀਆਂ ਮਰੀਆਂ ਛਾਤੀਆਂ ਵਿੱਚੋਂ ਦੁੱਧ ਚੁੰਘਣ ਦੀ ਕੋਸ਼ਿਸ਼ ਕਰ ਰਿਹਾ ਸੀ। ਬੱਸ ਪੁੱਤਰਾ ਹੁਣ ਹੋਰ ਨਾ ਦਰਦ ਫਰੋਲ, ਇਹ ਦਾਸਤਾਂ ਤਾਂ ਬਹੁਤ ਲੰਮੀ ਏ। ਤੂੰ ਛੋਟੀ ਏ ਜਾਹ ਖੇਡ। ਪਰ ਮੈਂ ਛੋਟੀ ਨਹੀਂ ਸਾਂ। ਮੈਨੂੰ ਤਾਂ ਇੱਦਾਂ ਲੱਗਦਾ ਸੀ ਜਿਵੇਂ ਮੈਂ ਹੁਣ ਵੀ ਪਾਕਿਸਤਾਨ ’ਚ ਹਾਂ। ਮੇਰੀ ਕੋਈ ਸਾਂਝ ਹੈ, ਉੱਥੋਂ ਦੀ ਮਿੱਟੀ ਨਾਲ। ਕਦੇ-ਕਦੇ ਮੈਂ ਸੋਚਦੀ ਹਾਂ ਕਿ ਸ਼ਾਇਦ ਮੈਂ ਕੋਈ ਉਧਰਲੀ ਹੀ ਰੂਹ ਹੋਵਾਂ। ਪਾਕਿਸਤਾਨ, ਲਾਹੌਰ ਦੀਆਂ ਰੌਣਕਾਂ ਮੈਨੂੰ ਕਈ ਵਾਰ ਸੁਪਨੇ ’ਚ ਦਿੱਸੀਆਂ ਨੇ। ਖੈਰ...ਬਾਪੂ ਜੀ ਨੂੰ ਮੈਂ ਹੋਰ ਦੁੱਖੀ ਨਹੀਂ ਦੇਖਣਾ ਚਾਹੁੰਦੀ ਸਾਂ ਇਸ ਲਈ ਹੋਰ ਕੁਝ ਪੁੱਛਣ ਦੀ ਥਾਂ ਉੱਪਰ ਵੱਲ ਮੂੰਹ ਕਰਕੇ ਇਹੋ ਹੀ ਕਿਹਾ “ਹੇ ਰੱਬਾ ਤੈਂ ਕੀ ਦਰਦ ਨਾ ਆਇਆ”। •



---

# ਸਾਹਿਤ ਦੀ ਸਾਰਥਿਕਤਾ



ਭੁਪਿੰਦਰ ਸਿੰਘ ਚੌਂਕੀਮਾਨ

ਮੋਬਾਈਲ : 82849-79502

*ਜਿਨ੍ਹਾਂ ਸਮਾਜਿਕ ਕੁਰੀਤੀਆਂ ਨੂੰ ਕਾਨੂੰਨ ਠੀਕ ਨਹੀਂ ਕਰ ਸਕਦਾ, ਉਨ੍ਹਾਂ ਨੂੰ ਲੇਖਕਾਂ ਦੁਆਰਾ ਲੋਕਾਂ ਦੀ ਸੋਚ ਬਦਲ ਕੇ ਹੀ ਖ਼ਤਮ ਕੀਤਾ ਜਾ ਸਕਦਾ ਹੈ। ਲੋਕਾਂ ਦੀ ਸੋਚ ਪ੍ਰਭਾਵਿਤ ਕਰਨ ਲਈ ਲੇਖਕ ਦਾ ਆਪਣਾ ਆਚਰਨ ਬਹੁਤ ਉੱਚਾ ਹੋਣਾ ਚਾਹੀਦਾ ਹੈ...*

ਹਰ ਸਮਾਜ ਦੀ ਅਸਲੀ ਤਸਵੀਰ ਨੂੰ ਉਸ ਦੇ ਸਾਹਿਤ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਵਧੀਆ ਸਾਹਿਤ ਹੀ ਇਕ ਸੁੰਦਰ ਤੇ ਨਰੋਏ ਸਮਾਜ ਨੂੰ ਜਨਮ ਦਿੰਦਾ ਹੈ। ਸਾਹਿਤਕਾਰਾਂ ਦੀ ਕਲਮ ਵਿਚ ਐਸਾ ਜਾਦੂ ਹੁੰਦਾ ਹੈ, ਜਿਸ ਕਿਸਮ ਦਾ ਗੁਣ ਉਸ ਅੰਦਰ ਹੁੰਦਾ ਹੈ, ਉਸੇ ਕਿਸਮ ਦੇ ਸਮਾਜ ਦੀ ਸਿਰਜਣਾ ਕਰ ਦਿੰਦਾ ਹੈ। ਜੇ ਸਾਹਿਤ ਲੱਚਰਤਾ ਭਰਪੂਰ ਹੋਵੇ ਤਾਂ ਸਮਾਜ ਪੁੱਠੇ ਪਾਸੇ ਵੱਲ ਨੂੰ ਚੱਲ ਪੈਂਦਾ ਹੈ। ਦੂਸਰੇ ਪਾਸੇ ਜੋ ਸਾਹਿਤ ਨੈਤਿਕਤਾ ਅਤੇ ਇਨਸਾਨੀ ਕਦਰਾਂ-ਕੀਮਤਾਂ ਵਾਲਾ ਹੋਵੇ। ਉਸ ਸਮਾਜ ਦਾ ਮਿਆਰ ਬਹੁਤ ਉੱਚ ਕੋਟੀ ਦੇ ਕਿਰਦਾਰ ਵਾਲਾ ਹੁੰਦਾ ਹੈ।

ਸਮਾਜ ਤਾਂ ਚੱਲਦਾ ਰਹਿੰਦਾ ਹੈ ਭਾਵੇਂ ਉਹ ਕਿਸੇ ਵੀ ਕਿਸਮ ਦਾ ਹੋਵੇ। ਸਮਾਜ ਕਾਇਦੇ ਕਾਨੂੰਨ ਅਨੁਸਾਰ ਚਲਾਇਆ ਜਾਂਦਾ ਹੈ ਪਰ ਸਮਾਜ ਅੰਦਰ ਕੁਝ ਅਜਿਹੇ ਵਰਤਾਰੇ ਅਤੇ ਹਾਲਾਤ ਹੁੰਦੇ ਹਨ ਜਿਨ੍ਹਾਂ ਨੂੰ ਕਾਨੂੰਨ ਬਣਾ ਕੇ ਹੀ ਨਹੀਂ ਪੈਦਾ ਕੀਤਾ ਜਾ ਸਕਦਾ ਜਾਂ ਚਲਾਇਆ ਜਾ ਸਕਦਾ। ਉਨ੍ਹਾਂ ਹਾਲਾਤ ਅਤੇ ਵਰਤਾਰਾਂ ਨੂੰ ਉਸਾਰੂ ਪਾਸੇ ਵੱਲ ਲੈ ਕੇ ਜਾਣ ਦੀ ਜ਼ਿੰਮੇਵਾਰੀ ਲੇਖਕਾਂ ਤੇ ਸਾਹਿਤਕਾਰਾਂ ਦੀ ਹੁੰਦੀ ਹੈ ਜੋ ਆਪਣੇ ਪ੍ਰਭਾਵਸ਼ਾਲੀ ਵਿਚਾਰਾਂ ਨੂੰ ਕਲਮ ਰਾਹੀਂ ਪ੍ਰਗਟ ਕਰਕੇ ਸਮਾਜ ਨੂੰ ਸਹੀ ਲੀਹ ਉੱਪਰ ਲਿਆ ਕੇ ਅੱਗੇ ਤੋਰਨ ਵਿਚ ਮਹਾਨ ਯੋਗਦਾਨ ਪਾਉਂਦੇ ਹਨ। ਸਾਹਿਤਕਾਰ ’ਤੇ ਲੇਖਕ ਲੋਕਾਂ ਦੇ ਸੱਚੇ ਹਿਤੈਸ਼ੀ ਹੁੰਦੇ ਹਨ। ਸਮਾਜ ਨੂੰ ਨਰੋਏ ਪੱਖ ਵੱਲ ਲਿਜਾ ਕੇ ਇਕ ਨੈਤਿਕਤਾ ਭਰਪੂਰ ਸਮਾਜ ਦੀ ਹੋਂਦ ਪੈਦਾ ਕਰਨਾ ਹੀ ਇਨ੍ਹਾਂ ਦਾ ਉਦੇਸ਼ ਹੋਣਾ ਚਾਹੀਦਾ ਹੈ।

ਪ੍ਰਭਾਵਸ਼ਾਲੀ ਢੰਗ ਨਾਲ ਲਿਖਣਾ ਇਕ ਕੁਦਰਤ ਦਾ ਦਿੱਤਾ ਗੁਣ ਹੁੰਦਾ ਹੈ। ਕੁਦਰਤ ਦੇ ਪ੍ਰਦਾਨ ਕੀਤੇ ਹੋਏ ਇਸ ਸੁੰਦਰ ਗੁਣ ਦੀ ਵਰਤੋਂ ਸਕਾਰਥ ਹੋਣੀ ਚਾਹੀਦੀ ਹੈ। ਇਸ ਦੀ ਸਾਰਥਿਕ ਵਰਤੋਂ ਕਰ ਕੇ ਸਮਾਜ ਨੂੰ ਉਸਾਰੂ ਪਾਸੇ ਜਾਣ ਵਾਸਤੇ ਸੇਧ ਦਿੱਤੀ ਜਾਵੇ। ਇਸ ਸੇਧ ਦੇਣ ਵਿਚ ਜਦੋਂ ਖ਼ੁਦਗਰਜ਼ੀ ਜਾਂ ਕੋਈ ਹੋਰ ਮਤਲਬ ਹੋਵੇ, ਉਸ ਵਕਤ ਇਹ ਸਮਾਜ ਨੂੰ ਪੁੱਠੀ ਸੇਧ ਦੇ ਕੇ ਸਮਾਜ ਦੇ ਤਾਣੇ-ਬਾਣੇ ਨੂੰ ਵਿਗਾੜਨ ਵਿਚ ਭਾਰੀ ਯੋਗਦਾਨ ਕਰਦਾ ਹੈ, ਜਿਸ ਕਰਕੇ ਸਾਡੇ ਸਮਾਜ ਵਿਚ ਹਰ ਰੋਜ਼ ਨਵੀਆਂ ਤੋਂ ਨਵੀਆਂ ਕੁਰੀਤੀਆਂ ਜਨਮ ਲੈਣਾ ਸ਼ੁਰੂ ਕਰ ਦਿੰਦੀਆਂ ਹਨ। ਲੇਖਕਾਂ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ, ਅਣਜਾਣ ਅਤੇ ਬੇਖ਼ਬਰੇ ਲੋਕਾਂ ਨੂੰ ਜਗਾਕੇ ਪ੍ਰਚਲਤ ਕੁਰੀਤੀਆਂ ਨੂੰ ਖਤਮ ਕਰਵਾਉਣਾ ਹੁੰਦਾ ਹੈ। ਉਸ ਦੇ ਨਾਲ ਹੀ ਇਹ ਫ਼ਰਜ਼ ਵੀ ਬਣਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਕੁਰੀਤੀਆਂ ਬਾਰੇ ਲੋਕਾਂ ਨੂੰ ਅਗਾਹ ਕਰਨਾ ਹੁੰਦਾ ਹੈ। ਕੁਝ ਕੁ ਸਮਾਜਿਕ ਕੁਰੀਤੀਆਂ ਨੂੰ ਕਾਨੂੰਨ ਠੀਕ ਨਹੀਂ ਕਰ ਸਕਦਾ ਉਨ੍ਹਾਂ ਨੂੰ ਲੇਖਕਾਂ ਦੁਆਰਾ ਲੋਕਾਂ ਦੀ ਸੋਚ ਬਦਲ ਕੇ ਹੀ ਖਤਮ ਕੀਤਾ ਜਾ ਸਕਦਾ ਹੈ। ਲੋਕ ਸੋਚ ਪ੍ਰਭਾਵਿਤ ਕਰਨ ਲਈ ਸਾਹਿਤਕਾਰ ਜਾਂ ਲੇਖਕ ਦਾ ਆਪਣੇ ਆਪ ’ਚ ਆਚਰਨ ਬਹੁਤ ਉੱਚਾ ਹੋਣਾ ਚਾਹੀਦਾ ਹੈ ਤਾਂ ਹੀ ਲੋਕ ਉਸ ਤੋਂ ਪ੍ਰਭਾਵਿਤ ਹੋਣਗੇ।

ਸਾਹਿਤਕਾਰ ਤੇ ਲੇਖਕ ਸਮੇਂ-ਸਮੇਂ ’ਤੇ ਪੈਦਾ ਹੋ ਰਹੀਆਂ ਕੁਰੀਤੀਆਂ ਬਾਰੇ ਭਾਵੇਂ ਕਾਫੀ ਕੁਝ ਲਿਖਦੇ ਹਨ ਪਰ ਉਹ ਸੱਚਾਈ ਨੂੰ ਉਸ ਢੰਗ ਨਾਲ ਪੇਸ਼ ਨਹੀਂ ਕਰਦੇ ਜਿਸ ਨਾਲ ਉਨ੍ਹਾਂ ਬੁਰਾਈਆਂ ਨੂੰ ਖਤਮ ਕੀਤਾ ਜਾ ਸਕੇ। ਇਕ ਕਮਜ਼ੋਰੀ ਦੇਖਣ ਵਿਚ ਆਮ ਮਿਲਦੀ ਹੈ, ਉਹ ਹੈ ਖ਼ੁਦਗਰਜ਼ੀ ਦੀ ਭਾਵਨਾ ਹੈ। ਲਿਖਾਰੀ ਜਾਂ ਸਾਹਿਤਕਾਰ ਜਦੋਂ ਕਦੇ ਬੁਲੰਦੀਆਂ ਹਾਸਲ ਕਰ ਲੈਂਦੇ ਹਨ, ਉਨ੍ਹਾਂ ਨੂੰ ਬਾਬਾ ਬੋਹੜ ਦੇ ਖਿਤਾਬ ਨਾਲ ਲੋਕਾਂ ਦੁਆਰਾ ਨਿਵਾਜ਼ਿਆ ਜਾਂਦਾ ਹੈ।

ਸਾਡੇ ਅੱਜ ਦੇ ਬਾਬੇ ਬੋਹੜ ਨਾਲ ਨਿਵਾਜ਼ੇ ਕਲਾਕਾਰ ਤੇ ਸਾਹਿਤਕਾਰ, ਆਪਣੀ ਅਗਲੀ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਦੀ ਬਜਾਏ ਉਨ੍ਹਾਂ ਦੀ ਸਖ਼ਤ ਆਲੋਚਨਾ ਕਰ ਕੇ ਉਨ੍ਹਾਂ ਦੇ ਉਭਰ ਰਹੇ ਗੁਣਾਂ ’ਤੇ ਬੁਰੀ ਸੱਟ ਮਾਰਦੇ ਹਨ। ਬਾਬੇ ਬੋਹੜ ਸੋਚਦੇ ਹਨ ਜੇ ਇਹ ਨਵੇਂ ਉੱਭਰ ਰਹੇ ਲੇਖਕ ਜ਼ਿਆਦਾ ਉੱਚੇ ਉਠ ਕੇ ਉਨ੍ਹਾਂ ਦੀ ਜਗ੍ਹਾ ਲੈ ਲੈਣਗੇ, ਜਿਸ ਕਰਕੇ ਉਨ੍ਹਾਂ ਹੀ ਸਮਾਜ ਅੰਦਰ ਤੂਤੀ ਘੱਟ ਬੋਲਣ ਲੱਗ ਜਾਵੇਗੀ।

ਲੇਖਕ ਤੇ ਸਾਹਿਤਕਾਰ ਬਹੁਤ ਵਿਸ਼ਾਲ ਹਿਰਦੇ ਵਾਲੇ ਸੁਲਝੇ ਹੋਏ ਸਮਾਜ ਦੇ ਬੁੱਧੀਜੀਵੀ ਮੰਨੇ ਜਾਂਦੇ ਹਨ। ਇਨ੍ਹਾਂ ਵਿਦਵਾਨਾਂ ਅਤੇ ਬੁੱਧੀਜੀਵੀਆਂ ਨੂੰ ਖ਼ੂਬਸੂਰਤ ਲਿਖਣ ਅਤੇ ਸੋਚਣ ਦਾ ਜੋ ਗੁਣ ਬਖਸ਼ਿਸ਼ ਕੀਤਾ ਹੋਇਆ ਹੁੰਦਾ ਹੈ, ਉਹ ਗੁਣ ਹੋਰ ਆਮ ਆਦਮੀਆਂ ਕੋਲ ਨਹੀਂ ਹੁੰਦਾ। ਆਮ ਦੇਖਣ ’ਚ ਆਉਂਦਾ ਹੈ ਕਿ ਸਾਹਿਤਕ ਸਭਾਵਾਂ ਵਿਚ ਇਕ ਦੂਸਰੇ ਪ੍ਰਤੀ ਈਰਖਾ ਅਤੇ ਜਲਨ ਦੇਖਣ ਨੂੰ ਮਿਲਦੀ ਹੈ। ਅਗਰ ਕਿਸੇ ਲੇਖਕ ਦੀ ਕਵਿਤਾ, ਲੇਖ ਜਾਂ ਕਿਤਾਬ ਲੋਕਾਂ ਦੀ ਤਾਰੀਫ਼ ਦਾ ਪਾਤਰ ਜਾਵੇ ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ ਹੈ ਪਰ ਲੇਖਕ ਆਪਣੀ ਖ਼ੁਦਗਰਜ਼ੀ ਤੋਂ ਉਪਰ ਉਠ ਕੇ ਕਿਸੇ ਵਿਅਕਤੀ, ਜਗ੍ਹਾ ਅਤੇ ਘਟਨਾ ਦੇ ਦੋਵੇਂ ਪਾਸਿਆਂ ਨੂੰ ਦੇਖਦੇ ਹੋਏ, ਨਿਰਪੱਖ ਹੋ ਕੇ ਗੁਣ ਅਤੇ ਔਗੁਣਾਂ ਨੂੰ ਲੋਕਾਂ ਅੱਗੇ ਪੇਸ਼ ਕਰਨਾ ਚਾਹੀਦਾ ਹੈ। ਕਿਸੇ ਨਾ ਕਾਬਲ ਆਦਮੀ ਦੀ ਨਾਂ ਬਣਦੀ, ਬੇਲੋੜੀ ਜ਼ਰੂਰਤ ਨਾਲੋਂ ਜ਼ਿਆਦਾ ਤਾਰੀਫ ਕਰਨਾ, ਉਸ ਆਦਮੀ ਨਾਲ ਅਸਿੱਧੇ ਤੌਰ ’ਤੇ ਬੇਇਨਸਾਫ਼ੀ ਹੁੰਦੀ ਹੈ ਕਿਉਂਕਿ ਉਹ ਆਦਮੀ ਆਪਣੇ ਗੁਣਾਂ ਅਤੇ ਔਗੁਣਾਂ ਬਾਰੇ ਸਹੀ ਅੰਦਾਜ਼ਾ ਨਹੀਂ ਲਗਾ ਸਕੇਗਾ ਜਿਸ ਕਰਕੇ ਉਹ ਹੋਰ ਭਾਰੀ ਅਗਿਆਨਤਾ ਵੱਲ ਵਧਦਾ ਜਾਵੇਗਾ।

ਅੱਜ ਦੇ ਗੰਧਲੇ ਹੋਏ ਮਾਹੌਲ ਨੂੰ ਸਹੀ ਦਿਸ਼ਾ ’ਚ ਤੋਰਨ ਲਈ ਉਸ ਦੇ ਦਸੇਰੇ ਬਣ ਕੇ ਲੇਖਕ ਅੱਗੇ ਆਉਣ ਅਤੇ ਸੱਚੀ ਗੱਲ ਕਰਨ। ਇਹ ਅੱਜ ਦੀ ਸਭ ਤੋਂ ਵੱਡੀ ਸਮਾਜ ਦੀ ਲੋੜ ਹੈ। ਸਾਡੇ ਅੱਜ ਦੇ ਹਰ ਵਰਗ ਦੇ ਨੇਤਾ ਸਮਾਜ ਦੇ ਭੋਲੇ-ਭਾਲੇ, ਗ਼ਰੀਬ ਤੇ ਮੱਧਵਰਗੀ ਲੋਕਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੇ ਪ੍ਰਭਾਵ ਥੱਲੇ ਲਿਆ ਕੇ ਉਨ੍ਹਾਂ ਦੇ ਉਪਦੇਸ਼ਕ ਬਣ ਰਹੇ ਹਨ, ਜਿਸ ਕਾਰਨ ਉਹ ਗ਼ਰੀਬ ਅਤੇ ਮੱਧਵਰਗੀ ਲੋਕ ਆਪਣਾ ਨਾਂ ਪੂਰਾ ਹੋਣ ਵਾਲੇ ਨੁਕਸਾਨ ਦੇ ਪਾਤਰ ਬਣ ਰਹੇ ਹਨ। ਇਸ ਦਾ ਉਨ੍ਹਾਂ ਲੋਕਾਂ ਨੂੰ ਅਹਿਸਾਸ ਕਰਵਾਉਣਾ ਸਾਡੇ ਬੁੱਧੀਜੀਵੀ ਲੇਖਕਾਂ ਦਾ ਫਰਜ਼ ਬਣਦਾ ਹੈ।

ਬਹੁਤੇ ਲੇਖਕ, ਕਿਤਾਬਾਂ, ਲੇਖਾਂ, ਅਖ਼ਬਾਰਾਂ ਆਦਿ ਰਾਹੀਂ ਲੋਕ ਸੇਵਾ ਨਿਭਾ ਰਹੇ ਹਨ ਅਤੇ ਉਨ੍ਹਾਂ ਨੇ ਬਹੁਤ ਸਾਰੇ ਵਿਗੜੇ ਹੋਏ ਹਾਲਾਤ ਨੂੰ ਸੁਧਾਰਨ ਵਿਚ ਮਹਾਨ ਯੋਗਦਾਨ ਵੀ ਪਾਇਆ ਹੈ। ਬਾਕੀ ਸਾਹਿਤਕਾਰਾਂ ਨੂੰ ਆਪਣੀ ਲੇਖਣੀ ਦੀ ਤਾਕਤ ਅਤੇ ਉਸ ਦੇ ਪ੍ਰਭਾਵ ਦਾ ਅਹਿਸਾਸ ਕਰਾ, ਮਜਬੂਰ ਅਤੇ ਬੇਵਸੀ ਵਿਚ ਰਹਿੰਦੇ ਲੋਕਾਂ ਦੀ ਬਾਂਹ ਫੜਨ ਲਈ ਆਪਣੀ ਕਲਮ ਦਾ ਇਸਤੇਮਾਲ ਕਰਨਾ ਚਾਹੀਦਾ ਹੈ। •



---

## ਗ਼ਜ਼ਲਾਂ

ਉਸ ਦਾ ਚਾਰ-ਚੁਫੇਰਾ ਮੌਜਾਂ ਮਾਣ ਰਿਹੈ।
ਲੀਡਰ ਨਾਲ ਲੁਟੇਰਾ ਮੌਜਾਂ ਮਾਣ ਰਿਹੈ।

ਉਸ ਦੇ ਪਿੱਛੇ ਛੁਪਿਆ, ਬਹੁਤ ਸੁਰੱਖਿਅਤ ਹੈ,
ਚਾਨਣ ਮਗਰ ਹਨੇਰਾ ਮੌਜਾਂ ਮਾਣ ਰਿਹੈ।

ਕੱਲ੍ਹ ਨੂੰ ਤੇਰੇ ਦੀ ਵੀ ਵਾਰੀ ਆਵੇਗੀ,
ਜੇਕਰ ਅੱਜ-ਕੱਲ੍ਹ ਮੇਰਾ ਮੌਜਾਂ ਮਾਣ ਰਿਹੈ।

ਉਸ ਦੇ ਕਾਰਨ ਕਦਰ ਵਧੀ ਹੈ ਘੋੜੀ ਦੀ,
ਘੋੜੀ ਨਾਲ ਵਛੇਰਾ ਮੌਜਾਂ ਮਾਣ ਰਿਹੈ।

ਇਕ ਦੀ ਮੌਤ ਹੈ ਬਣਦੀ ਜੀਵਨ ਦੂਜੇ ਦਾ,
ਮੱਛੀਆਂ ਮਾਰ, ਮਛੇਰਾ ਮੌਜਾਂ ਮਾਣ ਰਿਹੈ।

ਆਖ-ਆਖ ਕੇ, ‘ਸੱਪ ਹੈ ਏਸ ਪਟਾਰੀ ਵਿਚ’,
ਖਾਲੀ-ਹੱਥ ਸਪੇਰਾ ਮੌਜਾਂ ਮਾਣ ਰਿਹੈ।

ਬੁੱਢੇ ਸ਼ੇਰ ਦੀ ਭਬਕ ਅਜੇ ਵੀ ਕਾਇਮ ਹੈ,
ਉਸ ਦਾ ਟੱਬਰ-ਘੇਰਾ ਮੌਜਾਂ ਮਾਣ ਰਿਹੈ।

ਸਾਡੀਆਂ ਮੌਜਾਂ ਕਿਉਂ ਚੁਭੀਆਂ ਨੇ ਲੋਕਾਂ ਨੂੰ,
ਹੋਰ ਵੀ ਜਗ ਬਥੇਰਾ ਮੌਜਾਂ ਮਾਣ ਰਿਹੈ।

ਭੌਰੇ ਤਰਸ ਰਹੇ ਨੇ, ਜਦ ਕਿ ਕਲ਼ੀਆਂ ’ਚੋਂ,
ਕੱਢ ਕੇ ਇਤਰ, ਫੁਲੇਰਾ ਮੌਜਾਂ ਮਾਣ ਰਿਹੈ।

‘ਸੰਧੂ’ ਕਿਸ ਦਿਨ ਜਾਪੂਗਾ ਕਿ ਹਰ ਬੰਦਾ,
ਹੋਇਐ ਸੋਨ-ਸਵੇਰਾ, ਮੌਜਾਂ ਮਾਣ ਰਿਹੈ।



• **ਅਮਰਜੀਤ ਸਿੰਘ ਸੰਧੂ**, ਮੋਬਾਈਲ : 94636-13528

ਕਦੇ ਦਿਲ ਵਿਚ ਨਹੀਂ ਹੁੰਦੀ ਸਿਕੰਦਰ ਹੋਣ ਦੀ ਇੱਛਾ।
ਮਗਰ ਤੌਬਾ, ਨਹੀਂ ਤੇਰੇ ਤੋਂ ਮੁਨਕਰ ਹੋਣ ਦੀ ਇੱਛਾ ।

ਜਦੋਂ ਤੀਕਣ ਰਹੂ, ਮਨ ਵਿਚ ਸਰੋਵਰ ਹੋਣ ਦੀ ਇੱਛਾ।
ਰਹੇ ਗੀ ਮੁਲਤਵੀ ਤਦ ਤਕ ਸਮੁੰਦਰ ਹੋਣ ਦੀ ਇੱਛਾ ।

ਸਮੇਂ ਦੀ ਹੀ ਨਜ਼ਾਕਤ ਹੈ ਕਿ ਆਜਿਜ਼ ਹੋ ਗਿਆ ਹੈ ਦਿਲ,
ਨਹੀਂ, ਕਿਸ ਵਿਚ ਨਹੀਂ ਹੁੰਦੀ ਸਿਕੰਦਰ ਹੋਣ ਦੀ ਇੱਛਾ।

ਮਿਰੇ ਮੌਲਾ ਦਈਂ ਤੂੰ ਸਾਰਿਆਂ ਨੂੰ ਫੁੱਲ ਜਿਹਾ ਹੀ ਦਿਲ,
ਕਿਸੇ ਪੱਥਰ ’ਚ ਵੀ, ਹੋਵੇ ਨ ਪੱਥਰ ਹੋਣ ਦੀ ਇੱਛਾ।

ਨ ਮਹਿਲਾਂ ਵਿਚ ਬੁਲਾ ਮੁੜ ਮੁੜ, ਨ ਇਹਨਾਂ ਦੇ ਦਿਖਾ ਸੁਪਨੇਂ,
ਕਿਤੇ ਮਰ ਹੀ ਨ ਜਾਵੇ, ਆਪਣਾਂ ਘਰ ਹੋਣ ਦੀ ਇੱਛਾ।

ਨਿਰੰਤਰ ਵਹਿਣ ਵਿਚ ਹੀ ਜ਼ਿੰਦਗ਼ੀ ਹੈ ਦੋਸਤ ਦਰਿਆ ਦੀ,
ਭਲੇ ਹੀ ਮਨ ’ਚ ਹੋਵੇ ਅੰਤ ਸਾਗਰ ਹੋਣ ਦੀ ਇੱਛਾ ।

ਦੁਆ ਕਰੀਏ, ਰਹੇ ਪਰਬਲ ਹਮੇਸ਼ਾਂ ਹੀ ਮਨਾਂ ਅੰਦਰ,
ਕਦੇ ਮੱਧਮ ਨ ਹੋਵੇ, ਹੋਰ ਬਿਹਤਰ ਹੋਣ ਦੀ ਇੱਛਾ।

ਕਦੇ ਵੇਖੀ ਨ ਤੇਰੀ ਢਾਕ ’ਤੇ ਸੋਨੇ ਦੀ ਗਾਗਰ ਮੈਂ,
ਤਦੇ ਹੀ ਮਨ ’ਚ ਹੈ ਮਿੱਟੀ ਦੀ ਗਾਗਰ ਹੋਣ ਦੀ ਇੱਛਾ।

ਪਰਿੰਦਾ ਪਿੰਜਰੇ ਵਿਚ ਕੈਦ ਭਾਵੇਂ ਮਰਦਾ ਮਰ ਜਾਵੇ,
ਮਗਰ ਐ ਦੀਪ ਮਰਦੀ ਨਾ ਸੁਤੰਤਰ ਹੋਣ ਦੀ ਇੱਛਾ।



• **ਗੁਰਦੀਪ ਭਾਟੀਆ**, ਮੋਬਾਈਲ :94648-89046

ਰਾਵੀ ’ਵਾਜ਼ਾਂ ਮਾਰਦੀ, ਪਾਵੇ ਖਿੱਚ ਲਾਹੌਰ।
ਚਾਹੁੰਦਾਂ, ਪਰ ਨਾ ਜਾ ਸਕਾਂ, ਕਿੱਡਾ ਭੈੜਾ ਦੌਰ।

ਸੰਨ ਸੰਤਾਲੀ ਵਿਚ ਸੀ, ਵੱਜੀ ਐਸੀ ਮਾਰ,
ਬੀਤੇ ਸੱਤਰ ਸਾਲ ਪਰ, ਹੁਣ ਵੀ ਦੁਖਦੇ ਮੌਰ।

ਗੱਲ ਸੁਣ ਮੇਰੀ ‘ਆਲਮਾ’, ਪਾ ਗਲ਼ਵਕੜੀ ਘੁੱਟ,
ਤਾਰੋਂ ਪਾਰੋਂ ਕੂਕਦਾ, ਯਾਰ ਤਿਰਾ ਬਖਤੌਰ।

ਦਿੱਲੀ ਨੂੰ ਮੈਂ ਆਖਦਾਂ, ਬਣ ਜੇ ਵੱਡੀ ਭੈਣ,
ਵਿਚਰੇ ਸਾਊ ਵੀਰ ਬਣ, ਪਹਿਲਾਂ ਵਾਂਙ ਲਾਹੌਰ।

ਅਪਣਾ ਵਿਰਸਾ ਇਕ ਹੈ, ਇੱਕੋ ਸੱਭਿਆਚਾਰ,
ਰਿਸ਼ਤੇ ਨਾਤੇ ਇਕ ਨੇ, ਇਕ ਤਰੀਕਾ-ਤੌਰ।

ਤਕੜੇ ਹੋ ਕੇ ਮਿੱਤਰੋ ! ਤਾਰ ਵਗ੍ਹਾਈਏ ਤੋੜ,
ਰਲ਼ ਕੇ ਮਾਰੋ ਹੰਭਲ਼ਾ, ਵਿਗੜੇ ਜਾਵਣ ਸੌਰ।

ਫੁੱਲਾਂ ’ਤੇ ਬਹਿ ਤਿੱਤਲੀ, ਰਸ-ਕਸ ਮਾਣੇ ਖ਼ੂਬ,
ਕਲੀਆਂ ਕੋਲੋਂ ਗੁਜ਼ਰਦਾ, ਗੂੰਜਾਂ ਪਾਵੇ ਭੌਰ।

ਇੱਧਰ ਬੇਬਸ ਲੁੱਛਦਾਂ, ਪੈਣ ਕਲੇਜੇ ਹੌਲ਼,
ਜਦ ਮੈਂ ਜਾਂਦੇ ਵੇਖਦਾਂ, ਤਾਰੋਂ ਪਾਰ ਜਨੌਰ।

ਪਾਠ ਕੁਰਾਨ ਸ਼ਰੀਫ਼ ਦਾ, ਕਰਦਾ ਹਾਂ ਮੈਂ ਨਿੱਤ,
ਕੀ ਤੂੰ ਆਦਿ-ਗਰੰਥ ਨੂੰ, ਕਰਦਾ ਹੁੰਦੈਂ ਚੌਰ?

ਆਖੀਂ, ਭਾਬੀ ‘ਅਨਵਰੀ’, ਫ਼ੋਨ ਮਿਲਾਵੇ ਅੱਜ,
ਦੁਖ ਸੁਖ ਕਰਨਾ ਲੋੜਦੀ, ਨਣਦ ਹਰਿੰਦਰ ਕੌਰ।

ਚਾਹੁੰਦਾਂ ਜੜ੍ਹ-ਥਾਂ ਵੇਖਣੀ, ਛੱਬੀ ਨੰਬਰ ਚੱਕ,
ਇਸ ਤੋਂ ਵੱਡੀ ਲੋਚ ਨਾ, ‘ਸੂਫ਼ੀ’ ਦੀ ਕੁਈ ਔਰ।



• **ਅਮਰ ‘ਸੂਫ਼ੀ’**, ਮੋਬਾਈਲ : 98555-43660

## ਕਵਿਤਾਵਾਂ

### ਸਦਾ ਰਹਿਣ ਜਿਉਂਦੀਆਂ ਮਾਵਾਂ

ਮੈਨੂੰ ਰੋਂਦੇ ਫਿਰਦੇ ਦਿਸਦੇ ਨੇ ਪੁੱਤ ਅੜੀਏ ਤੇਰੇ...
ਸਦਾ ਰਹਿਣ ਜਿਉਂਦੀਆਂ ਮਾਵਾਂ ਤਾਹੀਂ ਬੱਚਿਆਂ ਦੇ ਖੇੜੇ...

ਕਿਤੇ ਪੁੱਤਰ ਤਰਸਣ ਮਾਵਾਂ ਨੂੰ
ਕਿਤੇ ਪੈਂਦੇ ਟੁੱਕਰ ਕਾਂਵਾ ਨੂੰ
ਤੇਰੇ ਬਾਝੋਂ ਕੌਣ ਕਰੂਗਾ ਲਾਡ ਘਨੇਰੇ...

ਤੂੰ ਤੁਰ ਗਈ ਹੋ ਮਜਬੂਰ ਬੜੀ
ਬੱਚਿਆਂ ਨੂੰ ਸਿੱਕਦੀ ਦੂਰ ਖੜ੍ਹੀ
ਮੂੰਹ ਵੇਖਣ ਨੂੰ ਤਰਸ ਗਏ ਲਾਲ ਤੇਰੇ...

ਨੌਂ ਮਹੀਨੇ ਕੁੱਖ ਵਿਚ ਪਾਲਦੀ
ਲਹੂ ਚਰਬੀ ਦੇ ਵਿਚ ਢਾਲਦੀ
ਸਹੁਰੇ ਉੱਠ ਕੇ ਆਖਦੇ ਇਹ ਕੀ ਲੱਗਦੇ ਤੇਰੇ...

ਪੁੱਤ ਚਾਰ ਤੇ ਭਾਵੇਂ ਪੰਜ ਹੋਵਣ
ਬੱਚੇ ਮਾਵਾਂ ਦੀ ਜਿੰਦ ਹੋਵਣ
ਮਾਵਾਂ ਬਿਨਾਂ ਤਾਂ ਰੁਲ਼ ਜਾਂਦੇ ਚਾਅ-ਲਾਡ ਘਨੇਰੇ...

ਕੋਈ ਤਾਂ ਰੋਂਦੀ ਇਕ ਬਾਝੋਂ
ਉਹਦੀ ਸੁੱਖ ਗਈ ਆਂਦਰ ਸਿੱਕ ਬਾਂਝੋਂ
ਬਾਲ਼ਾਂ ਨੂੰ ਛੱਡ ਲੈ ਲਏ ਤੂੰ ਮੌਤ ਨਾਲ ਫੇਰੇ...



• **ਅਮਰਜੀਤ ਕੌਰ ਹਿਰਦੇ**, ਮੋਬਾਈਲ :99888-68847

### ਕੁੜੀਏ ਨੀ ਸੁਣ

ਕੁੜੀਏ ਨੀ ਸੁਣ ਸੋਹਣੀਏ ਕੁੜੀਏ
ਮਾਂ ਦੀਏ ਮਨਮੋਹਣੀਏ ਚਿੜੀਏ
ਪਿਓ ਦਾ ਸੋਹਣਾ ਪੁੱਤ ਤੂੰ ਕੁੜੀਏ
ਵੀਰ ਦਾ ਸੱਜਾ ਗੁੱਟ ਨੀ ਕੁੜੀਏ
ਬਾਬਲ ਦਾ ਇਹੋ ਕਹਿੰਣਾ ਪੁੱਤ ਵੇ
ਸ਼ਰਮ ਦਾ ਸੁਰਮਾ ਪਈ ਪੁੱਤ ਵੇ
ਹਯਾ ਦੀ ਸੁਰਖ਼ੀ ਲਾਈਂ ਪੁੱਤ ਵੇ
ਨਿੰਦਾ ਨੂੰ ਜੋ ਰੋਕਣ ਵਾਲੇ
ਕੰਨੀਂ ਕਾਂਟੇ ਪਾਈਂ ਪੁੱਤ ਵੇ
ਇੱਜ਼ਤ ਬਾਬਲ ਦੀ ਚੇਤੇ ਕਰਾਵੇ
ਕੋਕਾ ਨੱਕ ਵਿਚ ਪਾਈਂ ਪੁੱਤ ਵੇ
ਉੱਚੇ ਸੁੱਚੇ ਜੀਵਨ ਵਾਲੀ
ਬਿੰਦੀ ਮੱਥੇ ਲਾਈਂ ਪੁੱਤ ਵੇ
ਜੋ ਜੀਵਨ ਦੀ ਮਰਯਾਦਾ ਦੱਸੇ
ਐਸੀ ਝਾਂਜਰ ਪਾਈਂ ਪੁੱਤ ਵੇ
ਇਸ ਘਰ ਨੂੰ ਤੂੰ ਜੋੜਕੇ ਜਾਣਾ
ਅਗਲਾ ਘਰ ਵਸਾਈਂ ਪੁੱਤ ਵੇ
ਕਦੇ-ਕਦਾਈ ਪੇਕੇ ਗੇੜਾ ਮਾਰਕੇ
ਬਾਬਲ ਦਾ ਦੁੱਖ ਵੰਡਾਈ ਪੁੱਤ ਵੇ।



• **ਜਸਵਿੰਦਰ ਸਿੰਘ**, ਮੋਬਾਈਲ : 95923-00387

### ਹਿੰਮਤ

ਬੁੱਲਿਆ ਤੋਂ ਨਾ ਡਰ
ਕਈ ਝੱਖੜ ਵੀ ਸਰ ਕਰਨੇ ਨੇ
ਕਈ ਲਹਿਰਾ ਨੂੰ ਠੰਡੀਆਂ ਕਰਨਾ
ਕਈ ਸਮੁੰਦਰ ਸਰ ਕਰਨੇ ਨੇ
ਜਿੱਤ ਦਾ ਝੰਡਾ ਹੈ ਲਹਿਰਾਉਣਾ,
ਕੁਝ ਸਖ਼ਤ ਫੈਸਲੇ ਵੀ ਕਰਨੇ ਨੇ
ਜ਼ਹਿਰ ਨੂੰ ਵੀ ਅੰਮ੍ਰਿਤ ਸਮਝੀ
ਕੌੜੇ ਘੁੱਟ ਕੁਝ ਜਰ ਕਰਨੇ ਨੇ
ਘੁਪ ਹਨੇਰਾ ਮਿਟ ਜਾਏਗਾ
ਸੂਰਜ ਚਾਨਣ ਚੜ ਕਰਨੇ ਨੇ



• **ਬਲਜੀਤ ਤਲਵੰਡੀ**, ਮੋਬਾਈਲ : 92177-68857

# ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਨੇ ਨਸ਼ਿਆਂ ਖਿਲਾਫ਼ ਅਸਰਦਾਰ ਭੂਮਿਕਾ ਨਿਭਾਈ : ਡਾ. ਰਾਜ ਕੁਮਾਰ ਚੱਬੇਵਾਲ




ਹੁਸ਼ਿਆਰਪੁਰ, 8 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਅੱਜ ਇੱਥੇ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ, ਵਿਲੇਜ਼ ਡਿਫੈਂਸ ਕਮੇਟੀਆਂ ਅਤੇ ਕੋਆਰਡੀਨੇਟਰਾਂ ਨਾਲ ਸਮੀਖਿਆ ਮੀਟਿੰਗ ਕਰਦਿਆਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਮੁਹਿੰਮ ਨੇ ਨਸ਼ਿਆਂ ਖਿਲਾਫ਼ ਅਸਰਦਾਰ ਭੂਮਿਕਾ ਨਿਭਾਈ ਹੈ ਜਿਸ ਨਾਲ ਨਸ਼ਿਆਂ ਨੂੰ ਵੱਡੇ ਪੱਧਰ ‘ਤੇ ਠੱਲ੍ਹ ਪਈ ਹੈ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਡਾ. ਇਸ਼ਾਂਕ ਕੁਮਾਰ ਅਤੇ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿਚ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਨਸ਼ਿਆਂ ਨੂੰ ਠੱਲ੍ਹ ਪਾਉਣ ਵਿਚ ਲੋਕਾਂ ਨੇ ਪੁਲਿਸ ਪ੍ਰਸ਼ਾਸਨ ਨੂੰ ਸਮੇਂ-ਸਮੇਂ ਸਿਰ ਅਹਿਮ ਜਾਣਕਾਰੀਆਂ ਦੇ ਕੇ ਉਸਾਰੂ ਰੋਲ ਨਿਭਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਪੁਲਿਸ ਪ੍ਰਸ਼ਾਸਨ ਨੂੰ ਨਸ਼ਿਆਂ ਦੀ ਰੋਕਥਾਮ ਅਤੇ ਖਾਤਮੇ ਲਈ ਪੂਰੇ ਅਧਿਕਾਰ ਦਿੱਤੇ ਗਏ ਹਨ ਜਿਸ ਨਾਲ ਸਮੱਗਲਿੰਗ ਅਤੇ ਨਸ਼ਾ ਵੇਚਣ ਵਾਲਿਆਂ ਖਿਲਾਫ਼ ਵੱਡੀਆਂ ਕਾਰਵਾਈਆਂ ਅਮਲ ਵਿਚ ਲਿਆਂਦੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਇਕਮੁੱਠ ਹੋ ਕੇ ਇਸ ਸਮਾਜਿਕ ਅਲਾਮਤ ਖਿਲਾਫ਼ ਡਟਣਾ ਚਾਹੀਦਾ ਹੈ ਤਾਂ ਜੋ ਸੂਬੇ ਵਿਚੋਂ ਨਸ਼ਿਆਂ ਦਾ ਪੂਰਨ ਸਫਾਈਆ ਹੋ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵਲੋਂ ਨਸ਼ਿਆਂ ਖਿਲਾਫ਼ ਲਗਾਤਾਰ ਕੀਤੀਆਂ ਜਾ ਰਹੀਆਂ ਕਾਰਵਾਈਆਂ ਦੇ ਨਾਲ-ਨਾਲ ਪੰਜਾਬ ਸਰਕਾਰ ਨਸ਼ਿਆਂ ਦੀ ਗ੍ਰਿਫ਼ਤ ਵਿਚ ਆ ਚੁੱਕੇ ਲੋਕਾਂ ਦੇ ਪ੍ਰਭਾਵਸ਼ਾਲੀ ਮੁੜ ਵਸੇਬੇ ਲਈ ਵੀ ਜੰਗੀ ਪੱਧਰ ‘ਤੇ ਕੰਮ ਕਰ ਰਹੀ ਹੈ ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆਏ ਹਨ। ਉਨ੍ਹਾਂ ਨੇ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨਸ਼ਿਆਂ ਦਾ ਜੜ੍ਹੋਂ ਖਾਤਮਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਲੋਕ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਕਾਰਵਾਈ ਦੀ ਸੂਚਨਾ ਤੁਰੰਤ ਪੁਲਿਸ ਨੂੰ ਦਿੱਤੀ ਜਾਵੇ ਤਾਂ ਜੋ ਸਮੇਂ ਸਿਰ ਲੋੜੀਂਦੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਸਕੇ।

ਵਾਰਡ ਡਿਫੈਂਸ ਕਮੇਟੀਆਂ ਅਤੇ ਵਿਲੇਜ਼ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਲੋਕ ਸਹਿਯੋਗ ਨਾਲ ਨਸ਼ਿਆਂ ਦੇ ਖਾਤਮੇ ਦਾ ਮੁੱਢ ਬੱਝਾ ਹੈ ਅਤੇ ਪੰਜਾਬ ਸਰਕਾਰ ਦੇ ਸੁਹਿਰਦ ਯਤਨਾਂ ਦੇ ਨਾਲ-ਨਾਲ ਲੋਕਾਂ ਦਾ ਸਹਿਯੋਗ ਬਹੁਤ ਸਾਰਥਕ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਲਤ ਲਾ ਚੁੱਕੇ ਨੌਜਵਾਨਾਂ ਨੂੰ ਪੰਜਾਬ ਸਰਕਾਰ ਦੇ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਵਿਚ ਇਲਾਜ਼ ਲਈ ਭੇਜਿਆ ਜਾਵੇ ਤਾਂ ਜੋ ਉਹ ਮੁੜ ਸਿਹਤਮੰਦ ਅਤੇ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਸਕਣ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੇ ਡਰ ਤੋਂ ਨਸ਼ਿਆਂ ਨਾਲ ਸਬੰਧਤ ਜਾਣਕਾਰੀ ਸਬੰਧਤ ਪੁਲਿਸ ਸਟੇਸ਼ਨ ਜਾਂ ਅਧਿਕਾਰੀਆਂ ਦੇ ਧਿਆਨ ਵਿਚ ਲਿਆਉਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਸਬੰਧੀ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ ਅਤੇ ਹਰੇਕ ਜਾਣਕਾਰੀ ‘ਤੇ ਢੁਕਵੀਂ ਕਾਰਵਾਈ ਵੀ ਅਮਲ ਵਿਚ ਲਿਆਂਦੀ ਜਾਂਦੀ ਹੈ। ਉਨ੍ਹਾਂ ਨੇ ਐਸ.ਐਸ.ਪੀ. ਨੂੰ ਕਿਹਾ ਕਿ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿਚ ਪੈਟਰੋਲਿੰਗ ਨੂੰ ਹੋਰ ਵਧਾ ਕੇ ਨਸ਼ਾ ਸਮੱਗਲਰਾਂ ਅਤੇ ਵੇਚਣ ਵਾਲਿਆਂ ‘ਤੇ ਕਾਰਵਾਈ ਨੂੰ ਹੋਰ ਤੇਜ਼ ਕੀਤਾ ਜਾਵੇ।

ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਵਲੋਂ ਨਸ਼ਿਆਂ ਵਿਰੁੱਧ ਲਗਾਤਾਰ ਕਾਰਵਾਈਆਂ ਕੀਤੀਆਂ ਜਾ ਰਹੀਆਂ ਅਤੇ ਨਸ਼ਿਆਂ ਦੇ ਧੰਦੇ ਵਿਚ ਸ਼ਾਮਲ ਕਿਸੇ ਨਾਲ ਵੀ ਕਿਸੇ ਤਰ੍ਹਾਂ ਦਾ ਲਿਹਾਜ਼ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੁਲਿਸ ਵਲੋਂ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਹੁਣ ਤੱਕ 1942 ਮਾਮਲੇ ਦਰਜ ਕਰਕੇ 2596 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ 22 ਕਿਲੋ ਤੋਂ ਵੱਧ ਹੈਰੋਇਨ, 14 ਕਿਲੋ ਤੋਂ ਵੱਧ ਅਫੀਮ, 2 ਕੁਇੰਟਲ ਦੇ ਕਰੀਬ ਚੂਰਾ ਪੋਸਤ, 263110 ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲ ਬਰਾਮਦ ਕਰਨ ਤੋਂ ਇਲਾਵਾ 28 ਲੱਖ ਰੁਪਏ ਤੋਂ ਵੱਧ ਡਰੱਗ ਮਨੀ ਬਰਾਮਦ ਕੀਤੀ ਗਈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੀ ਵਿਕਰੀ ਜਾਂ ਸਮੱਗਲਿੰਗ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਮਿਲਣ ‘ਤੇ ਪੁਲਿਸ ਨੂੰ ਲਾਜ਼ਮੀ ਸੂਚਿਤ ਕਰਕੇ ਇਸ ਸਮਾਜਿਕ ਬੁਰਾਈ ਦੇ ਖਾਤਮੇ ਵਿਚ ਆਪਣਾ ਯੋਗਦਾਨ ਪਾਇਆ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਕੇਸ਼ ਕੁਮਾਰ ਮੀਣਾ, ਮੁਕੇਰੀਆਂ ਦੇ ਹਲਕਾ ਇੰਚਾਰਜ ਸਰਬਜੋਤ ਸਿੰਘ ਸਾਬੀ, ਐਸ.ਪੀ. ਸੰਦੀਪ ਸਿੰਘ ਮੰਡ, ਸਹਾਇਕ ਕਮਿਸ਼ਨਰ ਸੁਮਿਤ ਮੁੱਧ, ਸਮੂਹ ਐਸ.ਡੀ.ਐਮਜ਼, ਡੀ.ਐਸ.ਪੀਜ਼, ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਅਤੇ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਸਨ।

# ਨਿਸਵਾਰਥ ਸੇਵਾ ਸਮੀਤੀ ਨੇ ਸਮਾਜ ਸੇਵਾ ਦੀਆਂ ਗਤੀਵਿਧੀਆਂ ਬਾਰੇ ਕੀਤਾ ਵਿਚਾਰ-ਵਟਾਂਦਰਾ



ਮਲੇਰਕੋਟਲਾ, 8 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਿਸਵਾਰਥ ਸੇਵਾ ਸਮੀਤੀ ਦੀ ਮਹੀਨਾਵਾਰ ਮੀਟਿੰਗ ਸਥਾਨਕ ਵਿਕ੍ਰਾਂਤ ਪੈਲੈਸ ਵਿਖੇ ਪ੍ਰਧਾਨ ਸ਼੍ਰੀ ਬਲਦੇਵ ਪ੍ਰਕਾਸ਼ ਦੀ ਪ੍ਰਧਾਨਗੀ ਹੇਠ ਕਰਵਾਈ ਗਈ। ਇਸ ਮੌਕੇ ਚੇਅਰਮੈਨ ਸ਼੍ਰੀ ਨਿਰਮਲ ਸਿੰਘ ਪੁਧੀਰ, ਸ਼੍ਰੀ ਜਗਰੂਪ ਅੱਗਰਵਾਲ, ਮਾਰਗਦਰਸ਼ਕ ਸ਼੍ਰੀ ਰਵਿੰਦਰ ਸੈਨੀ ਅਤੇ ਸ਼੍ਰੀ ਨਰੇਸ਼ ਜੈਨ ਵੀ ਹਾਜ਼ਰ ਸਨ। ਮੀਟਿੰਗ ਵਿੱਚ ਸਮੀਤੀ ਵਲੋਂ ਕੀਤੇ ਜਾ ਰਹੇ ਵੱਖ-ਵੱਖ ਸਮਾਜ ਸੇਵਾ ਦੇ ਕੰਮਾਂ ਦੀ ਸਮੀਖਿਆ ਕੀਤੀ ਗਈ।

ਇਸ ਦੇ ਨਾਲ ਹੀ ਆਗਾਮੀ ਸੇਵਾ ਗਤੀਵਿਧੀਆਂ ਅਤੇ ਯੋਜਨਾਵਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਸ਼੍ਰੀ ਸੁਨੀਲ ਜੈਨ ਅਤੇ ਸ਼੍ਰੀ ਰਿਸ਼ਭ ਗਰਗ ਨੇ ਸ੍ਰੀ ਕ੍ਰਿਸ਼ਨ ਜਨਮਾਸ਼ਟਮੀ ਦੇ ਪਵਿੱਤਰ ਤਿਓਹਾਰ ਮੌਕੇ ਗਊਸ਼ਾਲਾ ਵਿਖੇ ਗਊ ਸੇਵਕ ਮੰਡਲ ਵੱਲੋਂ ਚਲਾਈ ਜਾ ਰਹੀ ‘ਗਊ ਗ੍ਰਾਸ ਕੇਕ ਸੇਵਾ’ ਦਾ ਲਾਭ ਲੈਣ ਲਈ ਪ੍ਰਸਤਾਵ ਰੱਖਿਆ ਗਿਆ, ਜਿਸਨੂੰ ਸਮੀਤੀ ਦੇ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ। ਜਨਮਾਸ਼ਟਮੀ ਦੇ ਪਵਿਤਰ ਤਿਓਹਾਰ ਮੌਕੇ ਗਊ ਸੇਵਾ ਵਿੱਚ ਯੋਗਦਾਨ ਦੇਣਾ ਪੁੰਨ ਅਤੇ ਸਮਾਜ ਪ੍ਰਤੀ ਸੇਵਾ ਭਾਵਨਾ ਦਾ ਪ੍ਰਤੀਕ ਹੈ। ਸਮੀਤੀ ਵਲੋਂ ਭਵਿੱਖ ਵਿੱਚ ਵੀ ਸਮਾਜ ਹਿੱਤ ਅਤੇ ਜੀਵ ਸੇਵਾ ਨਾਲ ਜੁੜੇ ਕੰਮਾਂ ਨੂੰ ਪੂਰੀ ਨਿਸ਼ਕਾਮ ਸੇਵਾ ਅਤੇ ਸਮਰਪਣ ਨਾਲ ਜਾਰੀ ਰੱਖਣ ਦਾ ਸੰਕਲਪ ਲਿਆ ਗਿਆ। ਮੀਟਿੰਗ ਵਿਚ ਚੰਚਲ ਜੈਨ, ਸੌਰਭ ਜੈਨ, ਅਮਨ ਜੈਨ, ਨਿਤੀਸ਼ ਜੈਨ, ਸੁਧੀਰ ਬਿਸ਼ਟ, ਸੰਦੀਪ ਸ਼ੁਕਲਾ, ਵਿਨੋਦ ਰਤਨੀਆ, ਅਜੈ ਸੂਦ, ਗੋਲਡੀ ਜੈਨ, ਮਨਕੁਸ਼ ਗਰਗ, ਅੰਸ਼ੁਲ ਜਿੰਦਲ, ਰਾਹੁਲ ਜੈਨ, ਕੇਸ਼ਵ ਗੁਪਤਾ, ਗੌਰਵ ਧੀਮਾਨ, ਜਤੀਨ ਕਾਂਸਲ, ਮੋਹਿਤ ਬਾਂਸਲ, ਵਿੱਕੀ ਗਰਗ ਅਤੇ ਰਵੀ ਸ਼ਰਮਾ ਸਮੇਤ ਸਮੀਤੀ ਦੇ ਹੋਰ ਮੈਂਬਰ ਵੀ ਹਾਜ਼ਰ ਸਨ।

# ਮੇਅਰ ਨੇ ਖਤਮ ਕੀਤਾ 8 ਸਾਲ ਪੁਰਾਣਾ ਜੰਜਾਲ, ਹੁਣ ਸ.ਫਰ ਹੋਵੇਗਾ ਆਸਾਨ; 116 ਕਰੋੜ ਦਾ ਅੰਡਰਬ੍ਰਿਜ਼ ਲੋਕਾਂ ਨੂੰ ਸਮਰਪਿਤ, ਅਨਾਜ ਮੰਡੀ ਰੋਡ ਦਾ ਵੀ ਹੋਇਆ ਨਿਰਮਾਣ



ਬਠਿੰਡਾ, 8 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਵਾਸੀਆਂ ਲਈ ਲੰਮੇ ਸਮੇਂ ਤੋਂ ਪਰੇਸ਼ਾਨੀ ਦਾ ਕਾਰਨ ਬਣੇ ਪਟਿਆਲਾ ਫਾਟਕ ਰੇਲਵੇ ਕਰਾਸਿੰਗ ਦਾ ਜੰਜਾਲ ਹੁਣ ਬੀਤੇ ਸਮੇਂ ਦੀ ਗੱਲ ਹੋ ਗਿਆ ਹੈ। ਕਰੀਬ 8 ਸਾਲਾਂ ਤੋਂ ਚੱਲ ਰਹੀ ਇਸ ਸਮੱਸਿਆ ਦਾ ਹੱਲ ਕਰਦਿਆਂ ਕਰੀਬ 116 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਰੇਲਵੇ ਅੰਡਰਬ੍ਰਿਜ਼ ਨੂੰ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਹੈ। ਅੰਡਰਬ੍ਰਿਜ਼ ਸ਼ੁਰੂ ਹੋਣ ਨਾਲ ਰੋਜ਼ਾਨਾ ਇਸ ਰਸਤੇ ਤੋਂ ਲੰਘਣ ਵਾਲੇ ਹਜ਼ਾਰਾਂ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਸ਼ਹਿਰ ਦੀ ਆਵਾਜਾਈ ਵਿਵਸਥਾ ਨੂੰ ਵੀ ਰਫ਼ਤਾਰ ਮਿਲਣ ਦੀ ਉਮੀਦ ਹੈ।

ਇਸ ਦੇ ਨਾਲ ਹੀ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਅਨਾਜ ਮੰਡੀ ਰੋਡ ਨੂੰ ਵੀ ਲੋਕਾਂ ਲਈ ਖੋਲ੍ਹ ਦਿੱਤਾ। ਕਰੀਬ 90 ਫੁੱਟ ਚੌੜੀ ਇਸ ਸੜਕ ਦੇ ਨਿਰਮਾਣ ਨਾਲ ਇਲਾਕੇ ਦੇ ਦੁਕਾਨਦਾਰਾਂ, ਵਪਾਰੀਆਂ, ਵਾਹਨ ਚਾਲਕਾਂ ਅਤੇ ਆਮ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ। ਸੜਕ ਦਾ ਨਿਰਮਾਣ ਮੁਕੰਮਲ ਹੋਣ ਤੋਂ ਬਾਅਦ ਦੁਕਾਨਦਾਰਾਂ ਨੇ ਰਾਹਤ ਦਾ ਸਾਹ ਲੈਂਦਿਆਂ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਦਾ ਧੰਨਵਾਦ ਕੀਤਾ।

ਰੇਲਵੇ ਫਾਟਕ ਬੰਦ ਹੋਣ ਕਾਰਨ ਲੰਮੇ ਸਮੇਂ ਤੋਂ ਲੋਕਾਂ ਨੂੰ ਜਾਮ, ਸਮੇਂ ਦੀ ਬਰਬਾਦੀ ਅਤੇ ਆਉਣ-ਜਾਣ ਵਿੱਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਅੰਡਰਬ੍ਰਿਜ਼ ਸ਼ੁਰੂ ਹੋਣ ਨਾਲ ਇਸ ਸਮੱਸਿਆ ਤੋਂ ਸਥਾਈ ਰਾਹਤ ਮਿਲਣ ਦੀ ਉਮੀਦ ਹੈ।

ਇਸ ਮੌਕੇ ਸ੍ਰੀ ਸ਼ਾਮ ਲਾਲ ਜੈਨ, ਸ੍ਰੀ ਬਿਕਰਮ ਕ੍ਰਾਂਤੀ, ਸ੍ਰੀ ਰਮੇਸ਼ ਕੁਮਾਰ ਮੇਸ਼ਾ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਮੌਜੂਦ ਸਨ। ਹਾਜ਼ਰ ਲੋਕਾਂ ਨੇ ਵਿਕਾਸ ਕਾਰਜਾਂ ਲਈ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੰਡਰਬ੍ਰਿਜ਼ ਅਤੇ ਸੜਕ ਦੇ ਨਿਰਮਾਣ ਨਾਲ ਆਮ ਲੋਕਾਂ ਨੂੰ ਸਿੱਧਾ ਲਾਭ ਮਿਲੇਗਾ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਇਹ ਅੰਡਰਬ੍ਰਿਜ਼ ਸਿਰਫ਼ ਕੰਕਰੀਟ ਅਤੇ ਲੋਹੇ ਦਾ ਢਾਂਚਾ ਨਹੀਂ, ਸਗੋਂ ਸ਼ਹਿਰ ਵਾਸੀਆਂ ਦੀ ਸਾਲਾਂ ਪੁਰਾਣੀ ਪਰੇਸ਼ਾਨੀ ਦਾ ਹੱਲ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਦਾ ਅਸਲ ਮਕਸਦ ਤਾਂ ਹੀ ਪੂਰਾ ਹੁੰਦਾ ਹੈ, ਜਦੋਂ ਇਸ ਦਾ ਸਿੱਧਾ ਲਾਭ ਆਮ ਲੋਕਾਂ ਤੱਕ ਪਹੁੰਚੇ। ਮੇਅਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਸੋਚ ਬਿਲਕੁਲ ਸਪੱਸ਼ਟ ਹੈ ਕਿ ਪੰਜਾਬ ਦੇ ਲੋਕਾਂ ਨੂੰ ਬਿਹਤਰ ਸੜਕਾਂ, ਸੁਚਾਰੂ ਆਵਾਜਾਈ, ਆਧੁਨਿਕ ਸਹੂਲਤਾਂ ਅਤੇ ਬਿਹਤਰ ਜੀਵਨ ਪੱਧਰ ਮੁਹੱਈਆ ਕਰਵਾਇਆ ਜਾਵੇ। ਇਸੇ ਸੋਚ ਤਹਿਤ ਬਠਿੰਡਾ ਵਿੱਚ ਵੀ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸ਼ਹਿਰਾਂ ਦੇ ਵਿਕਾਸ ਲਈ ਲਗਾਤਾਰ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ ਅਤੇ ਬਠਿੰਡਾ ਵਿੱਚ ਵੀ ਕਈ ਅਹਿਮ ਪ੍ਰਾਜੈਕਟਾਂ ’ਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਯਤਨ ਹੈ ਕਿ ਲੋਕਾਂ ਨੂੰ ਸਾਲਾਂ ਪੁਰਾਣੀਆਂ ਸਮੱਸਿਆਵਾਂ ਤੋਂ ਨਿਜਾਤ ਦਿਵਾ ਕੇ ਸ਼ਹਿਰ ਨੂੰ ਆਧੁਨਿਕ ਅਤੇ ਸਹੂਲਤਾਂ ਭਰਪੂਰ ਬਣਾਇਆ ਜਾਵੇ।

ਮੇਅਰ ਸ੍ਰੀ ਮਹਿਤਾ ਨੇ ਕਿਹਾ ਕਿ ਲੰਮੇ ਸਮੇਂ ਤੋਂ ਲਟਕ ਰਹੇ ਪ੍ਰਾਜੈਕਟਾਂ ਨੂੰ ਮੁਕੰਮਲ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਜਨਤਾ ਨੇ ਜਿਨ੍ਹਾਂ ਨੁਮਾਇੰਦਿਆਂ ’ਤੇ ਭਰੋਸਾ ਕੀਤਾ ਹੈ, ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਭਰੋਸੇ ਨੂੰ ਵਿਕਾਸ ਕਾਰਜਾਂ ਰਾਹੀਂ ਪੂਰਾ ਕਰਨ।

ਉਨ੍ਹਾਂ ਕਿਹਾ ਕਿ ਬਠਿੰਡਾ ਦੇ ਲੋਕਾਂ ਨੇ ਲੰਮੇ ਸਮੇਂ ਤੱਕ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕੀਤਾ ਹੈ, ਉਨ੍ਹਾਂ ਨੂੰ ਦੂਰ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਪਟਿਆਲਾ ਫਾਟਕ ਅੰਡਰਬ੍ਰਿਜ਼ ਅਤੇ ਅਨਾਜ ਮੰਡੀ ਰੋਡ ਵਰਗੇ ਪ੍ਰਾਜੈਕਟ ਲੋਕਾਂ ਦੀ ਸਹੂਲਤ ਨਾਲ ਸਿੱਧੇ ਤੌਰ ’ਤੇ ਜੁੜੇ ਹੋਏ ਹਨ। ਉਨ੍ਹਾਂ ਦਾ ਯਤਨ ਹੈ ਕਿ ਸ਼ਹਿਰ ਵਿੱਚ ਕੋਈ ਵੀ ਅਹਿਮ ਸਮੱਸਿਆ ਸਾਲਾਂ ਤੱਕ ਲਟਕੀ ਨਾ ਰਹੇ। ਅਨਾਜ ਮੰਡੀ ਰੋਡ ਦੇ ਨਿਰਮਾਣ ਨਾਲ ਇਲਾਕੇ ਦੇ ਦੁਕਾਨਦਾਰਾਂ ਵਿੱਚ ਵੀ ਖੁਸ਼ੀ ਦਾ ਮਾਹੌਲ ਹੈ। ਸੜਕ ਚੌੜੀ ਹੋਣ ਨਾਲ ਜਿੱਥੇ ਆਵਾਜਾਈ ਸੁਚਾਰੂ ਹੋਵੇਗੀ, ਉੱਥੇ ਬਾਜ਼ਾਰ ਵਿੱਚ ਆਉਣ ਵਾਲੇ ਗਾਹਕਾਂ ਨੂੰ ਵੀ ਆਉਣ-ਜਾਣ ਵਿੱਚ ਸਹੂਲਤ ਮਿਲੇਗੀ। ਦੁਕਾਨਦਾਰਾਂ ਨੇ ਕਿਹਾ ਕਿ ਲੰਮੇ ਸਮੇਂ ਤੋਂ ਸੜਕ ਦੀ ਸਮੱਸਿਆ ਕਾਰਨ ਉਨ੍ਹਾਂ ਦੇ ਕਾਰੋਬਾਰ ’ਤੇ ਵੀ ਅਸਰ ਪੈ ਰਿਹਾ ਸੀ, ਪਰ ਹੁਣ ਨਵੀਂ ਸੜਕ ਬਣਨ ਨਾਲ ਹਾਲਾਤ ਵਿੱਚ ਸੁਧਾਰ ਆਵੇਗਾ।

# ਮਿਸ਼ਨ ਕਲੀਨ ਪੰਜਾਬ ਤਹਿਤ ਮਾਲੇਰਕੋਟਲਾ ਵਿੱਚ ਪੰਜਵੇਂ ਦਿਨ ਵੀ ਸ.ਫਾਈ ਮੁਹਿੰਮ ਜਾਰੀ




ਮਲੇਰਕੋਟਲਾ, 8 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ‘ਮਿਸ਼ਨ ਕਲੀਨ ਪੰਜਾਬ’ ਮੁਹਿੰਮ ਤਹਿਤ ਮਾਲੇਰਕੋਟਲਾ ਸ਼ਹਿਰ ਵਿੱਚ ਮਹਾਂ-ਸਫ਼ਾਈ ਅਭਿਆਨ ਦੇ ਪੰਜਵੇਂ ਦਿਨ ਵੀ ਵਿਆਪਕ ਪੱਧਰ ’ਤੇ ਸਫ਼ਾਈ ਕਾਰਜ ਜਾਰੀ ਰਹੇ।

ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਦੀ ਅਗਵਾਈ ਹੇਠ ਨਗਰ ਕੌਂਸਲ ਮਾਲੇਰਕੋਟਲਾ ਵੱਲੋਂ ਅੱਜ ਸਟੇਡੀਅਮ ਰੋਡ ਤੋਂ ਸੱਠਾ ਚੌਂਕ, ਦਿੱਲੀ ਗੇਟ, ਕਲੱਬ ਚੌਂਕ, ਕਾਲਜ ਰੋਡ ਅਤੇ ਬੱਸ ਸਟੈਂਡ ਤੱਕ ਸੜਕਾਂ ਅਤੇ ਆਲੇ-ਦੁਆਲੇ ਦੇ ਖੇਤਰਾਂ ਦੀ ਵਿਸ਼ੇਸ਼ ਸਫ਼ਾਈ ਕਰਵਾਈ ਗਈ।

ਇਸ ਮੌਕੇ ਵਿਧਾਇਕ ਡਾ. ਜਮੀਲ ਉਰ ਰਹਿਮਾਨ ਨੇ ਕਿਹਾ ਕਿ ‘ਮਿਸ਼ਨ ਕਲੀਨ ਪੰਜਾਬ’ ਪੰਜਾਬ ਸਰਕਾਰ ਦਾ ਇੱਕ ਸ਼ਲਾਘਾਯੋਗ ਅਤੇ ਦੂਰਦਰਸ਼ੀ ਉਪਰਾਲਾ ਹੈ, ਜਿਸ ਦਾ ਉਦੇਸ਼ ਸੂਬੇ ਦੇ ਸ਼ਹਿਰਾਂ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਵਾਤਾਵਰਣ ਪੱਖੋਂ ਬਿਹਤਰ ਬਣਾਉਣਾ ਹੈ।

ਉਨ੍ਹਾਂ ਮੁੱਖ ਮੰਤਰੀ ਪੰਜਾਬ ਵੱਲੋਂ ਸਫ਼ਾਈ, ਸ਼ਹਿਰੀ ਸੁੰਦਰਤਾ ਅਤੇ ਬਿਹਤਰ ਨਾਗਰਿਕ ਸਹੂਲਤਾਂ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਸਰਕਾਰ ਦੇ ਨਾਲ-ਨਾਲ ਲੋਕਾਂ ਦੀ ਸਰਗਰਮ ਭਾਗੀਦਾਰੀ ਵੀ ਬੇਹੱਦ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਸਫ਼ਾਈ ਦੀ ਸ਼ੁਰੂਆਤ ਸਾਨੂੰ ਆਪਣੇ ਘਰ ਤੋਂ ਕਰਨੀ ਚਾਹੀਦੀ ਹੈ ਅਤੇ ਇਸ ਤੋਂ ਬਾਅਦ ਆਪਣੇ ਆਲੇ-ਦੁਆਲੇ, ਮੁਹੱਲੇ ਅਤੇ ਸ਼ਹਿਰ ਨੂੰ ਸਾਫ਼ ਰੱਖਣ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕੂੜਾ ਸੜਕਾਂ ਜਾਂ ਜਨਤਕ ਥਾਵਾਂ ’ਤੇ ਨਾ ਸੁੱਟਣ ਅਤੇ ਨਿਰਧਾਰਤ ਡਸਟਬਿਨਾਂ ਦੀ ਵਰਤੋਂ ਕਰਨ।

ਵਿਧਾਇਕ ਨੇ ਲੋਕਾਂ ਨੂੰ ਖਾਸ ਤੌਰ ’ਤੇ ਚਾਰ ਪ੍ਰਕਾਰ ਦੇ ਡਸਟਬਿਨਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਗਿੱਲੇ ਅਤੇ ਸੁੱਕੇ ਕੂੜੇ ਦੀ ਸਹੀ ਢੰਗ ਨਾਲ ਅਲੱਗ-ਅਲੱਗ ਸੰਭਾਲ ਵਾਤਾਵਰਣ ਦੀ ਸੁਰੱਖਿਆ ਅਤੇ ਸਾਫ਼-ਸੁਥਰੇ ਸ਼ਹਿਰ ਲਈ ਬਹੁਤ ਮਹੱਤਵਪੂਰਨ ਹੈ।

ਉਨ੍ਹਾਂ ਕਿਹਾ ਕਿ ਮਾਲੇਰਕੋਟਲਾ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਲਈ ਸਰਕਾਰ, ਨਗਰ ਕੌਂਸਲ, ਸਫ਼ਾਈ ਕਰਮਚਾਰੀਆਂ ਅਤੇ ਸ਼ਹਿਰ ਵਾਸੀਆਂ ਦੇ ਸਾਂਝੇ ਯਤਨ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ‘ਮਿਸ਼ਨ ਕਲੀਨ ਪੰਜਾਬ’ ਨੂੰ ਸਿਰਫ਼ ਇੱਕ ਮੁਹਿੰਮ ਤੱਕ ਸੀਮਤ ਨਾ ਰੱਖ ਕੇ ਇਸ ਨੂੰ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਲੋੜ ਹੈ।

ਇਸ ਮੌਕੇ ਮਿਊਂਸਪਲ ਕੌਂਸਲਰ ਮੁਨਸੀ ਫਾਰੂਕ, ਹਾਜੀ ਨੂਰਦੀਨ, ਮੁਹੰਮਦ ਹਨੀਫ਼, ਅਸ਼ਰਫ਼ ਮੋਟਾ, ਮੁਹੰਮਦ ਯੂਨਿਸ, ਸੈਨਟਰੀ ਇੰਸਪੈਕਟਰ ਪਰਮਜੀਤ ਸਿੰਘ, ਅਜ਼ਹਰ ਅਲੀ, ਪ੍ਰਧਾਨ ਸਫ਼ਾਈ ਯੂਨੀਅਨ ਦੀਪਕ ਕੁਮਾਰ ਬੱਗਣ, ਸੀ.ਐੱਫ. ਰਾਜਪਾਲ ਕੌਰ, ਮੋਟੀਵੇਟਰ ਮਾਨਵ, ਰੀਆ ਅਤੇ ਮੁਬੀਨ ਤੋਂ ਇਲਾਵਾ ਹੋਰ ਇਲਾਕਾ ਨਿਵਾਸੀ ਮੌਜੂਦ ਸਨ।

# ਮਾਤਾ-ਪਿਤਾ ਸਾਲਾਨਾ 432 ਘੰਟੇ ਕਰਦੇ ਨੇ ਬੱਚਿਆਂ ਦੇ ਖਾਣੇ ਦੀ ਪਲੈਨਿੰਗ




ਨਵੀਂ ਦਿੱਲੀ, 8 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬੱਚਿਆਂ ਦੀ ਪਸੰਦ-ਨਾਪਸੰਦ ਅਤੇ ਖਾਣ ਦੇ ਨਖਰਿਆਂ ਨੇ ਮਾਤਾ-ਪਿਤਾ ਦੀ ਰਸੋਈ ਦੀ ਮੁਸ਼ੱਕਤ ਵਧਾ ਦਿੱਤੀ ਹੈ। ਕੋਈ ਸਬਜ਼ੀ ਨਹੀਂ ਖਾਂਦਾ ਅਤੇ ਕਿਸੇ ਨੂੰ ਮਸਾਲੇ ਪਸੰਦ ਨਹੀਂ ਜਦ ਕਿ ਕਈ ਬੱਚੇ ਹਰ ਰੋਜ਼ ਕੋਈ ਨਵਾਂ ਸੁਆਦ ਚਾਹੁੰਦੇ ਹਨ। ਅਜਿਹੇ ’ਚ ਬੱਚਿਆਂ ਨੂੰ ਪੌਸ਼ਟਿਕ ਖਾਣਾ ਖੁਆਉਣ ਅਤੇ ਉਨ੍ਹਾਂ ਦੀ ਪਸੰਦ ਦਾ ਟਿਫ਼ਿਨ ਤਿਆਰ ਕਰਨ ਦੀ ਕਵਾਇਦ ਮਾਤਾ-ਪਿਤਾ ਲਈ ਕਿਸੇ ਫ਼ੁੱਲ ਟਾਈਮ ਨੌਕਰੀ ਤੋਂ ਘੱਟ ਨਹੀਂ ਰਹਿ ਗਈ। ਇੱਕ ਨਵੇਂ ਸਰਵੇਖਣ (ਸਰਵੇ) ਮੁਤਾਬਿਕ ਸਕੂਲ ਦੇ ਪੂਰੇ ਸੈਸ਼ਨ ਦੌਰਾਨ ਮਾਤਾ-ਪਿਤਾ ਸਾਲਾਨਾ ਔਸਤਨ 432 ਘੰਟੇ ਇਹ ਤੈਅ ਕਰਨ ’ਚ ਲਗਾ ਦਿੰਦੇ ਹਨ ਕਿ ਬੱਚਿਆਂ ਨੂੰ ਆਖਿਰ ਕੀ ਖੁਆਇਆ ਜਾਵੇ। 71 ਫ਼ੀਸਦੀ ਮਾਤਾ-ਪਿਤਾ ਨੇ ਬੱਚਿਆਂ ਦੇ ਖਾਣੇ ’ਚ ਨਖ਼ਰੇ ਦੀ ਗੱਲ ਮੰਨੀ ਜਦ ਕਿ 56 ਫ਼ੀਸਦੀ ਨੂੰ ਉਨ੍ਹਾਂ ਦੀ ਪਸੰਦ ਮੁਤਾਬਿਕ ਭੋਜਨ ’ਚ ਬਦਲਾਅ ਕਰਨਾ ਪੈਂਦਾ ਹੈ।

**20 ਹਜ਼ਾਰ ਪਰਿਵਾਰਾਂ ’ਤੇ ਹੋਇਆ ਸਰਵੇ**: ਅਮਰੀਕੀ ਕੰਪਨੀ ਟੌਕਰ ਰੀਸਰਚ ਵਲੋਂ ਕੀਤੇ ਗਏ ਇਸ ਸਰਵੇ ’ਚ 5 ਤੋਂ 17 ਸਾਲ ਦੀ ਉਮਰ ਵਾਲੇ ਲਗਭਗ 20 ਹਜ਼ਾਰ ਸਕੂਲੀ ਬੱਚਿਆਂ ਦੇ ਮਾਤਾ-ਪਿਤਾ ਤੋਂ ਸਵਾਲ ਪੁੱਛੇ ਗਏ। ਰਿਪੋਰਟ ਮੁਤਾਬਿਕ ਮਾਤਾ-ਪਿਤਾ ਹਰ ਹਫ਼ਤੇ ਔਸਤਨ 12 ਘੰਟੇ ਬੱਚਿਆਂ ਅਤੇ ਪਰਿਵਾਰ ਦੇ ਭੋਜਨ ਦੀ ਤਿਆਰੀ ’ਚ ਖ਼ਰਚ ਕਰਦੇ ਹਨ। ਇਨ੍ਹਾਂ ’ਚ ਲਗਭਗ ਤਿੰਨ ਘੰਟੇ ਭੋਜਨ ਦੀ ਯੋਜਨਾ ਬਣਾਉਣ, ਤਿੰਨ ਘੰਟੇ ਰਾਸ਼ਨ ਖ਼ਰੀਦਣ, ਚਾਰ ਘੰਟੇ ਸਕੂਲ ਦੇ ਦਿਨਾਂ ’ਚ ਖਾਣਾ ਪਕਾਉਣ ਅਤੇ ਦੋ ਘੰਟੇ ਬੱਚਿਆਂ ਲਈ ਲੰਚ ਪੈਕ ਕਰਨ ’ਚ ਚਲੇ ਜਾਂਦੇ ਹਨ।

**ਪਸੰਦ ਦਾ ਖਾਣਾ ਲੱਭਣਾ ਔਖਾ**: ਰਿਪੋਰਟ ਮੁਤਾਬਿਕ 58 ਫ਼ੀਸਦੀ ਮਾਤਾ-ਪਿਤਾ ਲਈ ਅਜਿਹਾ ਭੋਜਨ ਲੱਭਣਾ ਸਭ ਤੋਂ ਔਖਾ ਕੰਮ ਹੈ ਜਿਸ ਨੂੰ ਪੂਰਾ ਪਰਿਵਾਰ ਪਸੰਦ ਕਰੇ। ਇਸ ਤੋਂ ਇਲਾਵਾ 34 ਫ਼ੀਸਦੀ ਨੇ ਬੱਚਿਆਂ ਦੀ ਪਸੰਦ ਦਾ ਖਾਣਾ ਲੱਭਣਾ ਚੁਣੌਤੀਪੂਰਣ ਦੱਸਿਆ ਜਦ ਕਿ 31 ਫ਼ੀਸਦੀ ਲਈ ਰੋਜ਼ਾਨਾ ਲੰਚ ਨੂੰ ਨਵਾਂ ਅਤੇ ਦਿਲਚਸਪ ਬਣਾਏ ਰੱਖਣਾ ਮੁਸ਼ਕਿਲ ਹੈ।

**ਪੌਸ਼ਟਿਕ ਭੋਜਨ ’ਤੇ ਵੀ ਵਧਿਆ ਜ਼ੋਰ**: ਬੱਚਿਆਂ ਦੇ ਭੋਜਨ ਨੂੰ ਲੈ ਕੇ ਮਾਤਾ-ਪਿਤਾ ਦੀ ਚਿੰਤਾ ਸਿਰਫ਼ ਸੁਆਦ ਤਕ ਸੀਮਿਤ ਨਹੀਂ। ਸਰਵੇ ’ਚ ਇਹ ਵੀ ਸਾਹਮਣੇ ਆਇਆ ਕਿ ਉਹ ਖਾਣਾ ਤਿਆਰ ਕਰਦੇ ਸਮੇਂ ਉਸ ਦੇ ਪੌਸ਼ਟਿਕ ਤੱਤਾਂ ’ਤੇ ਪਹਿਲਾਂ ਨਾਲੋਂ ਜ਼ਿਆਦਾ ਧਿਆਨ ਦੇ ਰਹੇ ਹਨ। ਬੱਚਿਆਂ ਦੀ ਪਸੰਦ ਅਤੇ ਸਿਹਤ ਵਿਚਕਾਰ ਸੰਤੁਲਨ ਬਣਾਉਣ ’ਚ ਉਨ੍ਹਾਂ ਦਾ ਕਾਫ਼ੀ ਸਮਾਂ ਖ਼ਰਚ ਹੋ ਰਿਹਾ ਹੈ।

**ਸੈਂਡਵਿਚ ਨੇ ਸੰਭਾਲੀ ਪੇਰੈਂਟਸ ਦੀ ਮੁਸ਼ਕਿਲ**: ਸਰਵੇ ’ਚ ਸੈਂਡਵਿਚ ਨੂੰ ਮਾਤਾ-ਪਿਤਾ ਦਾ ਸਭ ਤੋਂ ਆਸਾਨ ਬਦਲ ਦੱਸਿਆ ਗਿਆ। ਲਗਭਗ 80 ਫ਼ੀਸਦੀ ਨੇ ਮੰਨਿਆ ਕਿ ਬੱਚੇ ਸੈਂਡਵਿਚ ਨੂੰ ਬਿਨਾਂ ਜ਼ਿਆਦਾ ਨਖ਼ਰੇ ਦੇ ਖਾ ਲੈਂਦੇ ਹਨ। ਲਗਭਗ 60 ਫ਼ੀਸਦੀ ਨੇ ਚੀਜ਼ (ਪਨੀਰ) ਅਤੇ 45 ਫ਼ੀਸਦੀ ਨੇ ਸਲਾਦ ਦੇ ਪੱਤਿਆਂ ਨੂੰ ਲੋਕਪ੍ਰਿਯ ਟੌਪਿੰਗ ਦੱਸਿਆ। ਭਾਰਤ ’ਚ ਪਰੌਂਠਾ, ਪੂੜੀ-ਸਬਜ਼ੀ, ਪਾਸਤਾ, ਪੋਹਾ ਅਤੇ ਇਡਲੀ ਵਰਗੇ ਘਰੇਲੂ ਬਦਲ ਹੁਣ ਵੀ ਟਿਫ਼ਿਨ ’ਚ ਮਾਤਾ-ਪਿਤਾ ਦੀ ਪਹਿਲੀ ਪਸੰਦ ਬਣੇ ਹੋਏ ਹਨ।

**ਭਾਰਤ ’ਚ ਰਸੋਈ ’ਚ ਜਾਂਦਾ ਹੈ ਸਭ ਤੋਂ ਜ਼ਿਆਦਾ ਸਮਾਂ**: ਟਾਈਮ ਯੂਜ਼ ਸਰਵੇ ਮੁਤਾਬਿਕ ਭਾਰਤੀ ਲੋਕ ਭੋਜਨ ਤਿਆਰ ਕਰਨ ’ਚ ਦੁਨੀਆਂ ਦੇ ਕਈ ਦੇਸ਼ਾਂ ਤੋਂ ਅੱਗੇ ਹਨ।

ਭਾਰਤ ’ਚ ਲੋਕ ਔਸਤਨ 13.2 ਘੰਟੇ ਪ੍ਰਤੀ ਹਫ਼ਤਾ ਭੋਜਨ ਪਕਾਉਣ ’ਚ ਖ਼ਰਚ ਕਰਦੇ ਹਨ। 22 ਵੱਡੇ ਦੇਸ਼ਾਂ ’ਚ ਇਹ ਸਭ ਤੋਂ ਵੱਧ ਹੈ ਅਤੇ ਗਲੋਬਲ ਔਸਤ 6.5 ਘੰਟੇ ਤੋਂ ਲਗਭਗ ਦੁੱਗਣਾ ਹੈ। ਪੇਂਡੂ ਅਤੇ ਅਰਧ-ਸ਼ਹਿਰੀ ਇਲਾਕਿਆਂ ’ਚ ਔਰਤਾਂ ਰੋਜ਼ਾਨਾ ਔਸਤਨ ਤਿੰਨ ਤੋਂ ਪੰਜ ਘੰਟੇ ਰਸੋਈ ਅਤੇ ਉਸ ਨਾਲ ਜੁੜੇ ਕੰਮਾਂ ’ਚ ਲਗਾਉਂਦੀਆਂ ਹਨ।

# ਮਾਲੇਰਕੋਟਲਾ ਦੇ ਅਗਾਂਹਵਧੂ ਕਿਸਾਨ ਹੁਸ਼ਿਆਰ ਸਿੰਘ ਰਾਣੂ ਦਾ ਆਧੁਨਿਕ ਤੇ ਟਿਕਾਊ ਖੇਤੀ ਲਈ ਰਾਜ ਪੱਧਰੀ ਸਮਾਗਮ ਦੌਰਾਨ ਸਨਮਾਨ



ਮਲੇਰਕੋਟਲਾ, 8 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਤੇ ਖੇਤੀਬਾੜੀ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਫੂਡ ਪ੍ਰੋਸੈਸਿੰਗ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੀ ਪ੍ਰਧਾਨਗੀ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵੱਲੋਂ ਆਤਮਾ ਸਕੀਮ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ (ਮਲੋਟ) ਵਿਖੇ ਰਾਜ ਪੱਧਰੀ ਕਿਸਾਨ ਮੇਲਾ ਕਰਵਾਇਆ ਗਿਆ। ਇਸ ਮੌਕੇ ਆਧੁਨਿਕ ਅਤੇ ਟਿਕਾਊ ਖੇਤੀ ਦੇ ਖੇਤਰ ਵਿੱਚ ਸ਼ਲਾਘਾਯੋਗ ਉਪਰਾਲੇ ਕਰਨ ਵਾਲੇ ਪੰਜਾਬ ਦੇ 23 ਅਗਾਂਹਵਧੂ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿੱਚ ਜ਼ਿਲ੍ਹਾ ਮਾਲੇਰਕੋਟਲਾ ਦੇ ਅਗਾਂਹਵਧੂ ਕਿਸਾਨ ਹੁਸ਼ਿਆਰ ਸਿੰਘ ਰਾਣੂ ਵੀ ਸ਼ਾਮਲ ਸਨ।

ਹੁਸ਼ਿਆਰ ਸਿੰਘ ਰਾਣੂ ਨੂੰ ਆਧੁਨਿਕ ਅਤੇ ਟਿਕਾਊ ਖੇਤੀ, ਫ਼ਸਲੀ ਵਿਭਿੰਨਤਾ ਅਤੇ ਪਰਾਲੀ ਪ੍ਰਬੰਧਨ ਦੇ ਖੇਤਰ ਵਿੱਚ ਕੀਤੇ ਜਾ ਰਹੇ ਸ਼ਲਾਘਾਯੋਗ ਉਪਰਾਲਿਆਂ ਲਈ ਯਾਦਗਾਰੀ ਚਿੰਨ੍ਹ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਕਣਕ ਦੀ ਨਵੀਂ ਕਿਸਮ ਪੀ.ਬੀ.ਡਬਲਿਊ.-887 ਦੀ ਬੀਜ ਕਿੱਟ ਦੇ ਕੇ ਸਨਮਾਨਿਤ ਕੀਤਾ ਗਿਆ ਤਾਂ ਜੋ ਕਿਸਾਨ ਇਸ ਕਿਸਮ ਦਾ ਹੋਰ ਬੀਜ ਤਿਆਰ ਕਰ ਸਕਣ।

ਵਿਧਾਇਕ ਅਮਰਗੜ੍ਹ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਹੁਸ਼ਿਆਰ ਸਿੰਘ ਰਾਣੂ ਨੂੰ ਇਸ ਮਾਣਮੱਤੀ ਪ੍ਰਾਪਤੀ ਲਈ ਵਧਾਈ ਦਿੰਦਿਆਂ ਕਿਹਾ ਕਿ ਤਜਰਬੇ, ਮਿਹਨਤ ਅਤੇ ਨਵੀਨ ਸੋਚ ਨਾਲ ਖੇਤੀ ਕਰਨ ਵਾਲੇ ਕਿਸਾਨ ਹੋਰਨਾਂ ਕਿਸਾਨਾਂ ਲਈ ਰਾਹ ਦਸੇਰਾ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਫ਼ਸਲੀ ਵਿਭਿੰਨਤਾ ਨੂੰ ਅਪਣਾਉਣਾ ਸਮੇਂ ਦੀ ਲੋੜ ਹੈ ਅਤੇ ਕਿਸਾਨ ਆਪਣੀ ਜ਼ਮੀਨ ਦੇ ਕੁਝ ਹਿੱਸੇ ਤੋਂ ਇਸ ਦੀ ਸ਼ੁਰੂਆਤ ਕਰਕੇ ਹੌਲੀ-ਹੌਲੀ ਖੇਤਰਫਲ ਵਧਾ ਸਕਦੇ ਹਨ, ਜਿਸ ਨਾਲ ਖੇਤੀ ਨੂੰ ਹੋਰ ਲਾਹੇਵੰਦ ਅਤੇ ਟਿਕਾਊ ਬਣਾਇਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਫ਼ਸਲੀ ਵਿਭਿੰਨਤਾ ਨਾਲ ਖੇਤੀ ਰਹਿੰਦ-ਖੂੰਹਦ ਦਾ ਖੇਤ ਵਿੱਚ ਹੀ ਸੁਚੱਜਾ ਪ੍ਰਬੰਧਨ ਸੰਭਵ ਹੁੰਦਾ ਹੈ, ਜਿਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਬਰਕਰਾਰ ਰਹਿੰਦੀ ਹੈ।

ਇਸ ਦੇ ਉਲਟ ਪਰਾਲੀ ਅਤੇ ਹੋਰ ਰਹਿੰਦ-ਖੂੰਹਦ ਸਾੜਨ ਨਾਲ ਵਾਤਾਵਰਣ ਪ੍ਰਦੂਸ਼ਣ ਵਧਣ ਦੇ ਨਾਲ-ਨਾਲ ਮਿੱਟੀ ਦੇ ਕੀਮਤੀ ਪੋਸ਼ਕ ਤੱਤਾਂ ਨੂੰ ਵੀ ਨੁਕਸਾਨ ਪਹੁੰਚਦਾ ਹੈ।

ਵਿਧਾਇਕ ਨੇ ਕਿਹਾ ਕਿ ਹਰ ਵਿਅਕਤੀ ਪੌਸ਼ਟਿਕ ਤੱਤਾਂ ਨਾਲ ਭਰਪੂਰ ਅਤੇ ਸ਼ੁੱਧ ਖੁਰਾਕ ਦਾ ਹੱਕਦਾਰ ਹੈ। ਇਸ ਲਈ ਜੈਵਿਕ ਅਤੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਟਿਕਾਊ ਖੇਤੀ ਤਰੀਕੇ ਅਪਣਾ ਕੇ ਪੰਜਾਬ ਦੀ ਧਰਤੀ, ਪਾਣੀ ਅਤੇ ਵਾਤਾਵਰਣ ਦੀ ਸੰਭਾਲ ਵਿੱਚ ਆਪਣਾ ਯੋਗਦਾਨ ਪਾਉਣ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਿਹਤਮੰਦ ਅਤੇ ਖੁਸ਼ਹਾਲ ਪੰਜਾਬ ਦਿੱਤਾ ਜਾ ਸਕੇ।

ਇਸ ਮੌਕੇ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਪਿੰਡ ਰਾਣਵਾਂ ਦੇ ਵਸਨੀਕਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਪਿੰਡ ਵਿੱਚ ਨਹਿਰੀ ਪਾਣੀ ਦੀ ਸੁਵਿਧਾ ਮੁਹੱਈਆ ਕਰਵਾਉਣ ਲਈ ਉਪਰਾਲੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਦੀ ਸਹੂਲਤ ਮਿਲਣ ਨਾਲ ਕਿਸਾਨਾਂ ਨੂੰ ਸਿੰਚਾਈ ਸਬੰਧੀ ਰਾਹਤ ਮਿਲੇਗੀ ਅਤੇ ਖੇਤੀ ਨੂੰ ਹੋਰ ਲਾਹੇਵੰਦ ਬਣਾਉਣ ਵਿੱਚ ਮਦਦ ਮਿਲੇਗੀ।

# ਸ੍ਰੀ ਹਰਕਮਲਪ੍ਰੀਤ ਸਿੰਘ ਖੱਖ ਨੇ ਐਸ.ਐਸ.ਪੀ. ਮਾਲੇਰਕੋਟਲਾ ਦਾ ਅਹੁਦਾ ਸੰਭਾਲਿਆ




ਮਲੇਰਕੋਟਲਾ, 8 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ, ਗ੍ਰਹਿ ਵਿਭਾਗ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦਿਆਂ ਸ੍ਰੀ ਹਰਕਮਲਪ੍ਰੀਤ ਸਿੰਘ ਖੱਖ, ਪੀ.ਪੀ.ਐਸ. ਨੇ ਅੱਜ ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ.), ਮਾਲੇਰਕੋਟਲਾ ਦਾ ਅਹੁਦਾ ਸੰਭਾਲ ਲਿਆ ਹੈ। ਇਸ ਤੈਨਾਤੀ ਤੋਂ ਪਹਿਲਾਂ ਐਸ.ਐਸ.ਪੀ. ਖੱਖ ਵਧੀਕ ਇੰਸਪੈਕਟਰ ਜਨਰਲ (ਐ.ਆਈ.ਜੀ.), ਐਨ.ਆਰ.ਆਈ. ਵਿੰਗ, ਜਲੰਧਰ ਵਜੋਂ ਸੇਵਾ ਨਿਭਾ ਰਹੇ ਸਨ ਅਤੇ ਇਸ ਦੇ ਨਾਲ ਹੀ ਕਮਾਂਡੈਂਟ, ਆਈ.ਆਰ.ਟੀ.ਸੀ., ਕਪੂਰਥਲਾ ਅਤੇ ਕਮਾਂਡੈਂਟ, 7ਵੀਂ ਬਟਾਲੀਅਨ ਪੰਜਾਬ ਆਰਮਡ ਪੁਲਿਸ (ਪੀ.ਏ.ਪੀ.), ਜਲੰਧਰ ਦਾ ਵਧੀਕ ਚਾਰਜ ਵੀ ਸੰਭਾਲ ਰਹੇ ਸਨ। ਐਸ.ਐਸ.ਪੀ. ਦਫ਼ਤਰ ਪਹੁੰਚਣ ਤੇ ਮਾਲੇਰਕੋਟਲਾ ਪੁਲਿਸ ਵੱਲੋਂ ਸ੍ਰੀ ਖੱਖ ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ। ਇਸ ਮੌਕੇ ਸਮੂਹ ਐਸ.ਪੀ., ਡੀ.ਐਸ.ਪੀ. ਅਤੇ ਐਸ.ਐਚ.ਓ. ਸਮੇਤ ਵੱਡੀ ਗਿਣਤੀ ਵਿੱਚ ਪੁਲਿਸ ਅਧਿਕਾਰੀ ਉਨ੍ਹਾਂ ਦਾ ਸੁਆਗਤ ਕਰਨ ਲਈ ਹਾਜ਼ਰ ਸਨ।

ਰਸਮੀ ਸੁਆਗਤ ਤੋਂ ਬਾਅਦ ਐਸ.ਐਸ.ਪੀ. ਖੱਖ ਨੇ ਜ਼ਿਲ੍ਹੇ ਦੀ ਸਮੁੱਚੀ ਕਾਨੂੰਨ ਵਿਵਸਥਾ ਅਤੇ ਅਪਰਾਧ ਸਥਿਤੀ ਦਾ ਜਾਇਜ਼ਾ ਲਿਆ ਅਤੇ ਵੱਖ-ਵੱਖ ਪੁਲਿਸ ਅਧਿਕਾਰੀਆਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਪ੍ਰੋਫ਼ੈਸ਼ਨਲ ਬਣਾਈ ਰੱਖਣ, ਸ਼ਿਕਾਇਤਾਂ ’ਤੇ ਤੇਜ਼ੀ ਨਾਲ ਕਾਰਵਾਈ ਕਰਨ ਅਤੇ ਕਮਿਊਨਿਟੀ ਪੁਲਿਸਿੰਗ ਨੂੰ ਹੋਰ ਮਜ਼ਬੂਤ ਕਰਨ ਦੇ ਨਿਰਦੇਸ਼ ਦਿੱਤੇ। ਪੁਲਿਸ ਫੋਰਸ ਨੂੰ ਸੰਬੋਧਨ ਕਰਦਿਆਂ ਐਸ.ਐਸ.ਪੀ. ਹਰਕਮਲਪ੍ਰੀਤ ਸਿੰਘ ਖੱਖ ਨੇ ਹਰ ਤਰ੍ਹਾਂ ਦੇ ਅਪਰਾਧ ਵਿਰੁੱਧ ਜ਼ੀਰੋ-ਟੋਲਰੈਂਸ ਨੀਤੀ ਅਪਣਾਉਣ ਦਾ ਐਲਾਨ ਕੀਤਾ।

ਉਨ੍ਹਾਂ ਨੇ ਫ਼ੀਲਡ ਯੂਨਿਟਾਂ ਨੂੰ ਜ਼ਿਲ੍ਹੇ ਵਿੱਚ ਸਰਗਰਮ ਨਸ਼ਾ ਤਸਕਰਾਂ, ਗੈਂਗਸਟਰਾਂ, ਜਾਇਦਾਦ ਅਪਰਾਧੀਆਂ ਅਤੇ ਹੋਰ ਅਪਰਾਧਕ ਤੱਤਾਂ ਵਿਰੁੱਧ ਕਾਰਵਾਈਆਂ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਐਸ.ਐਸ.ਪੀ. ਨੇ ਕਿਹਾ ਕਿ ਮਾਲੇਰਕੋਟਲਾ ਜ਼ਿਲ੍ਹਾ ਅਪਰਾਧੀਆਂ ਲਈ ਸੁਰੱਖਿਅਤ ਪਨਾਹਗਾਹ ਨਹੀਂ ਹੋਵੇਗਾ ਅਤੇ ਚਾਹੇ ਅਪਰਾਧ ਨਸ਼ੇ, ਡਾਕੇਤੀ, ਚੋਰੀ, ਜਬਰੀ ਵਸੂਲੀ ਜਾਂ ਔਰਤਾਂ ਅਤੇ ਬੱਚਿਆਂ ਵਿਰੁੱਧ ਹੀ ਕਿਉਂ ਨਾ ਹੋਣ, ਹਰ ਮਾਮਲੇ ’ਤੇ ਸਖ਼ਤ ਅਤੇ ਤੇਜ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਅਪਰਾਧੀ ਕਿੰਨਾ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਵੇ, ਉਸ ਵਿਰੁੱਧ ਬਣਤੀ ਕਾਰਵਾਈ ਜ਼ਰੂਰ ਕੀਤੀ ਜਾਵੇਗੀ ਅਤੇ ਇਹ ਕਾਰਵਾਈ ਨਿਰਪੱਖ ਅਤੇ ਸਬੂਤਾਂ ਦੇ ਆਧਾਰ ’ਤੇ ਹੋਵੇਗੀ। ਉਨ੍ਹਾਂ ਨੇ ਜਾਂਚ ਦੀ ਗੁਣਵੱਤਾ ਵਿੱਚ ਸੁਧਾਰ ਕਰਨ, ਅਦਾਲਤ ਵਿੱਚ ਸਮੇਂ ਸਿਰ ਚਲਾਨ ਦਾਖ਼ਲ ਕਰਨ ਅਤੇ ਪੀੜਤਾਂ ਨੂੰ ਲੋੜੀਂਦੀ ਸਹਾਇਤਾ ਮੁਹੱਈਆ ਕਰਾਉਣ ਦੇ ਨਿਰਦੇਸ਼ ਵੀ ਦਿੱਤੇ। ਇਸ ਤੋਂ ਇਲਾਵਾ ਤਿਉਹਾਰਾਂ, ਕਿਤਰਾਂ ਅਤੇ ਸੰਵੇਦਨਸ਼ੀਲ ਮੌਕਿਆਂ ਦੌਰਾਨ ਸ਼ਾਂਤੀ ਯਕੀਨੀ ਬਣਾਉਣ, ਤਲਾਸ਼ੀ, ਡਾਕੇਤੀ ਅਤੇ ਜਬਰੀ ਵਸੂਲੀ ਵਰਗੇ ਗੰਭੀਰ ਅਪਰਾਧਾਂ ਵਿੱਚ ਤੇਜ਼ ਜਾਂਚ ਅਤੇ ਮੁਕੱਦਮੇ ਚਲਾਉਣ ਅਤੇ ਨਸ਼ੀਲੀ ਦਵਾਈਆਂ ਦੇ ਤਸਕਰਾਂ ਵਿਰੁੱਧ ਤੇਜ਼ ਮੁਹਿੰਮ ਚਲਾਉਣ ਨੂੰ ਮੁੱਖ ਪ੍ਰਾਥਮਿਕਤਾਵਾਂ ਵਿੱਚ ਸ਼ਾਮਲ ਕੀਤਾ ਗਿਆ। ਐਸ.ਐਸ.ਪੀ. ਖੱਖ ਨੇ ਮਾਲੇਰਕੋਟਲਾ ਦੇ ਵਸਨੀਕਾਂ, ਸਰਪੰਚਾਂ ਅਤੇ ਕਮਿਊਨਿਟੀ ਆਗੂਆਂ ਨਾਲ ਲਗਾਤਾਰ ਰਾਬਤਾ ਅਤੇ ਸੰਵਾਦ ਰਾਹੀਂ ਕਮਿਊਨਿਟੀ ਪੁਲਿਸਿੰਗ ਨੂੰ ਮਜ਼ਬੂਤ ਕਰਨ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਔਰਤਾਂ ਅਤੇ ਬੱਚਿਆਂ ਵਿਰੁੱਧ ਅਪਰਾਧਾਂ ਦੀ ਰੋਕਥਾਮ, ਚੋਰੀਆਂ ਨੂੰ ਰੋਕਣ ਲਈ ਗਸ਼ਤ, ਰਾਤ ਦੇ ਨਾਕਿਆਂ ਅਤੇ ਨਿਗਰਾਨੀ ਨੂੰ ਮਜ਼ਬੂਤ ਕਰਨ ਅਤੇ ਸੜਕ ਸੁਰੱਖਿਆ ਵਿੱਚ ਸੁਧਾਰ ਕਰਕੇ ਹਾਦਸਿਆਂ ਨੂੰ ਘਟਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪੁਲਿਸਿੰਗ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਸੀ.ਸੀ.ਟੀ.ਵੀ. ਕੈਮਰਿਆਂ, ਡਿਜ਼ਿਟਲ ਸਾਧਨਾਂ ਅਤੇ ਡਾਟਾ ਵਿਸ਼ਲੇਸ਼ਣ ਦੀ ਵਰਤੋਂ ’ਤੇ ਵੀ ਜ਼ੋਰ ਦਿੱਤਾ। ਐਸ.ਐਸ.ਪੀ. ਖੱਖ ਨੇ ਮਾਲੇਰਕੋਟਲਾ ਦੇ ਵਸਨੀਕਾਂ ਨੂੰ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਪੁਲਿਸ ਨਾਲ ਸਹਿਯੋਗ ਕਰਨ ਅਤੇ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਦੀ ਬਿਨਾ ਕਿਸੇ ਝਿਜਕ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਨੇ ਕਿਹਾ ਕਿ ਪੁਲਿਸ ਅਤੇ ਜਨਤਾ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਮਾਲੇਰਕੋਟਲਾ ਨੂੰ ਸੁਰੱਖਿਅਤ ਜ਼ਿਲ੍ਹਾ ਬਣਾਉਣ ਲਈ ਨਾਗਰਿਕਾਂ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਫ਼ੋਨ, ਈ-ਮੇਲ ਜਾਂ ਵਿਅਕਤਿਗਤ ਤੌਰ ’ਤੇ ਪ੍ਰਾਪਤ ਹਰ ਸ਼ਿਕਾਇਤ ਨੂੰ ਸੰਭਾਲਿਆ ਜਾਵੇਗਾ ਅਤੇ ਤੰਦਰੁਸਤ ਕਾਰਵਾਈ ਕੀਤੀ ਜਾਵੇਗੀ।

# ਭ੍ਰਿਸ਼ਟਾਚਾਰ ਵਿਰੋਧੀ ਫਰੰਟ ਮਾਛੀਵਾੜਾ ਦੀ ਹੋਈ ਮਾਸਿਕ ਇਕੱਤਰਤਾ



ਮਾਛੀਵਾੜਾ ਸਾਹਿਬ, 8 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭ੍ਰਿਸ਼ਟਾਚਾਰ ਵਿਰੋਧੀ ਫਰੰਟ ਮਾਛੀਵਾੜਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵੱਖ-ਵੱਖ ਮਤਿਆਂ ’ਤੇ ਵਿਚਾਰ ਵਟਾਂਦਰਾ ਕੀਤਾ ਗਿਆ।

ਪ੍ਰੈੱਸ ਸਕੱਤਰ ਸੁਭਾਸ਼ ਚੰਦਰ ਨਾਗਪਾਲ ਨੇ ਦੱਸਿਆ ਕਿ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਕਈ ਸਾਲਾਂ ਤੋਂ ਮਾਛੀਵਾੜਾ ਸ਼ਹਿਰ ਵਿਚ ਆਮ ਜਨਤਾ ਦੀ ਆਵਾਜਾਈ ਦੀ ਸਮੱਸਿਆ ਨੂੰ ਧਿਆਨ ਵਿਚ ਰੱਖ ਕੇ ਦੁਕਾਨਦਾਰਾਂ ਵਲੋਂ ਕੀਤੇ ਨਾਜਾਇਜ ਕਬਜੇ ਹਟਾਉਣ ਲਈ ਨਗਰ ਕੌਂਸਲ ਮਾਛੀਵਾੜਾ ਤੋਂ ਮੰਗ ਕਰਦਾ ਆ ਰਿਹਾ ਹੈ ਪਰ ਕੋਈ ਢੁੱਕਵੀਂ ਕਾਰਵਾਈ ਨਹੀਂ ਕੀਤੀ ਗਈ, ਸਗੋਂ ਲੋਕ ਦਿਖਾਵਾ ਕਰਕੇ ਡੰਗ ਟਪਾਇਆ ਜਾ ਰਿਹਾ ਹੈ।

ਫਰੰਟ ਨਗਰ ਕੌਂਸਲ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਇਸ ਸਮੱਸਿਆ ਦਾ ਠੋਸ ਅਤੇ ਢੁੱਕਵਾਂ ਹੱਲ ਕੀਤਾ ਜਾਵੇ ਅਤੇ ਪੀਲੀ ਪੱਟੀ ਤੋਂ ਟੱਪ ਕੇ ਬਣੇ ਹੋਏ ਥੜੇ ਪੁੱਟਣ ਦੀ ਕਾਰਵਾਈ ਕੀਤੀ ਜਾਵੇ। ਦੂਜੇ ਮਤੇ ਦੌਰਾਨ ਫਰੰਟ ਦੇ ਧਿਆਨ ਵਿਚ ਆਇਆ ਹੈ ਕਿ ਮਾਛੀਵਾੜਾ ਦੇ ਬਜ਼ਾਰ ’ਚ ਗੈਰ ਮਿਆਰੀ ਖਾਦ ਪਦਾਰਥ ਵੇਚੇ ਜਾ ਰਹੇ ਹਨ ਜਿਸ ਨਾਲ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।

ਫਰੰਟ ਸਿਹਤ ਵਿਭਾਗ ਤੋਂ ਮੰਗ ਕਰਦਾ ਹੈ ਕਿ ਸਮੇਂ ਸਮੇਂ ’ਤੇ ਅਜਿਹੇ ਵਿਕਣ ਵਾਲੇ ਪਦਾਰਥਾਂ ਦੀ ਜਾਂਚ ਕਰਕੇ ਢੁੱਕਵੀਂ ਕਾਰਵਾਈ ਕੀਤੀ ਜਾਵੇ। ਤੀਜੇ ਮਤੇ ਦੌਰਾਨ ਨੂਰਪੁਰ ਰੋਡ ’ਤੇ ਬਲੀਬੇਗ ਤੋਂ ਸ਼ੁਰੂ ਹੋ ਕੇ ਬੁੱਢੇ ਨਾਲੇ ਵਿਚ ਜੋ ਚੋਅ ਸਮਾਉਂਦਾ ਹੈ ਉਸ ਉੱਪਰ ਅੰਗਰੇਜਾਂ ਸਮੇਂ ਦੀ ਪੁਲੀ ਬਹੁਤ ਤੰਗ ਹੈ ਜਿਸ ਦੀ ਰੇਲਿੰਗ ਵੀ ਨਾਮਾਤਰ ਹੀ ਹੈ ਜਿਸ ਕਾਰਨ ਹਾਦਸੇ ਵਾਪਰਨ ਦਾ ਖਤਰਾ ਬਣਿਆ ਹੋਇਆ ਹੈ।

ਫਰੰਟ ਵਲੋਂ ਸਰਕਾਰ ਤੇ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਇਸ ਪੁਲੀ ਨਾਲ ਨਵਾਂ ਅਤੇ ਚੌੜਾ ਪੁਲ ਬਣਾਇਆ ਜਾਵੇ। ਇਸ ਮੌਕੇ ਮਾਸਟਰ ਬਖ਼ਸੀ ਰਾਮ, ਕੇਵਲ ਸਿੰਘ ਹੈਡੋਂ, ਸੁਖਵਿੰਦਰ ਸਿੰਘ, ਜਗੀਰ ਸਿੰਘ ਹਸਨਪੁਰ, ਜਸਪ੍ਰੀਤ ਸਿੰਘ ਜੱਸਾ, ਕਮਲਜੀਤ ਸਿੰਘ ਸਰਪੰਚ, ਹਰਮਿੰਦਰ ਸਿੰਘ ਗਿੱਲ, ਬਹਾਦਰ ਸਿੰਘ ਔਜਲਾ, ਸੁਰਿੰਦਰਪਾਲ ਸਿੰਘ ਗਿੱਲ, ਜਗਮੋਹਣ ਸਿੰਘ ਰਹੀਮਾਬਾਦ ਵੀ ਮੌਜੂਦ ਸਨ।

# ਸਚਿਨ ਪਾਇਲਟ ਦੀ ਨਿਯੁਕਤੀ ਨਾਲ ਪੰਜਾਬ ਕਾਂਗਰਸ ’ਚ ਨਵੀਂ ਰਫ਼ਤਾਰ ਦੀ ਉਮੀਦ: ਆਗੂ


**ਚੰਡੀਗੜ੍ਹ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਚਿਨ ਪਾਇਲਟ ਨੂੰ ਪੰਜਾਬ ਕਾਂਗਰਸ ਦਾ ਇੰਚਾਰਜ ਨਿਯੁਕਤ ਕੀਤੇ ਜਾਣ ਨਾਲ ਪਾਰਟੀ ਕਾਡਰ ਵਿੱਚ ਨਵਾਂ ਉਤਸ਼ਾਹ ਅਤੇ ਜੋਸ਼ ਭਰਨ ਦੀ ਉਮੀਦ ਹੈ ਅਤੇ ਇਸ ਨਾਲ ਧੜੇਬੰਦੀ ਦਾ ਸ਼ਿਕਾਰ ਹੋਈ ਸੂਬਾ ਇਕਾਈ ਨੂੰ ਇਕਜੁੱਟ ਕਰਨ ਵਿੱਚ ਮਦਦ ਮਿਲੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸੋਮਵਾਰ ਨੂੰ ਪਾਰਟੀ ਵਰਕਰਾਂ ਅਤੇ ਆਗੂਆਂ ਨੇ ਕੀਤਾ।

ਪਾਰਟੀ ਆਗੂਆਂ ਦਾ ਮੰਨਣਾ ਹੈ ਕਿ ਪਾਇਲਟ ਨੂੰ ਪਾਰਟੀ ਨੇਤਾ ਰਾਹੁਲ ਗਾਂਧੀ ਦਾ ਕਰੀਬੀ ਮੰਨਿਆ ਜਾਂਦਾ ਹੈ, ਇਸ ਲਈ ਉਨ੍ਹਾਂ ਦੀ ਨਿਯੁਕਤੀ ਕਾਂਗਰਸ ਦੀ ਚੋਣ ਮੁਹਿੰਮ ਨੂੰ ਨਵੀਂ ਰਫ਼ਤਾਰ ਵੀ ਪ੍ਰਦਾਨ ਕਰੇਗੀ। ਪਾਰਟੀ ਦੀ ਨਜ਼ਰ ਅਗਲੇ ਸਾਲ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ’ਤੇ ਹੈ।

ਕਾਂਗਰਸ ਨੇ ਸ਼ਨਿੱਚਰਵਾਰ ਨੂੰ ਇੱਕ ਵੱਡਾ ਸੰਗਠਨਾਤਮਕ ਫੇਰਬਦਲ ਕਰਦਿਆਂ ਸਚਿਨ ਪਾਇਲਟ ਨੂੰ ਪੰਜਾਬ ਦਾ ਜਨਰਲ ਸਕੱਤਰ ਇੰਚਾਰਜ ਨਿਯੁਕਤ ਕੀਤਾ ਹੈ ਅਤੇ ਭੂਪੇਸ਼ ਬਘੇਲ ਦੀ ਜਗ੍ਹਾ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ।

ਪਾਇਲਟ ਹੁਣ ਤੱਕ ਛੱਤੀਸਗੜ੍ਹ ਦੇ ਇੰਚਾਰਜ ਸਨ, ਜਿੱਥੋਂ ਭੂਪੇਸ਼ ਬਘੇਲ ਇੱਕ ਪ੍ਰਮੁੱਖ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਹਨ। ਪਾਇਲਟ ਲਈ ਤੁਰੰਤ ਚੁਣੌਤੀ ਪੰਜਾਬ ਕਾਂਗਰਸ ਵਿੱਚ ਸਭ ਕੁੱਝ ਠੀਕ ਕਰਨਾ ਹੋਵੇਗਾ, ਜੋ ਪਿਛਲੇ ਕਈ ਹਫ਼ਤਿਆਂ ਤੋਂ ਧੜੇਬੰਦੀ ਅਤੇ ਅੰਦਰੂਨੀ ਕਲੇਸ਼ ਨਾਲ ਜੂਝ ਰਹੀ ਹੈ।



ਇਹ ਆਪਸੀ ਕਲੇਸ਼ 1 ਜੁਲਾਈ ਨੂੰ ਕਾਂਗਰਸ ਹਾਈਕਮਾਂਡ ਵੱਲੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸੂਬਾ ਇਕਾਈ ਦੇ ਮੁਖੀ ਵਜੋਂ ਬਰਕਰਾਰ ਰੱਖਣ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਪਾਰਟੀ ਦੀ ਚੋਣ ਪ੍ਰਚਾਰ ਕਮੇਟੀ ਦਾ ਚੇਅਰਮੈਨ ਨਿਯੁਕਤ ਕਰਨ ਦੇ ਫ਼ੈਸਲੇ ਤੋਂ ਬਾਅਦ ਸ਼ੁਰੂ ਹੋਇਆ ਸੀ।

ਚੰਨੀ ਦੀ ਅਗਵਾਈ ਹੇਠਲੇ ਕੁਝ ਆਗੂਆਂ ਨੇ ਪੰਜਾਬ ਕਾਂਗਰਸ ਪ੍ਰਧਾਨ ਵਜੋਂ ਵੜਿੰਗ ਨੂੰ ਬਣਾਏ ਰੱਖਣ ਦੇ ਕਦਮ ਦਾ ਵਿਰੋਧ ਕੀਤਾ ਅਤੇ ਉਨ੍ਹਾਂ ਨੂੰ ਇਸ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ। ਚੰਨੀ ਦੇ ਸਮਰਥਕਾਂ ਨੇ ਖੁੱਲ੍ਹ ਕੇ ਪੰਜਾਬ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਵੜਿੰਗ ਨੂੰ ਹਟਾਉਣ ਅਤੇ ਜਲੰਧਰ ਦੇ ਸੰਸਦ ਮੈਂਬਰ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਦਾ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਐਲਾਨਣ ਦੀ ਮੰਗ ਕੀਤੀ।

ਬਘੇਲ ਦੇ ਹਾਲ ਹੀ ਦੇ ਪੰਜਾਬ ਦੌਰੇ ਧੜੇਬੰਦੀ ਨੂੰ ਖ਼ਤਮ ਕਰਨ ਵਿੱਚ ਅਸਫ਼ਲ ਰਹੇ, ਜਦੋਂ ਕਿ ਚੰਨੀ ਦੇ ਸਮਰਥਕਾਂ ਨੇ ਉਨ੍ਹਾਂ ’ਤੇ ਵੜਿੰਗ ਦਾ ਪੱਖ ਲੈਣ ਦਾ ਦੋਸ਼ ਵੀ ਲਾਇਆ ਸੀ। ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਰਾਜ ਕੁਮਾਰ ਵੇਰਕਾ ਨੇ ਪਾਰਟੀ ਹਾਈਕਮਾਂਡ ਦੇ ਪਾਇਲਟ ਨੂੰ ਸੂਬੇ ਦੇ ਜਨਰਲ ਸਕੱਤਰ ਇੰਚਾਰਜ ਦੀ ਜ਼ਿੰਮੇਵਾਰੀ ਸੌਂਪਣ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਉਮੀਦ ਪ੍ਰਗਟਾਈ ਕਿ ਹੁਣ ਸਾਰੇ ਆਗੂ ਇਕੱਠੇ ਹੋ ਜਾਣਗੇ।

ਵੇਰਕਾ ਨੇ ਕਿਹਾ, ਪੰਜਾਬ ਦੇ ਸਾਰੇ ਆਗੂ ਪਾਇਲਟ ਨੂੰ ਜਾਣਦੇ ਹਨ ਅਤੇ ਉਨ੍ਹਾਂ ਨੂੰ ਉਨ੍ਹਾਂ ਵਿੱਚ ਵਿਸ਼ਵਾਸ ਵੀ ਹੈ। ਉਨ੍ਹਾਂ ਕਿਹਾ ਕਿ ਪਾਇਲਟ ਦੀ ਨਿਯੁਕਤੀ ਨਾਲ ਪਾਰਟੀ ਦੀ ਸੂਬਾ ਇਕਾਈ ਇੱਕੋ ਪਲੇਟਫਾਰਮ ’ਤੇ ਆ ਜਾਵੇਗੀ। ਉਨ੍ਹਾਂ ਕਿਹਾ, ਸਾਰੇ (ਆਗੂ) ਇੱਕਜੁਟ ਹੋ ਜਾਣਗੇ।

ਪਾਰਟੀ ਦੇ ਇੱਕ ਹੋਰ ਆਗੂ ਨੇ ਪਾਇਲਟ ਦੀ ਨਿਯੁਕਤੀ ’ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਸੂਬੇ ਦੀ ਲੀਡਰਸ਼ਿਪ ਨਾਲ ਜੁੜੇ ਮੁੱਦਿਆਂ ਨੂੰ ਹੱਲ ਕਰਨ ਵੱਲ ਪਾਰਟੀ ਹਾਈਕਮਾਂਡ ਦਾ ਕਦਮ ਜਾਪਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਕਾਡਰ ਵਿੱਚ ਵੀ ਉਤਸ਼ਾਹ ਪੈਦਾ ਹੋਵੇਗਾ।

ਪਾਰਟੀ ਦੇ ਕਈ ਸੂਬਾ ਆਗੂਆਂ ਨੇ ਪਾਇਲਟ ਦੀ ਨਿਯੁਕਤੀ ਦਾ ਸਵਾਗਤ ਕੀਤਾ। ਉੱਥੇ ਹੀ ਵੜਿੰਗ ਨੇ ਕਿਹਾ ਕਿ ਪਾਇਲਟ ਦੀ ਊਰਜਾ ਅਤੇ ਗਤੀਸ਼ੀਲਤਾ ਯਕੀਨੀ ਤੌਰ ’ਤੇ ਅਹਿਮ ਚੋਣਾਂ ਤੋਂ ਪਹਿਲਾਂ ਪਾਰਟੀ ਦੇ ਜੋਸ਼ ਵਿੱਚ ਵਾਧਾ ਕਰੇਗੀ, ਜਦੋਂ ਕਿ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਪਾਇਲਟ ਦਾ ਤਜ਼ਰਬਾ, ਅਗਵਾਈ ਅਤੇ ਲੋਕਾਂ ਨਾਲ ਜੁੜਾਅ ਪੰਜਾਬ ਵਿੱਚ ਕਾਂਗਰਸ ਨੂੰ ਨਵੀਂ ਤਾਕਤ ਅਤੇ ਰਫ਼ਤਾਰ ਦੇਵੇਗਾ।

ਚੰਡੀਗੜ੍ਹ ਵਿੱਚ ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫ਼ੈਸਰ ਆਸ਼ੂਤੋਸ਼ ਕੁਮਾਰ ਨੇ ਕਿਹਾ ਕਿ ਪਾਇਲਟ ਨੂੰ ਪੰਜਾਬ ਦਾ ਇੰਚਾਰਜ ਨਿਯੁਕਤ ਕਰਨਾ ਇੱਕ ਸਹੀ ਫ਼ੈਸਲਾ ਹੈ। ਉਨ੍ਹਾਂ ਕਿਹਾ, ਪਾਇਲਟ ਨੂੰ ਪਾਰਟੀ ਦੀ ਹਾਈ ਕਮਾਂਡ ਦਾ ਪੂਰਾ ਵਿਸ਼ਵਾਸ ਹਾਸਲ ਹੈ। ਉਹ ਚੋਣ ਮੁਹਿੰਮ ਵਿੱਚ ਵੀ ਮੁੱਖ ਭੂਮਿਕਾ ਨਿਭਾਉਣਗੇ।

# ਅੰਮ੍ਰਿਤਸਰ ਵਿੱਚ ਸਰਹੱਦ ਪਾਰੋਂ ਤਸਕਰੀ ਵਾਲੇ ਮਾਡਿਊਲ ਨਾਲ ਸਬੰਧਤ ਦੋ ਮੁਲਜ਼ਮ 15 ਪਿਸਤੌਲਾਂ ਅਤੇ 5 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ

**➢ ਗ੍ਰਿਫ਼ਤਾਰ ਮੁਲਜ਼ਮ ਵਿਦੇਸ਼ ਅਧਾਰਤ ਹੈਂਡਲਰਾਂ ਦੇ ਸੰਪਰਕ ਵਿੱਚ ਸਨ: ਡੀਜੀਪੀ ਗੌਰਵ ਯਾਦਵ ➢ ਮੁਲਜ਼ਮ ਇਲਾਕੇ ਵਿੱਚ ਹਥਿਆਰਾਂ ਅਤੇ ਨਸ਼ਿਆਂ ਦੀ ਸਪਲਾਈ ਕਰਨ ਵਿੱਚ ਸ਼ਾਮਲ ਸਨ: ਆਈਜੀਪੀ ਬਾਰਡਰ ਰੇਂਜ ਗੁਰਪ੍ਰੀਤ ਭੁੱਲਰ**

**ਅੰਮ੍ਰਿਤਸਰ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚਲਾਈ ਜਾਰੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਅਤੇ ਨਾਜਾਇਜ਼ ਹਥਿਆਰਾਂ ਦੀ ਤਸਕਰੀ ਵਾਲੇ ਮਾਡਿਊਲ ਦਾ ਪਰਦਾਫਾਸ਼ ਕਰਕੇ ਦੋ ਵਿਅਕਤੀਆਂ ਨੂੰ 15 ਪਿਸਤੌਲਾਂ ਅਤੇ 5 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਦੀਪਕ ਸਿੰਘ, ਵਾਸੀ ਰੋੜਾਂਵਾਲਾ ਖੁਰਦ ਅਤੇ ਸ਼ੁਭਪ੍ਰੀਤ ਸਿੰਘ ਉਰਫ਼ ਸ਼ੁਭ, ਵਾਸੀ ਵੇਰਕਾ-ਮਜੀਠਾ ਬਾਈਪਾਸ, ਅੰਮ੍ਰਿਤਸਰ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਕਤ ਮੁਲਜ਼ਮ ਕਥਿਤ ਤੌਰ ’ਤੇ ਵਿਦੇਸ਼ ਅਧਾਰਤ ਹੈਂਡਲਰਾਂ ਦੇ ਸੰਪਰਕ ਵਿੱਚ ਸਨ ਅਤੇ ਆਪਣੇ ਹੈਂਡਲਰਾਂ ਦੇ ਨਿਰਦੇਸ਼ਾਂ ਅਨੁਸਾਰ ਨਾਜਾਇਜ਼ ਹਥਿਆਰਾਂ ਅਤੇ ਨਸ਼ਿਆਂ ਦੀਆਂ ਖੇਪਾਂ ਪ੍ਰਾਪਤ ਕਰਕੇ ਅੱਗੇ ਸਪਲਾਈ ਕਰ ਰਹੇ ਸਨ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਅਤੇ ਨਾਜਾਇਜ਼ ਹਥਿਆਰਾਂ ਤੇ ਨਸ਼ਾ ਤਸਕਰੀ ਦੇ ਵਿਆਪਕ ਨੈੱਟਵਰਕ ਦੇ ਖ਼ਾਤਮੇ ਲਈ ਅਗਲੇਰੀ ਜਾਂਚ ਜਾਰੀ ਹੈ। ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈਜੀਪੀ) ਬਾਰਡਰ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਥਾਣਾ ਘਰਿੰਡਾ ਦੀਆਂ ਟੀਮਾਂ ਨੂੰ ਠੋਸ ਸੂਚਨਾ ਮਿਲੀ ਸੀ ਕਿ ਦੋ ਸ਼ੱਕੀ ਵਿਅਕਤੀ, ਜੋ ਨਾਜਾਇਜ਼ ਪਿਸਤੌਲਾਂ ਅਤੇ ਹੈਰੋਇਨ ਦੀ ਤਸਕਰੀ ਕਰਦੇ ਹਨ, ਅਟਾਰੀ ਖੇਤਰ ਵਿੱਚ ਘੁੰਮ ਰਹੇ ਹਨ।



ਇਸ ਸੂਚਨਾ ’ਤੇ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਪਾਰਟੀ ਨੇ ਅਟਾਰੀ-ਝਬਾਲ ਰੋਡ ’ਤੇ ਸਥਿਤ ਧੁੱਸੀ ਬੰਨ੍ਹ ਟੀ-ਪੁਆਇੰਟ ’ਤੇ ਨਾਕਾ ਲਗਾਇਆ ਅਤੇ ਐਕਟਿਵਾ ਸਕੂਟਰ ’ਤੇ ਸਵਾਰ ਦੋ ਸ਼ੱਕੀ ਵਿਅਕਤੀਆਂ ਨੂੰ ਰੋਕਿਆ। ਆਈਜੀਪੀ ਨੇ ਦੱਸਿਆ ਕਿ ਐਕਟਿਵਾ ਸਵਾਰ ਸ਼ੁਭਪ੍ਰੀਤ ਸਿੰਘ ਅਤੇ ਪਿੱਛੇ ਬੈਠੇ ਦੀਪਕ ਸਿੰਘ ਦੀ ਤਲਾਸ਼ੀ ਲੈਣ ’ਤੇ ਉਨ੍ਹਾਂ ਕੋਲੋਂ 15 ਪਿਸਤੌਲਾਂ ਅਤੇ 5 ਕਿਲੋ ਹੈਰੋਇਨ ਦੀ ਖੇਪ ਬਰਾਮਦ ਹੋਈ।

ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਅੰਮ੍ਰਿਤਸਰ ਦਿਹਾਤੀ ਕੰਵਲਪ੍ਰੀਤ ਸਿੰਘ ਚਾਹਲ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਮੁਲਜ਼ਮਾਂ ਤੋਂ ਪੁੱਛਗਿੱਛ ਦੇ ਆਧਾਰ ’ਤੇ ਇਸ ਮਾਡਿਊਲ ਵਿੱਚ ਸ਼ਾਮਲ ਦੋ ਹੋਰ ਮੁਲਜ਼ਮਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਉਨ੍ਹਾਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਜਾਰੀ ਹੈ। ਇਸ ਸਬੰਧੀ ਥਾਣਾ ਘਰਿੰਡਾ, ਅੰਮ੍ਰਿਤਸਰ ਦਿਹਾਤੀ ਵਿਖੇ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ 21, 25 ਤੇ 29 ਅਤੇ ਅਸਲਾ ਐਕਟ ਦੀ ਧਾਰਾ 25(8) ਤਹਿਤ ਐਫ.ਆਈ.ਆਰ. ਨੰਬਰ 388 ਮਿਤੀ 06.09.2026 ਦਰਜ ਕੀਤੀ ਗਈ ਹੈ।

# ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਜਲ ਸਪਲਾਈ, ਬਿਜਲੀ ਅਤੇ ਸੜਕ ਨਾਲ ਜੁੜੇ ਵਿਕਾਸ ਪ੍ਰੋਜੈਕਟਾਂ ਨੂੰ ਮਿਲੀ ਮਨਜ਼ੂਰੀ

**ਚੰਡੀਗੜ੍ਹ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਸੋਮਵਾਰ ਨੂੰ ਚੰਡੀਗੜ੍ਹ ਸਥਿਤ ਹਰਿਆਣਾ ਨਿਵਾਸ ਵਿਖੇ ਹਾਈ ਪਾਵਰਡ ਵਰਕਸ ਪਰਚੇਜ਼ ਕਮੇਟੀ ਦੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸੂਬੇ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਜਲ ਸਪਲਾਈ, ਬਿਜਲੀ ਅਤੇ ਸੜਕ ਨਾਲ ਸਬੰਧਤ ਵੱਖ-ਵੱਖ ਵਿਕਾਸ ਕਾਰਜਾਂ ਦੇ ਪ੍ਰਸਤਾਵਾਂ ਨੂੰ ਪ੍ਰਵਾਨਗੀ ਦਿੱਤੀ ਗਈ।

ਹਾਈ ਪਾਵਰਡ ਵਰਕਸ ਪਰਚੇਜ਼ ਕਮੇਟੀ ਦੇ ਸਾਹਮਣੇ ਕੁੱਲ 12 ਏਜੰਡੇ ਰੱਖੇ ਗਏ, ਜਿਨ੍ਹਾਂ ਦੀ ਕੁੱਲ ਅਨੁਮਾਨਿਤ ਲਾਗਤ 473.17 ਕਰੋੜ ਰੁਪਏ ਸੀ। ਇਨ੍ਹਾਂ ਵਿੱਚੋਂ 3 ਏਜੰਡੇ ਰੀ-ਟੈਂਡਰ ਕਰਨ ਤੋਂ ਬਾਅਦ ਬਾਕੀ 9 ਏਜੰਡਾ ਪ੍ਰਸਤਾਵਾਂ ਦਾ ਕੁੱਲ ਮੁੱਲ 297.46 ਕਰੋੜ ਰੁਪਏ ਰਿਹਾ।

ਵੱਖ-ਵੱਖ ਬੋਲੀਕਾਰਾਂ ਨਾਲ ਵਿਸਤ੍ਰਿਤ ਗੱਲਬਾਤ ਤੋਂ ਬਾਅਦ ਇਨ੍ਹਾਂ ਕੰਮਾਂ ਦੀਆਂ ਦਰਾਂ ਮੁੜ ਤੈਅ ਕੀਤੀਆਂ ਗਈਆਂ, ਜਿਸ ਨਾਲ ਪ੍ਰਸਤਾਵਾਂ ਦਾ ਮੁੱਲ 283.20 ਕਰੋੜ ਰੁਪਏ ਤੈਅ ਹੋਇਆ ਅਤੇ ਲਗਭਗ 14.26 ਕਰੋੜ ਰੁਪਏ ਦੀ ਬਚਤ ਯਕੀਨੀ ਬਣਾਈ ਗਈ।

ਮੀਟਿੰਗ ਵਿੱਚ ਹਰਿਆਣਾ ਦੇ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ, ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ, ਲੋਕ ਨਿਰਮਾਣ (ਭਵਨ ਅਤੇ ਸੜਕਾਂ) ਮੰਤਰੀ ਸ੍ਰੀ ਰਣਬੀਰ ਗੰਗਵਾ ਅਤੇ ਸਿੰਜਾਈ ਤੇ ਜਲ ਸਰੋਤ ਮੰਤਰੀ ਸ਼੍ਰੀਮਤੀ ਸ਼ਰੂਤੀ ਚੌਧਰੀ ਮੌਜੂਦ ਸਨ। ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਕੁਮਾਰ ਗੁਪਤਾ, ਸ਼ਹਿਰੀ ਵਿਕਾਸ ਦੇ ਪ੍ਰਧਾਨ ਸਲਾਹਕਾਰ ਸ੍ਰੀ ਡੀ. ਐਸ. ਢੇਸੀ ਸਮੇਤ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੀਟਿੰਗ ਵਿੱਚ ਹਾਜ਼ਰ ਸਨ।

ਮੀਟਿੰਗ ਵਿੱਚ ਗੁਰੂਗ੍ਰਾਮ ਅਤੇ ਸੋਨੀਪਤ ਵਿੱਚ ਜਲ ਸਪਲਾਈ ਅਤੇ ਸੀਵਰੇਜ ਵਿਵਸਥਾ ਨੂੰ ਮਜ਼ਬੂਤ ਕਰਨ ਨਾਲ ਸਬੰਧਤ ਮਹੱਤਵਪੂਰਨ ਕੰਮਾਂ ਨੂੰ ਮਨਜ਼ੂਰੀ ਦਿੱਤੀ ਗਈ। ਗੁਰੂਗ੍ਰਾਮ ਮਹਾਨਗਰ ਵਿਕਾਸ ਪ੍ਰਸ਼ਾਸਨ (7$41) ਤਹਿਤ ਸੈਕਟਰ-77 ਤੋਂ 80 ਤੱਕ ਮਾਸਟਰ ਸੀਵਰ ਲਾਈਨ ਪਾਉਣ ਅਤੇ ਮੈਨਹੋਲ ਬਣਾਉਣ ਦੇ ਕੰਮ ਨੂੰ ਪ੍ਰਵਾਨਗੀ ਦਿੱਤੀ ਗਈ।

ਉੱਥੇ ਹੀ, ਸੋਨੀਪਤ ਮਹਾਨਗਰ ਵਿਕਾਸ ਪ੍ਰਸ਼ਾਸਨ ਤਹਿਤ ਮਛਰੋਲਾ ਅਤੇ ਜੱਜਲ ਵਿੱਚ ਯਮੁਨਾ ਨਦੀ ਦੇ ਕੰਢੇ ਰੈਨੀ ਵੈੱਲ ਅਤੇ ਐੱਮ.ਬੀ.ਐੱਸ. ਦੇ ਨਿਰਮਾਣ ਅਤੇ ਗੰਨੌਰ ਖੇਤਰ ਵਿੱਚ ਬੇਗਾ ਤੋਂ ਸ਼ਾਹਪੁਰ ਤਗਾ ਪਿੰਡ ਤੱਕ ਰਾਈਜ਼ਿੰਗ ਮੇਨ ਲਾਈਨ ਪਾਉਣ ਅਤੇ 10 ਐੱਮ.ਐੱਲ.ਡੀ. ਸਮਰੱਥਾ ਵਾਲੇ ਰੈਨੀ ਵੈੱਲ ਦੇ ਨਿਰਮਾਣ ਨਾਲ ਸਬੰਧਤ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ।

ਪਾਣੀਪਤ ਜ਼ਿਲ੍ਹੇ ਦੇ ਨੌਂ ਪਿੰਡਾਂ ਵਿੱਚ ਪਾਈਪਲਾਈਨ, ਆਈ.ਪੀ.ਐੱਸ., ਐੱਸ.ਟੀ.ਪੀ., ਸੀਵਰ ਲਾਈਨ, ਮੈਨਹੋਲ, ਐੱਫ.ਐੱਚ.ਟੀ.ਸੀ. ਅਤੇ ਸੀਵਰ ਕੁਨੈਕਸ਼ਨ ਨਾਲ ਸਬੰਧਤ ਕੰਮ ਕੀਤੇ ਜਾਣਗੇ। ਉੱਥੇ ਹੀ, ਸਮਾਲਖਾ ਵਿੱਚ ਦੋ ਐੱਸ.ਟੀ.ਪੀ. ਸਥਾਪਤ ਕਰਨ ਦੇ ਕੰਮ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ।

ਇਨ੍ਹਾਂ ਕੰਮਾਂ ਨਾਲ ਸਬੰਧਤ ਖੇਤਰਾਂ ਵਿੱਚ ਸੀਵਰੇਜ ਅਤੇ ਜਲ ਸਪਲਾਈ ਪ੍ਰਣਾਲੀ ਨੂੰ ਹੋਰ ਬਿਹਤਰ ਬਣਾਉਣ ਵਿੱਚ ਮਦਦ ਮਿਲੇਗੀ।

ਫਰੀਦਾਬਾਦ ਵਿੱਚ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸੈਕਟਰ-89 ਵਿੱਚ ਮਾਰਜਿਨਲ ਲੈਂਡ ’ਤੇ ਸੜਕ ਨਿਰਮਾਣ, ਜਲ ਸਪਲਾਈ ਪਾਈਪਲਾਈਨ, ਸੀਵਰੇਜ ਲਾਈਨ ਅਤੇ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਨਾਲ ਜੁੜੇ ਵਿਕਾਸ ਕਾਰਜਾਂ ਨੂੰ ਵੀ ਪ੍ਰਵਾਨਗੀ ਪ੍ਰਦਾਨ ਕੀਤੀ ਗਈ।

# ਜਨ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ: ਪੰਜਾਬ ਵਿੱਚ ਸਾਰੀਆਂ ਸਰਕਾਰੀ ਇਮਾਰਤਾਂ, ਪੁਲਾਂ ਅਤੇ ਕਲਵਰਟਾਂ ਦੇ ਸਟ੍ਰਕਚਰਲ ਆਡਿਟ ਦੇ ਹੁਕਮ - ਹਰਭਜਨ ਸਿੰਘ ਈ.ਟੀ.ਓ.

**ਚੰਡੀਗੜ੍ਹ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਵਿਭਾਗ ਦੇ ਅਧਿਕਾਰੀਆਂ ਨੂੰ ਸੂਬੇ ਭਰ ਵਿੱਚ ਲੋਕ ਨਿਰਮਾਣ ਵਿਭਾਗ ਦੇ ਅਧਿਕਾਰ ਖੇਤਰ ਅਧੀਨ ਆਉਂਦੀਆਂ ਸਾਰੀਆਂ ਸਰਕਾਰੀ ਇਮਾਰਤਾਂ, ਪੁਲਾਂ, ਕਲਵਰਟਾਂ ਅਤੇ ਹੋਰ ਬ੍ਰਿਜ ਸਟ੍ਰਕਚਰਜ਼ ਦੀ ਸੁਰੱਖਿਆ ਜਾਂਚ (ਸਟ੍ਰਕਚਰਲ ਆਡਿਟ) ਕਰਵਾਉਣ ਲਈ ਹੁਕਮ ਜਾਰੀ ਕੀਤੇ ਹਨ।



ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਸੁਰੱਖਿਆ ਅਤੇ ਭਲਾਈ ਨੂੰ ਸਭ ਤੋਂ ਵੱਧ ਤਰਜੀਹ ਦਿੰਦੀ ਹੈ। ਸਰਕਾਰ ਦਾ ਉਦੇਸ਼ ਜਨਤਕ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਸੁਰੱਖਿਆ ਅਤੇ ਸਮੇਂ ਸਿਰ ਰੱਖ-ਰਖਾਅ ਨੂੰ ਯਕੀਨੀ ਬਣਾਉਣਾ ਹੈ ਤਾਂ ਜੋ ਲੋਕਾਂ ਨੂੰ ਸੁਰੱਖਿਅਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ।

ਸ. ਹਰਭਜਨ ਸਿੰਘ ਈ.ਟੀ.ਓ. ਨੇ ਹਦਾਇਤ ਕੀਤੀ ਕਿ ਸਾਰੀਆਂ ਸਰਕਾਰੀ ਇਮਾਰਤਾਂ ਦੀ ਸਬੰਧਤ ਫੀਲਡ ਅਧਿਕਾਰੀਆਂ ਰਾਹੀਂ ਜਾਂਚ ਕਰਵਾ ਕੇ ਉਨ੍ਹਾਂ ਦੀ ਸਟ੍ਰਕਚਰਲ ਸਥਿਤੀ ਦਾ ਵਿਸਥਾਰਤ ਮੁਲਾਂਕਣ ਕੀਤਾ ਜਾਵੇ। ਜਾਂਚ ਦੌਰਾਨ ਸਾਹਮਣੇ ਆਉਣ ਵਾਲੀਆਂ ਖਾਮੀਆਂ, ਨੁਕਸਾਂ ਜਾਂ ਕਮਜ਼ੋਰੀਆਂ ਨੂੰ ਤੁਰੰਤ ਦੂਰ ਕਰਨ ਲਈ ਲੋੜੀਂਦੇ ਰੋਕਥਾਮੀ ਕਦਮ, ਮੁਰੰਮਤ ਜਾਂ ਰਿਹੈਬਿਲਿਟੇਸ਼ਨ ਦੇ ਕੰਮ ਪਹਿਲ ਦੇ ਆਧਾਰ ’ਤੇ ਕਰਵਾਏ ਜਾਣ।

ਉਨ੍ਹਾਂ ਸਪੱਸ਼ਟ ਕੀਤਾ ਕਿ ਜਿਹੜੀਆਂ ਸਰਕਾਰੀ ਇਮਾਰਤਾਂ ਅਸੁਰੱਖਿਅਤ ਐਲਾਨੀਆਂ ਗਈਆਂ ਹਨ, ਉਨ੍ਹਾਂ ਦੀ ਵਰਤੋਂ ਕਿਸੇ ਵੀ ਹਾਲਤ ਵਿੱਚ ਨਾ ਹੋਣ ਦਿੱਤੀ ਜਾਵੇ, ਜਦੋਂ ਤੱਕ ਲੋੜੀਂਦੇ ਸੁਧਾਰਾਤਮਕ ਕੰਮ ਪੂਰੇ ਕਰਕੇ ਉਨ੍ਹਾਂ ਨੂੰ ਮੁੜ ਸੁਰੱਖਿਅਤ ਨਾ ਐਲਾਨਿਆ ਜਾਵੇ।

ਇਸੇ ਤਰ੍ਹਾਂ ਮੰਤਰੀ ਨੇ ਵਿਭਾਗ ਅਧੀਨ ਆਉਂਦੇ ਸਾਰੇ ਪੁਲਾਂ, ਕਲਵਰਟਾਂ ਅਤੇ ਹੋਰ ਬ੍ਰਿਜ ਸਟ੍ਰਕਚਰਜ਼ ਦੀ ਵੀ ਸੁਰੱਖਿਆ ਜਾਂਚ ਕਰਨ ਦੇ ਹੁਕਮ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਢਾਂਚਾ ਅਸੁਰੱਖਿਅਤ ਪਾਇਆ ਜਾਂਦਾ ਹੈ ਤਾਂ ਲੋੜੀਂਦੇ ਕੰਮ ਪੂਰੇ ਹੋਣ ਤੱਕ ਤੁਰੰਤ ਟ੍ਰੈਫਿਕ ਪਾਬੰਦੀਆਂ ਜਾਂ ਹੋਰ ਉਚਿਤ ਸੁਰੱਖਿਆ ਉਪਾਅ ਲਾਗੂ ਕੀਤੇ ਜਾਣ।

# ਐਸਐਸਪੀ ਪਟਿਆਲਾ ਹਰਮਨਦੀਪ ਸਿੰਘ ਹੰਸ ਵੱਲੋਂ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨਾਲ ਪਲੇਠੀ ਬੈਠਕ



**ਪਟਿਆਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਨਵੇਂ ਆਏ ਐਸਐਸਪੀ ਹਰਮਨਦੀਪ ਸਿੰਘ ਹੰਸ ਨੇ ਅੱਜ ਜ਼ਿਲ੍ਹਾ ਪੁਲਿਸ ਦੇ ਸਾਰੇ ਐਸਪੀਜ਼, ਡੀਐਸਪੀਜ਼, ਐਸਐਚਓਜ਼ ਅਤੇ ਹੋਰ ਬ੍ਰਾਂਚ ਇੰਚਾਰਜਾਂ ਨਾਲ ਆਪਣੀ ਪਹਿਲੀ ਮੀਟਿੰਗ ਕਰਕੇ ਅਪਰਾਧ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ, ਲੰਬਿਤ ਮਾਮਲਿਆਂ, ਜਾਂਚ, ਟ੍ਰੈਫਿਕ ਪ੍ਰਬੰਧਨ ਅਤੇ ਹੋਰ ਮੁੱਖ ਪੁਲਿਸਿੰਗ ਮੁੱਦਿਆਂ ਦਾ ਜਾਇਜ਼ਾ ਲਿਆ।

ਜ਼ਿਲ੍ਹੇ ਦੀ ਅਪਰਾਧ ਸਥਿਤੀ ਦੀ ਸਮੀਖਿਆ ਕਰਦੇ ਹੋਏ, ਐਸਐਸਪੀ ਹੰਸ ਨੇ ਅਧਿਕਾਰੀਆਂ ਨੂੰ ਜਾਂਚ ’ਤੇ ਨੇੜਿਓਂ ਨਜ਼ਰ ਰੱਖਣ, ਲੰਬਿਤ ਮਾਮਲਿਆਂ ਦਾ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਉਣ ਅਤੇ ਅਪਰਾਧੀਆਂ, ਆਦਤਨ ਅਪਰਾਧੀਆਂ ਅਤੇ ਸਮਾਜ ਵਿਰੋਧੀ ਤੱਤਾਂ ਵਿਰੁੱਧ ਤੇਜ਼ ਅਤੇ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪ੍ਰਭਾਵਸ਼ਾਲੀ ਅਪਰਾਧ ਰੋਕਥਾਮ ਅਤੇ ਖੋਜ ਲਈ ਪੁਲਿਸ ਇਕਾਈਆਂ ਵਿਚਕਾਰ ਸਰਗਰਮ ਪੁਲਿਸਿੰਗ ਅਤੇ ਬਿਹਤਰ ਤਾਲਮੇਲ ’ਤੇ ਜ਼ੋਰ ਦਿੱਤਾ।

ਪੰਜਾਬ ਸਰਕਾਰ ਦੀ ’ਯੁੱਧ ਨਸ਼ਿਆ ਵਿਰੁੱਧ’ ਮੁਹਿੰਮ ਨੂੰ ਤਰਜੀਹ ਦਿੰਦੇ ਹੋਏ, ਐਸਐਸਪੀ ਨੇ ਅਧਿਕਾਰੀਆਂ ਨੂੰ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਤੇਜ਼ ਕਰਨ, ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੂੰ ਖਤਮ ਕਰਨ ਅਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਪਾਰ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਗੈਂਗਸਟਰ ਵਿਰੋਧੀ ਮੁਹਿੰਮ ਬਾਰੇ, ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਗੈਂਗਸਟਰ ਨੈੱਟਵਰਕਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਨਿਗਰਾਨੀ ਕਰਨ ਅਤੇ ਜਬਰੀ ਵਸੂਲੀ, ਗੈਰ-ਕਾਨੂੰਨੀ ਹਥਿਆਰਾਂ ਅਤੇ ਡਰਾਉਣ-ਧਮਕਾਉਣ ਸਮੇਤ ਸੰਗਠਿਤ ਅਪਰਾਧ ਵਿਰੁੱਧ ਤਾਲਮੇਲ ਵਾਲੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਹਰਮਨਦੀਪ ਸਿੰਘ ਹੰਸ ਨੇ ਟ੍ਰੈਫਿਕ ਪ੍ਰਬੰਧਨ ਦੀ ਵੀ ਸਮੀਖਿਆ ਕੀਤੀ, ਅਧਿਕਾਰੀਆਂ ਨੂੰ ਨਿਰਵਿਘਨ ਟ੍ਰੈਫਿਕ ਪ੍ਰਵਾਹ ਨੂੰ ਯਕੀਨੀ ਬਣਾਉਣ, ਟ੍ਰੈਫਿਕ ਨਿਯਮਾਂ ਨੂੰ ਲਾਗੂ ਕਰਨ ਅਤੇ ਖਤਰਨਾਕ ਡਰਾਈਵਿੰਗ, ਗਲਤ ਪਾਰਕਿੰਗ ਅਤੇ ਹੋਰ ਉਲੰਘਣਾਵਾਂ ਵਿਰੁੱਧ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਹਾਦਸਿਆਂ ਦੀ ਰੋਕਥਾਮ ’ਤੇ ਵਿਸ਼ੇਸ਼ ਧਿਆਨ ਦੇਣ ‘ਤੇ ਵੀ ਜ਼ੋਰ ਦਿੱਤਾ।

ਐਸਐਸਪੀ ਹੰਸ ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀਜੀਪੀ ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ਅਨੁਸਾਰ ਕੰਮ ਕਰਦੇ ਹੋਏ ਪਟਿਆਲਾ ਦੇ ਲੋਕਾਂ ਨੂੰ ਇੱਕ ਸੁਰੱਖਿਅਤ, ਜਵਾਬਦੇਹ ਪੁਲਿਸਿੰਗ ਵਾਤਾਵਰਣ ਪ੍ਰਦਾਨ ਲਈ ਵਚਨਬੱਧ ਹੈ। ਐਸਐਸਪੀ ਹੰਸ ਨੇ ਨਾਗਰਿਕ-ਕੇਂਦ੍ਰਿਤ ਪੁਲਿਸਿੰਗ ’ਤੇ ਜ਼ੋਰ ਦਿੰਦਿਆਂ, ਅਧਿਕਾਰੀਆਂ ਨੂੰ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕਰਨ, ਜਨਤਾ ਨਾਲ ਨਜ਼ਦੀਕੀ ਸੰਪਰਕ ਬਣਾਈ ਰੱਖਣ ਅਤੇ ਪੀੜਤਾਂ ਨੂੰ ਨਿਰਪੱਖ ਅਤੇ ਸਮਾਂਬੱਧ ਢੰਗ ਨਾਲ ਨਿਆਂ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ। ਉਨ੍ਹਾਂ ਸ਼ਿਕਾਇਤਕਰਤਾਵਾਂ ਅਤੇ ਪੀੜਤਾਂ ਨਾਲ ਨਜਿੱਠਣ ਵੇਲੇ ਸੰਵੇਦਨਸ਼ੀਲਤਾ ਅਤੇ ਪੇਸ਼ੇਵਰਤਾ ਅਪਣਾਉਣ ਦੀ ਵੀ ਹਦਾਇਤ ਕੀਤੀ।

ਐਸ ਐਸ ਪੀ ਨੇ ਕਿਹਾ ਕਿ ਕਾਨੂੰਨ ਵਿਵਸਥਾ ਬਣਾਈ ਰੱਖਣਾ, ਅਪਰਾਧ ਨੂੰ ਰੋਕਣਾ, ਨਸ਼ਿਆਂ ਅਤੇ ਗੈਂਗਸਟਰਾਂ ਦਾ ਮੁਕਾਬਲਾ ਕਰਨਾ, ਟ੍ਰੈਫਿਕ ਪ੍ਰਬੰਧਨ ਵਿੱਚ ਸੁਧਾਰ ਕਰਨਾ ਅਤੇ ਨਾਗਰਿਕਾਂ ਨੂੰ ਨਿਆਂ ਯਕੀਨੀ ਬਣਾਉਣਾ ਪਟਿਆਲਾ ਪੁਲਿਸ ਦੀਆਂ ਮੁੱਖ ਤਰਜੀਹਾਂ ਰਹਿਣਗੀਆਂ।

# ਪੰਜਾਬ ’ਚ ਆਪ ਸਰਕਾਰ ਦਾ ਤਾਨਾਸ਼ਾਹੀ ਰੂਪ ਹੋਇਆ ਬੇਨਕਾਬ, ਨਸ਼ਿਆਂ ਖ਼ਿਲਾਫ਼ ਆਵਾਜ਼ ਚੁੱਕਣ ਵਾਲੇ ਨੌਜਵਾਨ ’ਤੇ ਪੁਲਿਸ ਤਸ਼ੱਦਦ ਬੇਹੱਦ ਨਿੰਦਣਯੋਗ: ਜੈ ਇੰਦਰ ਕੌਰ

**ਪਟਿਆਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ ਦੇ ਪਿੰਡ ਸ਼ੇਰੋ ਵਿਖੇ ਨਸ਼ਿਆਂ ਖ਼ਿਲਾਫ਼ ਆਵਾਜ਼ ਚੁੱਕਣ ਵਾਲੇ ਨੌਜਵਾਨ ਮੋਹਨਜੀਤ ਸਿੰਘ ’ਤੇ ਪੁਲਿਸ ਵੱਲੋਂ ਕੀਤੇ ਗਏ ਬੇਰਹਿਮ ਤਸ਼ੱਦਦ ਤੋਂ ਬਾਅਦ, ਪੰਜਾਬ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਅੱਜ ਸਰਕਾਰੀ ਰਾਜਿੰਦਰਾ ਹਸਪਤਾਲ, ਪਟਿਆਲਾ ਪਹੁੰਚੇ। ਉਨ੍ਹਾਂ ਨੇ ਐਮਰਜੈਂਸੀ ਵਾਰਡ ਵਿੱਚ ਦਾਖ਼ਲ ਨੌਜਵਾਨ ਦਾ ਹਾਲ-ਚਾਲ ਜਾਣਿਆ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ।



ਮੀਡੀਆ ਨਾਲ ਗੱਲਬਾਤ ਕਰਦਿਆਂ ਜੈ ਇੰਦਰ ਕੌਰ ਨੇ ਕਿਹਾ ਕਿ ਲੋਕਤੰਤਰ ਵਿੱਚ ਸਰਕਾਰ ਨੂੰ ਸਵਾਲ ਪੁੱਛਣਾ ਅਤੇ ਸ਼ਾਂਤਮਈ ਰੋਸ਼ ਪ੍ਰਦਰਸ਼ਨ ਕਰਨਾ ਹਰ ਨਾਗਰਿਕ ਦਾ ਸੰਵਿਧਾਨਿਕ ਅਧਿਕਾਰ ਹੈ। ਪ੍ਰੰਤੂ ਪਿੰਡ ਸ਼ੇਰੋ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ‘ਲੋਕ ਮਿਲਣੀ’ ਦੌਰਾਨ ਨਸ਼ਿਆਂ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਮੋਹਨਜੀਤ ਸਿੰਘ ਨਾਲ ਪੁਲਿਸ ਪ੍ਰਸ਼ਾਸਨ ਨੇ ਜੋ ਵਤੀਰਾ ਕੀਤਾ, ਉਹ ਬੇਹੱਦ ਸ਼ਰਮਨਾਕ ਅਤੇ ਨਿੰਦਣਯੋਗ ਹੈ। ਪੁਲਿਸ ਨੇ ਮੋਹਨਜੀਤ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ, ਉਸ ਦੇ ਕੇਸਾਂ ਦੀ ਬੇਅਦਬੀ ਕੀਤੀ ਅਤੇ ਕੁੱਟ ਕੇ ਕੰਨ ਦਾ ਪਰਦਾ ਤੱਕ ਪਾੜ ਦਿੱਤਾ। ਗੰਭੀਰ ਹਾਲਤ ਨੂੰ ਦੇਖਦਿਆਂ ਉਸ ਨੂੰ ਸੰਗਰੂਰ ਤੋਂ ਪਟਿਆਲਾ ਦੇ ਰਾਜਿੰਦਰ ਹਸਪਤਾਲ ਰੈਫ਼ਰ ਕਰਨਾ ਪਿਆ।

ਆਮ ਆਦਮੀ ਪਾਰਟੀ ਦੀ ਸਰਕਾਰ ’ਤੇ ਤਿੱਖੇ ਨਿਸ਼ਾਨੇ ਸਾਧਦਿਆਂ ਭਾਜਪਾ ਆਗੂ ਨੇ ਕਿਹਾ ਕਿ ਅੱਜ ਪੰਜਾਬ ਅੰਦਰ ਜੋ ਵੀ ਆਪਣੇ ਹੱਕਾਂ ਲਈ ਆਵਾਜ਼ ਚੁੱਕਦਾ ਹੈ, ਉਸ ’ਤੇ ਲਾਠੀਚਾਰਜ ਕਰ ਦਿੱਤਾ ਜਾਂਦਾ ਹੈ। ਚਾਹੇ 2600 ਅਪ੍ਰੈਂਟਿਸ ਲਾਈਨਮੈਨ ਹੋਣ, ਕੱਚੇ ਸਫ਼ਾਈ ਕਰਮਚਾਰੀ, ਕੱਚੇ ਅਧਿਆਪਕ ਜਾਂ ਡੀ.ਏ. ਦੀ ਮੰਗ ਕਰ ਰਹੇ ਸਰਕਾਰੀ ਮੁਲਾਜ਼ਮ ਸਭ ’ਤੇ ਇਸ ਸਰਕਾਰ ਨੇ ਲਾਠੀਆਂ ਚਲਵਾਈਆਂ ਹਨ। ਉਨ੍ਹਾਂ ਸਵਾਲ ਕੀਤਾ ਕਿ ਕੀ ‘ਆਪ’ ਸਰਕਾਰ ਅਜਿਹਾ ਹੀ ’ਰੰਗਲਾ ਪੰਜਾਬ’ ਬਣਾਉਣਾ ਚਾਹੁੰਦੀ ਸੀ?

ਅੱਗੇ ਉਨ੍ਹਾਂ ਜੈ ਇੰਦਰ ਕੌਰ ਨੇ ਦੱਸਿਆ ਕਿ ਰਾਜਿੰਦਰਾ ਹਸਪਤਾਲ ਨੂੰ ਪੁਲਿਸ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ ਅਤੇ ਪੀੜਤ ਦੇ ਪਰਿਵਾਰਕ ਮੈਂਬਰਾਂ ਤੱਕ ਨੂੰ ਉਸ ਨਾਲ ਮਿਲਣ ਨਹੀਂ ਦਿੱਤਾ ਜਾ ਰਿਹਾ, ਜੋ ਕਿ ਸਰਕਾਰ ਦੀ ਬੌਖਲਾਹਟ ਅਤੇ ਤਾਨਾਸ਼ਾਹੀ ਦਾ ਸਪੱਸ਼ਟ ਪ੍ਰਮਾਣ ਹੈ।

# ਪੰਜਾਬ ਦੇ ਪਾਵਰ ਪਲਾਂਟਾਂ ਲਈ ਲੋੜੀਂਦਾ ਕੋਲਾ: ਕੇਂਦਰ ਸਰਕਾਰ ਨੇ ਆਪਣੀ ਕੈਪਟਿਵ ਮਾਈਨ ਪ੍ਰੋਡਕਸ਼ਨ ਦੀ ਸ਼ੁਰੂਆਤ ਤੋਂ ਬਾਅਦ ਤੋਂ ਪੀਐੱਸਪੀਸੀਐੱਲ ਦੀਆਂ ਕੈਪਟਿਵ ਮਾਈਨਸ ਤੋਂ ਸਪਲਾਈ ਨੂੰ ਸਮਰੱਥ ਬਣਾਇਆ

**ਪਟਿਆਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਥਰਮਲ ਪਾਵਰ ਪਲਾਂਟਾਂ ਵਿੱਚ ਬਿਜਲੀ ਉਤਪਾਦਨ ਵਿੱਚ ਕਮੀ ਦਾ ਕਾਰਨ ਕੇਂਦਰ ਵੱਲੋਂ ਕੋਲੇ ਦੀ ਅਪੂਰਤੀ ਸਪਲਾਈ ਨੂੰ ਦੱਸਣ ਵਾਲੀਆਂ ਮੀਡੀਆ ਰਿਪੋਰਟਾਂ ਪੂਰੀ ਸੱਚਾਈ ਨਹੀਂ ਦਰਸਾਉਂਦੀਆਂ ਹਨ। ਕੋਲਾ ਮੰਤਰਾਲਾ ਸਪੱਸ਼ਟ ਕਰਦਾ ਹੈ ਕਿ ਪੰਜਾਬ ਦੇ ਪਾਵਰ ਪਲਾਂਟਾਂ ਨੂੰ ਲੋੜੀਂਦਾ ਕੋਲਾ ਉਪਲਬਧ ਕਰਵਾਇਆ ਗਿਆ ਹੈ ਅਤੇ ਕੋਲ ਇੰਡੀਆ ਲਿਮਿਟੇਡ (ਸੀਆਈਐੱਲ) ਪੰਜਾਬ ਰਾਜ ਸਮੇਤ ਪੂਰੇ ਦੇਸ਼ ਵਿੱਚ ਬਿਜਲੀ ਉਤਪਾਦਨ ਲਈ ਨਿਰਵਿਘਨ ਕੋਲੇ ਦੀ ਸਪਲਾਈ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪੰਜਾਬ ਦੀ ਕੋਲਾ ਸਪਲਾਈ ਚੇਨ ਨੂੰ ਕੇਂਦਰ ਸਰਕਾਰ ਦਾ ਸਮਰਥਨ ਕੇਂਦਰ ਸਰਕਾਰ ਨੇ ਪੰਜਾਬ ਵਿੱਚ ਕੈਪਟਿਵ ਮਾਈਨ ਪ੍ਰੋਡਕਸ਼ਨ ਸ਼ੁਰੂ ਹੋਣ ਦੇ ਬਾਅਦ ਤੋਂ ਹੀ ਸੁਤੰਤਰ ਪਾਵਰ ਪਲਾਂਟਾਂ (ਆਈਪੀਪੀ) ਨੂੰ ਕੋਲੇ ਦੀ ਆਵਾਜਾਈ ਨੂੰ ਸਰਗਰਮੀ ਨਾਲ ਪਹੁੰਚਯੋਗ ਬਣਾਇਆ ਹੈ।

ਪੀਐੱਸਪੀਸੀਐੱਲ ਦੀ ਕੈਪਟਿਵ ਪਚਵਾਰਾ ਸੈਂਟਰਲ ਕੋਲ ਮਾਈਨ ਤੋਂ ਆਈਪੀਪੀ ਨੂੰ ਕੋਲੇ ਦੀ ਸਪਲਾਈ, ਝਾਰਖੰਡ ਰਾਜ ਨੂੰ ਕਾਨੂੰਨੀ ਭੁਗਤਾਨ ਦੀਆਂ ਦੇਣਦਾਰੀਆਂ ਦੀ ਪੂਰਤੀ ਦੇ ਅਧੀਨ, ਸਮਰੱਥ ਬਣਾਈ ਗਈ ਹੈ। ਪਚਵਾਰਾ ਸੈਂਟਰਲ ਕੋਲ ਮਾਈਨ ਤੋਂ ਕੋਲੇ ਦੀ ਵਰਤੋਂ ਪੀਐੱਸਪੀਸੀਐੱਲ ਦੀ ਮਲਕੀਅਤ ਵਾਲੇ ਨਾ ਹੋਣ ਵਾਲੇ ਆਈਪੀਪੀ ਦੁਆਰਾ, ਜਿਨ੍ਹਾਂ ਵਿੱਚ ਨਾਭਾ ਪਾਵਰ ਲਿਮਿਟੇਡ (ਰਾਜਪੁਰਾ) ਅਤੇ ਤਲਵੰਡੀ ਸਾਬੋ ਪਾਵਰ ਲਿਮਿਟੇਡ (ਮਾਨਸਾ) ਸ਼ਾਮਲ ਹਨ, ਨਿਰਧਾਰਿਤ ਅੰਤਿਮ ਵਰਤੋਂ ਵਾਲੇ ਪਲਾਂਟਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਤੋਂ ਬਾਅਦ ਸਲਾਨਾ ਉਤਪਾਦਨ ਦੇ 50 ਪ੍ਰਤੀਸ਼ਤ ਤੱਕ ਕਰਨ ਦੀ ਇਜਾਜ਼ਤ ਪਹਿਲਾਂ ਹੀ ਦਿੱਤੀ ਗਈ ਹੈ।

ਕੋਲ ਇੰਡੀਆ ਲਿਮਿਟੇਡ (ਸੀਆਈਐੱਸ) ਦੁਆਰਾ ਪੰਜਾਬ ਨੂੰ ਸਮਰਥਨ ਅਤੇ ਪੀਐੱਸਪੀਸੀਐੱਲ ਦੇ ਪਲਾਂਟਾਂ ਦੇ ਪੀਐੱਲਐੱਫ (42 ਪ੍ਰਤੀਸ਼ਤ) ਵਿੱਚ ਕਮੀ

ਪੀਐੱਸਪੀਸੀਐੱਲ ਤਿੰਨ ਥਰਮਲ ਪਾਵਰ ਪਲਾਂਟਾਂ ਦਾ ਸੰਚਾਲਨ ਕਰਦੀ ਹੈ - ਗੁਰੂ ਹਰਗੋਬਿੰਦ ਥਰਮਲ ਪਾਵਰ ਪਲਾਂਟ (ਲਹਿਰਾ ਮੁਹੱਬਤ), ਗੋਇੰਦਵਾਲ ਸਾਹਿਬ ਥਰਮਲ ਪਾਵਰ ਪਲਾਂਟ ਅਤੇ ਰੋਪੜ ਥਰਮਲ ਪਾਵਰ ਪਲਾਂਟ - ਜਿਨ੍ਹਾਂ ਦੀ ਕੁੱਲ ਸਮਰੱਥਾ 2,300 ਮੈਗਾਵਾਟ ਹੈ। 04.09.2026 ਤੱਕ, ਪੀਐੱਸਪੀਸੀਐੱਲ ਦੇ ਪਲਾਂਟਾਂ ਵਿੱਚ ਕੋਲੇ ਦਾ ਸਟੌਕ ਮਿਆਰੀ ਜ਼ਰੂਰਤ ਦਾ ਲਗਭਗ 117 ਪ੍ਰਤੀਸ਼ਤ ਸੀ, ਜੋ ਕਿ ਜ਼ਰੂਰਤ ਤੋਂ ਵੱਧ ਕੋਲੇ ਦੀ ਉਪਲਬਧਤਾ ਨੂੰ ਦਰਸਾਉਂਦਾ ਹੈ। ਇਸ ਲੋੜੀਂਦੇ ਸਟੌਕ ਦੇ ਬਾਵਜੂਦ, ਅਗਸਤ 2026 ਦੌਰਾਨ ਪੀਐੱਸਪੀਸੀਐੱਲ ਦੇ ਪਲਾਂਟਾਂ ਦਾ ਔਸਤ ਪਲਾਂਟ ਲੋਡ ਫੈਕਟਰ (ਪੀਐੱਲਐੱਫ) ਸਿਰਫ਼ ਲਗਭਗ 42 ਪ੍ਰਤੀਸ਼ਤ ਸੀ। ਇਸ ਲਈ, ਇਸ ਮਹੀਨੇ ਦੌਰਾਨ ਘੱਟ ਉਤਪਾਦਨ ਦਾ ਕਾਰਨ ਪਲਾਂਟ ਵਿੱਚ ਕੋਲੇ ਦੀ ਅਪੂਰਨ ਉਪਲਬਧਤਾ ਨਹੀਂ ਹੈ।

ਇਸ ਦੇ ਉਲਟ, ਪੰਜਾਬ ਸਥਿਤ ਆਈਪੀਪੀ, ਨਾਭਾ ਪਾਵਰ ਲਿਮਿਟੇਡ ਨੇ ਇਸੇ ਮਿਆਦ ਦੌਰਾਨ ਲਗਭਗ 93 ਪ੍ਰਤੀਸ਼ਤ ਦਾ ਪੀਐੱਲਐੱਫ ਹਾਸਲ ਕੀਤਾ, ਜੋ ਸੀਆਈਐੱਲ ਸਰੋਤਾਂ ਤੋਂ ਲੋੜੀਂਦੇ ਕੋਲੇ ਦੀ ਸਪਲਾਈ ਦੁਆਰਾ ਸਮਰਥਿਤ ਸੀ, ਇਹ ਦਰਸਾਉਂਦਾ ਹੈ ਕਿ ਰਾਜ ਵਿੱਚ ਬਿਜਲੀ ਉਤਪਾਦਨ ਲਈ ਕੋਲੇ ਦੀ ਉਪਲਬਧਤਾ ਕੋਈ ਰੁਕਾਵਟ ਨਹੀਂ ਰਹੀ ਹੈ।

ਆਈਪੀਪੀ ਨੂੰ ਸੀਆਈਐੱਲ ਦੁਆਰਾ ਪਹਿਲਾਂ ਹੀ ਪੇਸ਼ ਕੀਤੇ ਗਏ ਕੋਲੇ ਦੀ ਢੋਆ-ਢੁਆਈ ਵਿੱਚ ਸੁਧਾਰ ਕਰਨ ਦੀ ਜ਼ਰੂਰਤ ਹੈ।

ਕੋਲ ਇੰਡੀਆ ਦੀਆਂ ਸਹਾਇਕ ਕੰਪਨੀਆਂ ਨੇ ਪੰਜਾਬ ਸਥਿਤ ਆਈਪੀਪੀ ਨੂੰ ਸਰਗਰਮੀ ਨਾਲ ਕੋਲੇ ਦੀ ਪੇਸ਼ਕਸ਼ ਕੀਤੀ ਹੈ, ਹਾਲਾਂਕਿ ਬੁਕਿੰਗ ਅਤੇ ਨਿਕਾਸੀ ਵਿੱਚ ਦੇਰੀ ਹੋਈ ਹੈ:

ਸੀਸੀਐੱਲ ਨੇ 30.03.2026 ਨੂੰ ਆਰਸੀਆਰ ਮੋਡ ਦੇ ਤਹਿਤ ਐੱਨਪੀਐੱਲ ਅਤੇ ਟੀਐੱਸਪੀਐੱਲ ਨੂੰ 5 ਲੱਖ ਟਨ (ਐੱਲਟੀ) ਕੋਲੇ ਦੀ ਪੇਸ਼ਕਸ਼ ਕੀਤੀ ਸੀ। ਇਸ ਵਿੱਚੋਂ ਸਿਰਫ਼ ਲਗਭਗ 4.1 ਲੱਖ ਐੱਲਟੀ ਦੀ ਬੁਕਿੰਗ ਹੋਈ ਹੈ ਅਤੇ ਹੁਣ ਤੱਕ ਲਗਭਗ 3.1 ਐੱਲਟੀ ਦੀ ਢੋਆ-ਢੁਆਈ ਹੋ ਚੁੱਕੀ ਹੈ।

ਬੀਸੀਸੀਐੱਲ ਨੇ ਐੱਨਪੀਐੱਲ ਨੂੰ 3.5 ਐੱਲਟੀ ਕੋਲੇ ਦੀ ਪੇਸ਼ਕਸ਼ ਕੀਤੀ, ਜਿਸ ਦੇ ਮੁਕਾਬਲੇ ਹੁਣ ਤੱਕ ਸਿਰਫ਼ 1.3 ਐੱਲਟੀ ਕੋਲੇ ਦੀ ਬੁਕਿੰਗ ਹੋਈ ਹੈ ਅਤੇ 0.98 ਐੱਲਟੀ ਕੋਲਾ ਚੁੱਕਿਆ ਗਿਆ ਹੈ।

ਆਈਪੀਪੀ ਦੁਆਰਾ ਕੋਲੇ ਦੀ ਸਮੇਂ ਸਿਰ ਸਪਲਾਈ, ਦੇ ਨਾਲ ਹੀ ਪੀਐੱਸਪੀਸੀਐੱਲ ਦੇ ਆਪਣੇ ਪਲਾਂਟਾਂ ਵਿੱਚ ਬਿਹਤਰ ਉਤਪਾਦਨ ਪ੍ਰਦਰਸ਼ਨ, ਪੰਜਾਬ ਵਿੱਚ ਬਿਜਲੀ ਉਤਪਾਦਨ ਨੂੰ ਅਨੁਕੂਲ ਬਣਾਉਣ ਲਈ ਸਮਾਨ ਰੂਪ ਵਿੱਚ ਮਹੱਤਵਪੂਰਨ ਹਨ।

ਕੋਲਾ ਮੰਤਰਾਲਾ ਦੁਹਰਾਉਂਦਾ ਹੈ ਕਿ ਕੇਂਦਰ ਸਰਕਾਰ ਨੇ ਪੀਐੱਸਪੀਸੀਐੱਲ ਦੀਆਂ ਕੈਪਟਿਵ ਮਾਈਨ ਤੋਂ ਪੰਜਾਬ ਦੇ ਆਈਪੀਪੀ (ਅੰਤਰਰਾਸ਼ਟਰੀ ਪਾਵਰ ਸਪਲਾਈ ਪਲਾਂਟ) ਤੱਕ ਕੋਲੇ ਦੀ ਸਪਲਾਈ ਯਕੀਨੀ ਬਣਾਉਣ ਲਈ ਠੋਸ ਕਦਮ ਚੁੱਕੇ ਹਨ। ਕੋਲ ਇੰਡੀਆ ਲਿਮਿਟੇਡ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਬਿਜਲੀ ਉਤਪਾਦਨ ਲਈ ਨਿਰਵਿਘਨ ਕੋਲੇ ਦੀ ਸਪਲਾਈ ਬਣਾਏ ਰੱਖਣ ਲਈ ਵਚਨਬੱਧ ਹੈ। ਪੀਐੱਸਪੀਸੀਐੱਲ ਦੇ ਆਪਣੇ ਪਲਾਂਟਾਂ ਦੀ ਬਿਹਤਰ ਵਰਤੋਂ ਅਤੇ ਸੀਆਈਐੱਲ ਦੀਆਂ ਸਹਾਇਕ ਕੰਪਨੀਆਂ ਦੁਆਰਾ ਪਹਿਲਾਂ ਹੀ ਉਪਲਬਧ ਕਰਵਾਏ ਗਏ ਕੋਲੇ ਦੀ ਸਮੇਂ ਸਿਰ ਸਪਲਾਈ ਨਾਲ ਬਿਜਲੀ ਉਤਪਾਦਨ ਨੂੰ ਅਨੁਕੂਲ ਬਣਾਉਣ ਅਤੇ ਰਾਜ ਦੀਆਂ ਬਿਜਲੀ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਦਦ ਮਿਲੇਗੀ।

# ਸਚਿਨ ਪਾਇਲਟ ਦੇ ਪੰਜਾਬ ਇੰਚਾਰਜ ਬਣਨ ਨਾਲ ਕਾਂਗਰਸ ਵਰਕਰਾਂ ਵਿੱਚ ਨਵੀਂ ਊਰਜਾ ਦਾ ਸੰਚਾਰ: ਬਰਜਿੰਦਰ ਕੌਰ

**ਲੁਧਿਆਣਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਦੇ ਹੋਣਹਾਰ ਅਤੇ ਜੁਝਾਰੂ ਆਗੂ ਸਚਿਨ ਪਾਇਲਟ ਨੂੰ ਪੰਜਾਬ ਕਾਂਗਰਸ ਦਾ ਇੰਚਾਰਜ ਨਿਯੁਕਤ ਕੀਤੇ ਜਾਣ ’ਤੇ ਪੰਜਾਬ ਕਾਂਗਰਸ ਦੇ ਆਗੂਆਂ ਅਤੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਮੈਡਮ ਬਰਜਿੰਦਰ ਕੌਰ ਨੇ ਸਮੁੱਚੀ ਕਾਂਗਰਸ ਹਾਈ ਕਮਾਂਡ ਦਾ ਦਿਲੋਂ ਧੰਨਵਾਦ ਕੀਤਾ।



ਮੀਡੀਆ ਨੂੰ ਜਾਰੀ ਆਪਣੇ ਬਿਆਨ ਵਿੱਚ ਮੈਡਮ ਬਰਜਿੰਦਰ ਕੌਰ ਨੇ ਕਿਹਾ ਕਿ ਸਚਿਨ ਪਾਇਲਟ ਕਾਂਗਰਸ ਪਾਰਟੀ ਦੇ ਇੱਕ ਮਿਹਨਤੀ, ਜੁਝਾਰੂ ਅਤੇ ਨੌਜਵਾਨ ਆਗੂ ਹਨ। ਉਨ੍ਹਾਂ ਨੇ ਬਹੁਤ ਛੋਟੀ ਉਮਰ ਵਿੱਚ ਲੋਕ ਸਭਾ ਮੈਂਬਰ ਬਣ ਕੇ ਆਪਣੀ ਸਿਆਸੀ ਕਾਬਲੀਅਤ ਦਾ ਸਬੂਤ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਕੇਂਦਰ ਸਰਕਾਰ ਵਿੱਚ ਰਾਜ ਮੰਤਰੀ ਵਜੋਂ ਸੇਵਾਵਾਂ ਨਿਭਾਈਆਂ ਅਤੇ ਰਾਜਸਥਾਨ ਦੇ ਉਪ ਮੁੱਖ ਮੰਤਰੀ ਅਤੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਵਜੋਂ ਵੀ ਮਹੱਤਵਪੂਰਨ ਜ਼ਿੰਮੇਵਾਰੀਆਂ ਸੰਭਾਲੀਆਂ। ਉਨ੍ਹਾਂ ਕਿਹਾ ਕਿ ਅਜਿਹੇ ਤਜਰਬੇਕਾਰ ਅਤੇ ਨੌਜਵਾਨ ਆਗੂ ਨੂੰ ਪੰਜਾਬ ਦਾ ਇੰਚਾਰਜ ਲਗਾਉਣ ਨਾਲ ਪੰਜਾਬ ਕਾਂਗਰਸ ਦੇ ਆਗੂਆਂ ਅਤੇ ਵਰਕਰਾਂ ਵਿੱਚ ਨਵੀਂ ਜਾਨ ਅਤੇ ਉਤਸ਼ਾਹ ਪੈਦਾ ਹੋਇਆ ਹੈ। ਸਚਿਨ ਪਾਇਲਟ ਦੀ ਅਗਵਾਈ ਹੇਠ ਪਾਰਟੀ ਨੂੰ ਪੰਜਾਬ ਵਿੱਚ ਹੋਰ ਮਜ਼ਬੂਤੀ ਮਿਲੇਗੀ ਅਤੇ ਕਾਂਗਰਸੀ ਵਰਕਰਾਂ ਨੂੰ ਨਵੀਂ ਦਿਸ਼ਾ ਅਤੇ ਊਰਜਾ ਮਿਲੇਗੀ।

ਮੈਡਮ ਬਰਜਿੰਦਰ ਕੌਰ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਪਾਰਟੀ ਦੇ ਸਾਰੇ ਆਗੂ ਅਤੇ ਵਰਕਰ ਆਪਸੀ ਏਕਤਾ, ਸਹਿਯੋਗ ਅਤੇ ਮਿਹਨਤ ਨਾਲ ਪੰਜਾਬ ਦੇ ਲੋਕਾਂ ਦੀ ਆਵਾਜ਼ ਨੂੰ ਹੋਰ ਮਜ਼ਬੂਤੀ ਨਾਲ ਉਠਾਉਣਗੇ। ਉਨ੍ਹਾਂ ਆਸ ਪ੍ਰਗਟਾਈ ਕਿ ਸਮੁੱਚੀ ਕਾਂਗਰਸ ਲੀਡਰਸ਼ਿਪ ਅਤੇ ਵਰਕਰ ਮਿਲ ਕੇ ਪੰਜਾਬ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਚੜ੍ਹਦੀ ਕਲਾ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।

ਅੰਤ ਵਿੱਚ ਉਨ੍ਹਾਂ ਕਿਹਾ ਕਿ ਕਾਂਗਰਸ ਹਾਈ ਕਮਾਂਡ ਵੱਲੋਂ ਲਏ ਇਸ ਫੈਸਲੇ ਦਾ ਉਹ ਸਵਾਗਤ ਕਰਦੇ ਹਨ ਅਤੇ ਪੂਰੀ ਉਮੀਦ ਹੈ ਕਿ ਸਚਿਨ ਪਾਇਲਟ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਨਵੀਆਂ ਉਚਾਈਆਂ ਹਾਸਲ ਕਰੇਗੀ।

# ਬਿਜਲੀ ਸੰਕਟ ’ਤੇ ਇੰਜੀਨੀਅਰਾਂ ਦਾ ਮੁੱਖ ਮੰਤਰੀ ਨੂੰ ਪੱਤਰ, ਉਤਪਾਦਨ ਸਮਰੱਥਾ ਵਧਾਉਣ ਦੀ ਮੰਗ

**ਪਟਿਆਲਾ, 8 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

: ਪੀ ਐੱਸ ਈ ਬੀ ਇੰਜੀਨੀਅਰਜ਼ ਐਸੋਸੀਏਸ਼ਨ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਪੰਜਾਬ ਦੇ ਆਰਥਿਕ ਵਿਕਾਸ ਨੂੰ ਸੁਰੱਖਿਅਤ ਰੱਖਣ ਅਤੇ ਬਿਜਲੀ ਦੀ ਸੰਕਟ ਨਾਲ ਨਜਿੱਠਣ ਲਈ ਸੂਬੇ ਵਿੱਚ ਬਿਜਲੀ ਉਤਪਾਦਨ ਸਮਰੱਥਾ ਨੂੰ ਤੁਰੰਤ ਵਧਾਉਣ ’ਤੇ ਜ਼ੋਰ ਦਿੱਤਾ ਹੈ। ਪੰਜਾਬ ਭਰ ਵਿੱਚ ਵੱਖ-ਵੱਖ ਵਰਗਾਂ ਦੇ ਖਪਤਕਾਰਾਂ ਨੂੰ ਲੱਗ ਰਹੇ ਬਿਜਲੀ ਦੇ ਕੱਟਾਂ ਦੇ ਮੱਦੇਨਜ਼ਰ ਐਸੋਸੀਏਸ਼ਨ ਨੇ ਲਿਖਿਆ ਹੈ ਕਿ ਪੀ.ਐੱਸ.ਪੀ.ਸੀ.ਐੱਲ. ਨੇ ਪਿਛਲੇ ਦੋ ਵਿੱਤੀ ਸਾਲਾਂ ਦੌਰਾਨ ਦੇਸ਼ ਦੀਆਂ ਚੋਟੀ ਦੀਆਂ ਬਿਜਲੀ ਯੂਟਿਲਿਟੀਜ਼ ਵਿੱਚ ਏ ਅਤੇ ਏ-ਪਲੱਸ ਰੇਟਿੰਗ ਹਾਸਲ ਕਰਕੇ ਰਾਸ਼ਟਰੀ ਮਾਨਤਾ ਪ੍ਰਾਪਤ ਕੀਤੀ ਸੀ ਅਤੇ ਹੜ੍ਹਾਂ ਤੇ ਗਰਮੀ ਦੀ ਲਹਿਰ ਦੌਰਾਨ ਸੂਬੇ ਦੀ ਊਰਜਾ ਸੁਰੱਖਿਆ ਨੂੰ ਸਫਲਤਾਪੂਰਵਕ ਸੰਭਾਲਿਆ ਸੀ। ਹਾਲਾਂਕਿ, ਪੀ.ਐੱਸ.ਪੀ.ਸੀ.ਐੱਲ. ਵਿੱਚ ਮੌਜੂਦਾ ਸਥਿਤੀ ਚਿੰਤਾਜਨਕ ਤੌਰ ’ਤੇ ਵਿਗੜ ਗਈ ਹੈ। ਕਿਹਾ ਗਿਆ ਹੈ ਕਿ ਪੰਜਾਬ ਦੇ ਬਿਜਲੀ ਇੰਜੀਨੀਅਰਾਂ ਦੀ ਨੁਮਾਇੰਦਗੀ ਕਰਨ ਵਾਲੀ ਪੇਸ਼ੇਵਰ ਐਸੋਸੀਏਸ਼ਨ ਹੋਣ ਦੇ ਨਾਤੇ, ਸਾਡਾ ਗੰਭੀਰ ਫਰਜ਼ ਬਣਦਾ ਹੈ ਕਿ ਅਸੀਂ ਸਰਕਾਰ ਨੂੰ ਸੂਬੇ ਦੇ ਬਿਜਲੀ ਖੇਤਰ ਨੂੰ ਦਰਪੇਸ਼ ਆਉਣ ਵਾਲੇ ਵਿੱਤੀ ਅਤੇ ਬਿਜਲੀ ਸੰਕਟ ਬਾਰੇ ਸੁਚੇਤ ਕਰੀਏ।

ਪੱਤਰ ਵਿੱਚ ਅੱਗੇ ਕਿਹਾ ਗਿਆ ਹੈ ਕਿ ਪੰਜਾਬ ਦਾ ਬਿਜਲੀ ਖੇਤਰ ਇੱਕ ਵਾਰ ਫਿਰ ਵਿੱਤੀ ਸੰਕਟ ਅਤੇ ਬਿਜਲੀ ਦੀ ਘਾਟ ਦੀ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ। ਬਿਜਲੀ ਦੀ ਉਭਰਦੀ ਘਾਟ ਪਹਿਲਾਂ ਹੀ ਉਦਯੋਗ, ਖੇਤੀਬਾੜੀ ਅਤੇ ਘਰੇਲੂ ਖਪਤਕਾਰਾਂ ਸਮੇਤ ਮੁੱਖ ਖੇਤਰਾਂ ਨੂੰ ਪ੍ਰਭਾਵਿਤ ਕਰ ਰਹੀ ਹੈ, ਅਤੇ ਜਦੋਂ ਤੱਕ ਸੂਬੇ ਦੇ ਅੰਦਰ ਉਤਪਾਦਨ ਸਮਰੱਥਾ ਵਧਾਉਣ ਲਈ ਤੁਰੰਤ ਕਦਮ ਨਹੀਂ ਚੁੱਕੇ ਜਾਂਦੇ, ਆਉਣ ਵਾਲੇ ਸਾਲਾਂ ਵਿੱਚ ਸਥਿਤੀ ਹੋਰ ਵੀ ਗੰਭੀਰ ਹੋਣ ਦੀ ਸੰਭਾਵਨਾ ਹੈ। ਪੰਜਾਬ ਦੇ ਪ੍ਰਾਈਵੇਟ ਥਰਮਲ ਪਲਾਂਟਾਂ ਵਿੱਚ ਕੋਲੇ ਦੀ ਭਾਰੀ ਘਾਟ ਹੈ। ਪੱਤਰ ਵਿੱਚ ਅੱਗੇ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਸਬਸਿਡੀ ਦੇ ਬਕਾਏ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਵਿੱਚ ਲਗਾਤਾਰ ਹੋ ਰਹੀ ਦੇਰੀ ਕਾਰਨ ਪੀ.ਐੱਸ.ਪੀ.ਸੀ.ਐੱਲ. ਦੀ ਵਿੱਤੀ ਹਾਲਤ ਲਗਾਤਾਰ ਕਮਜ਼ੋਰ ਹੋ ਰਹੀ ਹੈ। ਇਸ ਸਥਿਤੀ ਨੂੰ ਹੋਰ ਵਿਗਾੜਦਿਆਂ, ਹਾਲ ਹੀ ਦੇ ਏ.ਆਰ.ਆਰ. ਵਿੱਚ ਖਰਚੇ ਦੇ ਅਨੁਮਾਨਾਂ ਨੂੰ ਜਾਣਬੁੱਝ ਕੇ ਘਟਾ ਕੇ ਪੇਸ਼ ਕੀਤਾ ਗਿਆ ਸੀ, ਜਿਸ ਦੇ ਨਤੀਜੇ ਵਜੋਂ ਟੈਰਿਫ ਵਿੱਚ ਗ਼ੈਰ-ਵਾਜਬ ਕਮੀ ਆਈ ਅਤੇ ਕਾਰਪੋਰੇਸ਼ਨ ਨੂੰ ਭਾਰੀ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪਿਆ।

ਚਾਲੂ ਵਿੱਤੀ ਸਾਲ ਦੌਰਾਨ ਹੀ ਪੀ.ਐੱਸ.ਪੀ.ਸੀ.ਐੱਲ. ਨੂੰ ਆਪਣੀਆਂ ਅਸਲ ਖਰਚਾ ਜ਼ਰੂਰਤਾਂ ਦੇ ਮੁਕਾਬਲੇ ਲਗਪਗ 7,800 ਕਰੋੜ ਰੁਪਏ ਦੇ ਮਾਲੀਏ ਦੇ ਘਾਟੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ, ਗਰਮੀ ਦੇ ਸਿਖਰਲੇ ਸੀਜ਼ਨ ਦੌਰਾਨ, ਪੰਜਾਬ ਦੀ ਅੰਦਰੂਨੀ ਉਤਪਾਦਨ ਸਮਰੱਥਾ ਬਿਜਲੀ ਦੀ ਵਧਦੀ ਮੰਗ ਨਾਲੋਂ ਕਾਫ਼ੀ ਘੱਟ ਹੋ ਜਾਂਦੀ ਹੈ, ਜਿਸ ਕਾਰਨ ਪੀ.ਐੱਸ.ਪੀ.ਸੀ.ਐੱਲ. ਨੂੰ ਊਰਜਾ ਐਕਸਚੇਂਜਾਂ ਤੋਂ ਮਹਿੰਗੀ ਬਿਜਲੀ ਖਰੀਦਣ ਲਈ ਭਾਰੀ ਨਿਰਭਰ ਹੋਣਾ ਪੈਂਦਾ ਹੈ।

# ਵੇਦਾਂਤ ਅਚਾਰੀਆ ਚੇਤਨਾ ਨੰਦ ਭੂਰੀ ਵਾਲੇ

ਸ਼ਾਮ ਸੁੰਦਰ ਮੀਲੂ

**ਸਵਾਮੀ ਚੇਤਨਾ ਨੰਦ ਮਹਾਰਾਜ ਵੱਲੋਂ ਸਤਿਗੁਰੂ ਲਾਲ ਦਾਸ ਅਤੇ ਸਤਿਗੁਰੂ ਬ੍ਰਹਮਾ ਨੰਦ ਭੂਰੀ ਵਾਲਿਆਂ ਵੱਲੋਂ ਸ਼ੁਰੂ ਕੀਤੇ ਗਏ ਰੂਹਾਨੀ ਤੇ ਸਮਾਜ ਸੇਵਾ ਦੇ ਕੰਮਾਂ ਨੂੰ ਆਮ ਲੋਕਾਂ ਦੇ ਭਲੇ ਲਈ ਤਨਦੇਹੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ...**

**26 ਤੋਂ 28 ਸਤੰਬਰ, ਜਨਮ ਦਿਵਸ 'ਤੇ**

ਵੇਦਾਂਤ ਅਚਾਰੀਆ ਸਵਾਮੀ ਚੇਤਨਾ ਨੰਦ ਮਹਾਰਾਜ ਭੂਰੀਵਾਲਿਆਂ ਦਾ ਜਨਮ ਰੋਪੜ ਜ਼ਿਲ੍ਹੇ ਦੀ ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡ ਝਾਂਡੀਆਂ ਕਲਾਂ, ਨੇੜੇ ਨੂਰਪੁਰ ਬੇਦੀ ਵਿਖੇ ਪਿਤਾ ਰਾਮ ਰੱਖਾ ਤੇ ਮਾਤਾ ਮਣਸੋ ਦੇਵੀ ਜੀ ਦੇ ਘਰ ਹੋਇਆ। ਉਨ੍ਹਾਂ ਦੀ ਉਮਰ ਦੋ ਸਾਲ ਦੀ ਹੀ ਸੀ ਤਾਂ ਪਿਤਾ ਰੱਖਾ ਰਾਮ ਨੇ ਆਪ ਨੂੰ ਮਹਾਰਾਜ ਭੂਰੀਵਾਲੇ ਗੁਰਗੱਦੀ ਪਰੰਪਰਾ (ਗ਼ਰੀਬਦਾਸੀ ਸੰਪਰਦਾਇ) ਦੇ ਦੂਜੇ ਗੱਦੀਨਸ਼ੀਨ ਸਤਿਗੁਰੂ ਲਾਲ ਦਾਸ ਮਹਾਰਾਜ ਨੂੰ ਅਰਪਿਤ ਕਰ ਦਿੱਤਾ।

ਸਤਿਗੁਰੂ ਲਾਲ ਦਾਸ ਭੂਰੀਵਾਲਿਆਂ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਪਾਲਣ ਪੋਸ਼ਣ ਤੇ ਮੈਟ੍ਰਿਕ ਤਕ ਦੀ ਪੜ੍ਹਾਈ ਪਰਿਵਾਰ ਵੱਲੋਂ ਕਰਵਾਈ ਗਈ। ਪੜ੍ਹਾਈ ਉਪਰੰਤ ਲੁਧਿਆਣਾ ਸਥਿਤ ਭੂਰੀਵਾਲੇ ਆਸ਼ਰਮ ਵਿਖੇ ਉਨ੍ਹਾਂ ਨੇ ਸੰਨਿਆਸ ਧਾਰਣ ਕੀਤਾ ਤੇ ਆਪ ਦਾ ਨਾਂ ਸਵਾਮੀ ਚੇਤਨਾ ਨੰਦ ਰੱਖਿਆ ਗਿਆ। ਸੰਨਿਆਸ ਤੋਂ ਬਾਅਦ ਆਪ ਦੀ ਇੱਛਾ ਹੋਰ ਸਿੱਖਿਆ ਗ੍ਰਹਿਣ ਕਰਨ ਦੀ ਸੀ। ਉਨ੍ਹਾਂ ਦੀ ਇਸ ਇੱਛਾ ਦੀ ਪੂਰਤੀ ਲਈ ਸਤਿਗੁਰੂ ਬ੍ਰਹਮਾ ਨੰਦ ਭੂਰੀਵਾਲਿਆਂ (ਗਊਆਂ ਵਾਲਿਆਂ) ਨੇ ਉਨ੍ਹਾਂ ਨੂੰ ਉੱਚ ਸਿੱਖਿਆ ਲਈ ਸੰਪੂਰਨ ਨੰਦ ਸੰਸਕ੍ਰਿਤੀ ਵਿਸ਼ਵ ਵਿਦਿਆਲਿਆ ਬਨਾਰਸ ਵਿਖੇ ਦਾਖ਼ਲਾ ਦਿਵਾਇਆ।

ਅਚਾਰੀਆ ਸਵਾਮੀ ਚੇਤਨਾ ਨੰਦ ਮਹਾਰਾਜ ਨੇ 1989 ਤੋਂ 1992 ਤਕ ਕਾਂਸ਼ੀ ਵਿਖੇ ਰਹਿ ਕੇ ਵੇਦਾਂਤ ਸ਼ਾਸਤਰੀ ਤੇ ਅਚਾਰੀਆ ਦੀ ਡਗਰੀ ਪ੍ਰਾਪਤ ਕੀਤੀ। ਪੜ੍ਹਾਈ ਪੂਰੀ ਕਰ ਕੇ 1992 ਤੋਂ ਬਾਅਦ ਉਹ ਸਤਿਗੁਰੂ ਬ੍ਰਹਮਾ ਨੰਦ ਮਹਾਰਾਜ ਭੂਰੀਵਾਲਿਆਂ ਨਾਲ ਵਿਚਰਨ ਲੱਗੇ। ਉਹ ਵੇਦਾਂ, ਸ਼ਾਸਤਰਾਂ ਦੇ ਗਿਆਤਾ ਤੇ ਪਰਪੱਕ ਕਥਾਵਾਚਕ ਹਨ। ਇਹੀ ਵਜ੍ਹਾ ਸੀ ਕਿ ਇਸ ਸਤਿਗੁਰੂ ਬ੍ਰਹਮਾ ਨੰਦ ਮਹਾਰਾਜ ਨੇ ਆਪਣੇ ਸ਼ਿਸ਼ ਸਵਾਮੀ ਚੇਤਨਾ ਨੰਦ ਜੀ ਨੂੰ ਸ਼੍ਰੀ ਬ੍ਰਹਮ ਸਰੋਵਰ ਮਾਲੇਵਾਲ ਧਾਮ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਗੁਰਗੱਦੀ ਦੀ ਥਾਪਨਾ ਦਿੱਤੀ।

1 ਮਈ 2002 ਨੂੰ ਸਤਿਗੁਰੂ ਬ੍ਰਹਮਾ ਨੰਦ ਜੀ ਮਹਾਰਾਜ ਭੂਰੀਵਾਲਿਆਂ ਦੇ ਪੰਜ ਭੌਤਿਕ ਸਰੀਰ ਤਿਆਗ ਜਾਣ ਉਪਰੰਤ 17 ਮਈ 2002 ਨੂੰ ਗ਼ਰੀਬਦਾਸੀ ਪੰਥ ਦੇ ਸਰਵਉੱਚ ਪੀਠਾ ਛਤਰੀ ਸਾਹਿਬ ਛੁਡਾਣੀ ਧਾਮ (ਹਰਿਆਣਾ) ਦੇ ਪੀਠਾਧੀਸ਼ਵਰ ਮਹੰਤ ਦਯਾ ਸਾਗਰ ਅਤੇ ਸੰਗਤ ਨੇ ਸ਼੍ਰੀ ਬ੍ਰਹਮ ਨਿਵਾਸ ਆਸ਼ਰਮ ਸਪਤ ਸਰੋਵਰ ਮਾਰਗ ਦੱਖਣੀ ਭਾਗ ਹਰਿਦੁਆਰ (ਉਤਰਾਖੰਡ) ਵਿਖੇ ਮਹਾਰਾਜ ਭੂਰੀਵਾਲਿਆਂ ਦੀ ਗੁਰਗੱਦੀ 'ਤੇ ਸਵਾਮੀ ਚੇਤਨਾ ਨੰਦ ਮਹਾਰਾਜ ਭੂਰੀਵਾਲਿਆਂ ਨੂੰ ਬਿਰਾਜਮਾਨ ਕੀਤਾ। ਉਹ ਭੂਰੀਵਾਲੇ ਗੁਰਗੱਦੀ ਪਰੰਪਰਾ ਦੀ ਨਾਮਲੇਵਾ ਸੰਗਤ ਦਰਮਿਆਨ ਅਚਾਰੀਆ ਚੇਤਨਾ ਨੰਦ ਜੀ (ਸਤਿਗੁਰੂ ਕਾਸ਼ੀ ਵਾਲਿਆਂ) ਦੇ ਨਾਂ ਨਾਲ ਹਰਮਨ ਪਿਆਰੇ ਹੋਏ।

ਸਵਾਮੀ ਚੇਤਨਾ ਨੰਦ ਮਹਾਰਾਜ ਭੂਰੀਵਾਲਿਆਂ ਨੇ ਸਮਾਜ ਦੇ ਵਿਕਾਸ ਲਈ ਕਈ ਅਹਿਮ ਉਪਰਾਲੇ ਕੀਤੇ। ਬ੍ਰਹਮਲੀਨ ਸਤਿਗੁਰੂ ਬ੍ਰਹਮਾ ਨੰਦ ਭੂਰੀਵਾਲਿਆਂ ਦੁਆਰਾ ਸਮਾਜ ਦੇ ਵਿਕਾਸ ਲਈ ਬਣਾਏ ਗਏ ਵਿੱਦਿਅਕ ਅਦਾਰੇ, ਸਿਹਤ ਅਦਾਰੇ, ਪਬਲਿਕ ਸਕੂਲ, ਡਿਗਰੀ ਕਾਲਜਾਂ ਆਦਿ ਨੂੰ ਉਨ੍ਹਾਂ ਦੁਆਰਾ ਬਾਖ਼ੂਬੀ ਚਲਾਇਆ ਜਾ ਰਿਹਾ ਹੈ। ਉਹ ਸਮਾਜਕ ਪ੍ਰਾਣੀਆਂ ਦੇ ਦੁੱਖ-ਤਕਲੀਫ਼ ਰੋਜ਼ਾਨਾ ਸੰਗਤ ਵਿਚ ਬਿਰਾਜਮਾਨ ਹੋ ਕੇ ਸੁਣਦੇ ਹਨ। ਉਹ ਲੋੜਵੰਦਾਂ ਤੇ ਸਮਾਜ ਦੇ ਭਲੇ ਲਈ ਹਰ ਸਮੇਂ ਤਤਪਰ ਰਹਿੰਦੇ ਹਨ। ਇਹੀ ਕਾਰਨ ਹੈ ਮਹਾਰਾਜ ਭੂਰੀਵਾਲੇ ਗੁਰਗੱਦੀ ਪਰੰਪਰਾ (ਗ਼ਰੀਬਦਾਸੀ ਸੰਪਰਦਾਇ) ਦੇਸ਼-ਵਿਦੇਸ਼ ਵਿਚ ਸ਼ਰਧਾਲੂਆਂ ਦੀ ਅਟੁੱਟ ਸ਼ਰਧਾ ਦਾ ਕੇਂਦਰ ਹੈ। ਸਵਾਮੀ ਚੇਤਨਾ ਨੰਦ ਮਹਾਰਾਜ ਭੂਰੀਵਾਲਿਆਂ ਦੁਆਰਾ ਆਸਟ੍ਰੇਲੀਆ ਅਤੇ ਕੈਨੇਡਾ ਵਿਖੇ ਵੀ ਆਸ਼ਰਮ ਬਣਵਾਏ ਗਏ ਅਤੇ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਵੀ ਪ੍ਰਭੂ ਦੀ ਮਹਿਮਾ ਦਾ ਪ੍ਰਚਾਰ ਪਸਾਰ ਕਰ ਰਹੇ ਹਨ।

ਸਤਿਗੁਰੂ ਵੇਦਾਂਤ ਅਚਾਰੀਆ ਸਵਾਮੀ ਚੇਤਨਾ ਨੰਦ ਮਹਾਰਾਜ ਭੂਰੀਵਾਲਿਆਂ ਦਾ ਜਨਮ ਦਿਹਾੜਾ ਸ਼ਰਧਾਲੂਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਧਾਮ ਝਾਡੀਆਂ ਕਲਾਂ, ਨੇੜੇ ਨੂਰਪੁਰ ਬੇਦੀ (ਰੋਪੜ) ਵਿਖੇ ਸ਼ਰਧਾ ਭਾਵ ਨਾਲ ਮਨਾਇਆ ਜਾ ਰਿਹਾ ਹੈ। 26 ਸਤੰਬਰ ਨੂੰ 'ਜਗਤਗੁਰੂ ਅਚਾਰੀਆ ਬਾਬਾ ਗ਼ਰੀਬਦਾਸ ਰਚਿਤ ਬਾਣੀ' ਦੇ ਪਾਠਾਂ ਦਾ ਪ੍ਰਕਾਸ਼ ਹੋਵੇਗਾ। 27 ਸਤੰਬਰ ਨੂੰ ਮੱਧ ਦੀ ਬਾਣੀ ਦੇ ਭੋਗ ਤੇ ਖ਼ੂਨਦਾਨ ਕੈਂਪ, ਮੈਗਾ ਮੈਡੀਕਲ ਕੈਂਪ ਲਗਾਇਆ ਜਾਵੇਗਾ। 28 ਸਤੰਬਰ ਨੂੰ ਅੰਮ੍ਰਿਤ ਵੇਲੇ ਸ਼ੋਭਾ ਯਾਤਰਾ ਉਪਰੰਤ ਬਾਣੀ ਦੇ ਪਾਠ ਦੇ ਭੋਗ ਪੈਣਗੇ। ਤਿੰਨੋਂ ਦਿਨ ਸੰਧਿਆ ਆਰਤੀ ਉਪਰੰਤ ਅਚਾਰੀਆ ਚੇਤਨਾ ਨੰਦ ਮਹਾਰਾਜ ਤੇ ਵੱਖ-ਵੱਖ ਸਾਂਪਰਦਾਵਾਂ ਦੇ ਸੰਤ ਮਹਾਂਪੁਰਸ਼ ਹਾਜ਼ਰ ਸ਼ਰਧਾਲੂਆਂ ਨੂੰ ਪਰਮਾਰਥ ਮਾਰਗ ਨਾਲ ਜੁੜਣ ਦੀ ਪ੍ਰੇਰਨਾ ਦੇਣਗੇ। •

94634-42400

### ਸਮਾਜਕ ਸੇਵਾ ਦੇ ਕਾਰਜ

ਸਵਮੀ ਜੀ ਦੀ ਦੇਖਰੇਖ ਹੇਠ ਨਸ਼ਾ ਮੁਕਤੀ, ਵਾਤਾਵਰਨ ਸੰਭਾਲ, ਪੀਜੀਆਈ ਵਿਖੇ ਮਰੀਜਾਂ ਲਈ ਰੋਜ਼ਾਨਾ ਲੰਗਰ ਭੇਜਣਾ, ਪੀਜੀਆਈ ਚੰਡੀਗੜ੍ਹ ਲਈ ਮਰੀਜਾਂ ਨੂੰ ਲਿਜਾਣ ਵਾਸਤੇ ਮੁਫ਼ਤ ਬੱਸ ਸੇਵਾ, ਪੰਛੀਆਂ ਲਈ ਕੁਇੰਟਲਾਂ ਬੱਧੀ ਦਾਣਾ, ਪੰਛੀਆਂ ਲਈ ਮਿੱਟੀ ਦੇ ਕਟੋਰੇ ਟੰਗਵਾਉਣਾ, ਜੰਗਲੀ ਜੀਵਾਂ ਦੀ ਪਿਆਸ ਬੁਝਾਉਣ ਲਈ ਜੰਗਲੀ ਇਲਾਕੇ 'ਚੋਂ ਲੰਘਦੀਆਂ ਸੜਕਾਂ 'ਤੇ ਪਾਣੀ ਦੇ ਚੁਬੱਚੇ ਬਣਵਾਉਣਾ, ਹਰਿਦੁਆਰ ਆਸ਼ਰਮ ਵਿਖੇ ਹਜ਼ਾਰਾਂ ਸਾਧੂਆਂ ਨੂੰ ਦੋ ਵਕਤ ਭੋਜਨ ਮੁਹੱਈਆ ਕਰਵਾਉਣਾ, ਖ਼ੂਨਦਾਨ ਕੈਂਪ, ਮੈਡੀਕਲ ਕੈਂਪ, ਕੈਂਸਰ ਮੈਗਾ ਕੈਂਪ, ਆਯੂਰਵੇਦਿਕ ਤੇ ਹੋਮਿਓਪੈਥੀ ਕੈਂਪ ਲਗਾਇਆ, ਲਾਵਾਰਿਸ ਗਊਆਂ ਨੂੰ ਸੇਵਕਾਂ ਦੇ ਘਰ ਪਹੁੰਚਾਉਣਾ, ਲਵਾਰਿਸ ਜ਼ਖ਼ਮੀ ਗਊਆਂ ਦੇ ਇਲਾਜ ਦਾ ਪ੍ਰਬੰਧ ਕਰਨਾ ਆਦਿ ਅਣਗਿਣਤ ਸਮਾਜ ਭਲਾਈ ਦੇ ਕਾਰਜ ਹਨ, ਜੋ ਉਨ੍ਹ0ਾਂ ਵੱਲੋਂ ਨਿਰਵਿਘਨ ਜਾਰੀ ਰੱਖੇ ਜਾ ਰਹੇ ਹਨ।



# ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ



**25 ਸਤੰਬਰ, ਜੋਤੀ ਜੋਤ ਦਿਵਸ 'ਤੇ**

ਧਰਮਿੰਦਰ ਸਿੰਘ ਚੱਬਾ

ਧੰਨ ਗੁਰੂ ਅਮਰਦਾਸ ਜੀ ਗੁਣਾਂ ਦੇ ਖ਼ਜ਼ਾਨੇ ਹਨ। ਸਤਿਗੁਰੂ ਦਾ ਦੂਜਾ ਵੱਡਾ ਗੁਣ ਹੁੰਦਾ ਹੈ ਕਿ ਉਹ ਆਪ ਸੱਚੇ-ਸੁੱਚੇ ਆਚਰਣ ਵਾਲਾ ਹੋਵੇ ਤੇ ਇਹ ਸੱਚ ਆਪਣੇ ਸਿੱਖ ਭਗਤਾਂ ਨੂੰ ਦ੍ਰਿੜ ਕਰਵਾਏ ਤਾਂ ਜੋ ਉਸ ਗੁਰੂ ਦੇ ਦਰਸ਼ਨਾਂ ਨਾਲ ਤਨ-ਮਨ ਸੀਤਲ ਹੋ ਜਾਣ। ਗੁਰੂ ਅਮਰਦਾਸ ਜੀ ਦੀ ਵਡਿਆਈ ਵਿਚ ਭਾਈ ਗੁਰਦਾਸ ਜੀ ਲਿਖਦੇ ਹਨ :

*ਦੇਵੀ ਦੇਵ ਦੁੜਾਇਅਨੁ ਜਿਉ ਮਿਰਗਾਵਲਿ ਦੇਖਿ ਬਘੇਲਾ॥*

*ਹੁਕਮਿ ਰਜਾਈ ਚਲਣਾ ਪਿਛੇ ਲਗੇ ਨਕਿ ਨਕੇਲਾ॥*

*ਗੁਰਮੁਖਿ ਸਚਾ ਅਮਰ ਸੁਹੇਲਾ॥*

ਭਾਵ, ਗੁਰੂ ਅਮਰਦਾਸ ਜੀ ਸੱਚੇ ਗੁਰੂ ਸਦਾ ਅਨੰਦ ਗੁਰਮੁਖ ਰੂਪ 'ਚ ਪ੍ਰਕਾਸ਼ ਰਹੇ ਹਨ। ਗੁਰੂ ਅਮਰਦਾਸ ਜੀ ਦੀ ਵਡਿਆਈ 'ਚ 'ਭੱਟ ਭਲ' ਜੀ ਵੀ ਇਹ ਕਹਿ ਕੇ ਸਤਿਕਾਰ ਦਿੰਦੇ ਹਨ :

*ਭਲੇ ਅਮਰਦਾਸ ਗੁਣ ਤੇਰੇ,*
*ਤੇਰੀ ਉਪਮਾ ਤੋਹਿ ਬਨਿ ਆਵੈ॥*

ਆਪ ਦਾ ਜਨਮ 5 ਮਈ 1479 ਈਸਵੀ ਨੂੰ ਪਿਤਾ ਭਾਈ ਤੇਜ ਭਾਨ ਜੀ ਤੇ ਮਾਤਾ ਸੁਲੱਖਣੀ ਜੀ ਦੇ ਘਰ ਪਿੰਡ ਬਾਸਰਕੇ ਗਿੱਲਾਂ, ਛੇਹਰਟਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੋਂ ਉਮਰ 'ਚ ਦਸ ਸਾਲ ਛੋਟੇ ਸਨ ਤੇ ਗੁਰੂ ਅੰਗਦ ਦੇਵ ਜੀ ਤੋਂ 25 ਸਾਲ ਵੱਡੇ ਸਨ। ਆਪ ਭਾਈ ਅਮਰਦਾਸ ਜੀ, ਭਾਈ ਈਸ਼ਰਦਾਸ ਜੀ, ਭਾਈ ਬਾਬਾ ਖੇਮ ਰਾਇ ਜੀ ਤੇ ਭਾਈ ਮਾਣਕ ਚੰਦ ਜੀ, ਚਾਰ ਭਾਈ ਸਨ। ਆਪ ਸਭ ਤੋਂ ਵੱਡੇ ਸਨ। ਆਪ ਦੇ ਸਭ ਤੋਂ ਛੋਟੇ ਭਾਈ ਮਾਣਕ ਚੰਦ ਦੇ ਸਪੁੱਤਰ ਜਸੂ ਜੀ ਨਾਲ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਵਿਆਹੇ ਹੋਏ ਸਨ। 23 ਸਾਲ ਦੀ ਉਮਰ ਵਿਚ 1502 ਈਸਵੀ 'ਚ ਆਪ ਦਾ ਵਿਆਹ ਸਿਆਲਕੋਟ ਦੇ ਪਿੰਡ ਸਨਖਤ੍ਰਾ ਦੇ ਦੇਵੀ ਚੰਦ ਜੀ ਦੀ ਸਪੁੱਤਰੀ ਬੀਬੀ ਮਨਸਾ ਦੇਵੀ ਜੀ ਨਾਲ ਹੋਇਆ। ਮਾਤਾ ਮਨਸਾ ਦੇਵੀ ਜੀ ਨੇਕ ਤੇ ਧਾਰਮਿਕ ਵਿਚਾਰਾਂ ਵਾਲੇ ਸਨ। ਆਪ ਦੇ ਗ੍ਰਹਿ ਦੋ ਪੁੱਤਰੀਆਂ ਬੀਬੀ ਦਾਨੀ ਜੀ, ਬੀਬੀ ਭਾਨੀ ਜੀ ਤੇ ਦੋ ਸਪੁੱਤਰ ਬਾਬਾ ਮੋਹਨ ਜੀ ਅਤੇ ਬਾਬਾ ਮੋਹਰੀ ਜੀ ਨੇ ਜਨਮ ਲਿਆ। ਬੀਬੀ ਭਾਨੀ ਜੀ ਦਾ ਵਿਆਹ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨਾਲ ਹੋਇਆ ਸੀ।

ਗੁਰੂ ਅਮਰਦਾਸ ਧਰਮ ਦੀ ਕਿਰਤ ਕਰਦਿਆਂ ਲਗਾਤਾਰ 20 ਸਾਲ 1541 ਤਕ ਹਰ ਛੇ ਮਹੀਨੇ ਬਾਅਦ ਤੀਰਥ ਅਸਥਾਨਾਂ ਤੇ ਦੇਵੀ ਦੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਇਕ ਦਿਨ ਦੇਵੀ ਦਰਸ਼ਨਾਂ ਤੋਂ ਵਾਪਸ ਆਉਂਦਿਆਂ ਇਕ ਬ੍ਰਹਮਚਾਰੀ ਦੇ ਮੇਲ ਨੇ ਸਾਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਇਸ ਘਟਨਾ ਦਾ ਆਪ ਦੇ ਜੀਵਨ 'ਤੇ ਬੜਾ ਗਹਿਰਾ ਪ੍ਰਭਾਵ ਪਿਆ, ਜਿਸ ਨਾਲ ਗੁਰੂ ਧਾਰਨ ਦੀ ਇੱਛਾ ਪ੍ਰਬਲ ਹੋਈ। ਉਹ ਰਾਤ ਬੜੀ ਬੇਚੈਨੀ ਵਿਚ ਲੰਘੀ। ਅੰਮ੍ਰਿਤ ਵੇਲੇ ਆਪ ਜੀ ਦੀ ਨੂੰਹ ਬੀਬੀ ਅਮਰੋ ਜੀ ਦੇ ਕੋਲੋਂ ਗੁਰੂ ਨਾਨਕ ਪਾਤਸ਼ਾਹ ਦਾ ਮਾਰੂ ਰਾਗ ਵਿਚ ਉਚਾਰਨ ਕੀਤਾ ਹੋਇਆ ਸ਼ਬਦ

*ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥*

*ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥*

*ਚਿਤ ਚੇਤਸਿ ਕੀ ਨਹੀ ਬਾਵਰਿਆ॥*

*ਹਰਿ ਬਿਸਰਤ ਤੇਰੇ ਗੁਣ ਗਲਿਆ॥*

ਸੁਣ ਕੇ ਤਪਦੇ ਹਿਰਦੇ ਨੂੰ ਸ਼ਾਂਤੀ ਮਿਲੀ ਤੇ ਗੁਰੂ ਦਰਸ਼ਨਾਂ ਦੀ ਤਾਂਘ ਪੈਦਾ ਹੋਈ। ਜਦ ਆਪ ਨੇ ਬੀਬੀ ਅਮਰੋ ਜੀ ਦੇ ਨਾਲ ਆ ਕੇ ਖਡੂਰ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਸਦਾ ਲਈ ਗੁਰੂ ਘਰ ਦੇ ਹੋ ਕੇ ਰਹਿ ਗਏ। ਗੁਰੂ ਅੰਗਦ ਦੇਵ ਜੀ ਲਈ ਅੰਮ੍ਰਿਤ ਵੇਲੇ ਜਲ ਦੀ ਗਾਗਰ ਲਿਆ ਕੇ ਇਸ਼ਨਾਨ ਕਰਵਾਉਣਾ ਤੇ ਲੰਗਰ ਦੀ ਸੇਵਾ ਕਰਨੀ ਆਪ ਦਾ ਨਿਤਨੇਮ ਬਣ ਚੁੱਕਾ ਸੀ। ਜਦ ਆਪ ਜੀ ਦਾ ਮਿਲਾਪ ਗੁਰੂ ਜੀ ਨਾਲ ਹੋਇਆ ਤਾਂ ਆਪ ਦੀ ਉਮਰ 61 ਸਾਲਾਂ ਦੀ ਸੀ। ਆਪ ਨੇ ਲਗਾਤਾਰ 11 ਸਾਲ ਗੁਰੂ ਘਰ ਦੀ ਸੇਵਾ ਪੂਰਨ ਨਿਸ਼ਠਾ ਨਾਲ ਨਿਭਾਈ। ਜੁਲਾਹੀ ਵੱਲੋਂ ਅਮਰੂ ਨਿਥਾਵਾਂ ਕਹਿਣ 'ਤੇ ਆਪ ਨੂੰ ਗੁਰ ਅੰਗਦ ਦੇਵ ਜੀ ਨੇ ਬਾਰਾਂ ਵਰ ਦਿੱਤੇ ਕਿਹਾ, ਨਿਥਾਵਿਆਂ ਦਾ ਥਾਂਵ, ਨਿਮਾਣਿਆਂ ਦਾ ਮਾਣ, ਨਿਤਾਣਿਆ ਦਾ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਪੱਤਿਆਂ ਦੀ ਪੱਤ, ਨਿਗੱਤਿਆਂ ਦੀ ਗੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਗਈ ਬਹੋੜ ਬੰਦੀ ਛੋੜ, ਭੰਨਣ ਘੜਣ ਸਮਰੱਥ, ਜਗ ਜੀਵਕਾ ਸਭ ਹੱਥ ਆਖ ਕੇ ਆਪ ਦੀ ਵਡਿਆਈ ਕੀਤੀ ਤੇ 1552 ਨੂੰ ਆਪ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਕੀਤੀ। ਉਸ ਸਮੇਂ ਆਪ ਦੀ ਉਮਰ 73 ਵਰ੍ਹੇ ਹੋ ਚੁੱਕੀ ਸੀ। ਭਾਈ ਗੁਰਦਾਸ ਜੀ ਦੂਜੇ ਲਿਖਦੇ ਹਨ :

*ਤੀਸਰ ਮਹਲ ਅਮਰ ਪਰਧਾਨਾ।*
*ਜਿਨ ਘਟ ਮਹਿ ਨਿਰਖੇ ਹਰਿ ਭਗਵਾਨਾ।*
*ਜਲ ਭਰਿਓ ਸਤਿਗੁਰੁ ਕੇ ਦੁਆਰੇ।*
*ਤਬ ਇਹ ਪਾਇਓ ਮਹਲ ਅਪਾਰੇ।*

ਆਪ ਨੇ ਗੋਇੰਦਵਾਲ ਨਗਰ ਵਸਾ ਕੇ ਇਸ ਨੂੰ ਸਿੱਖੀ ਦਾ ਧੁਰਾ ਆਖਿਆ ਤੇ ਗੋਇੰਦਵਾਲ ਸਿੱਖੀ ਦੇ ਪ੍ਰਚਾਰ ਦਾ ਮੁੱਖ ਕੇਂਦਰ ਬਣਿਆ। ਆਪ ਨੇ ਸਿੱਖੀ ਦੇ ਪ੍ਰਚਾਰ ਲਈ 22 ਕੇਂਦਰ ਨਿਯੁਕਤ ਕੀਤੇ, ਜਿੰਨ੍ਹਾਂ ਨੂੰ ਮੰਜੀਆਂ ਆਖਿਆ ਜਾਂਦਾ ਹੈ। ਅੱਗੇ ਸਬ ਕੇਂਦਰ ਬਣਾਏ, ਜਿੰਨ੍ਹਾਂ ਨੂੰ ਪੀੜ੍ਹੀਆਂ ਦਾ ਨਾਂ ਦਿੱਤਾ ਗਿਆ। ਉੱਚੇ-ਸੁੱਚੇ ਤੇ ਸੱਚੇ ਕਿਰਦਾਰ ਵਾਲੇ ਸਿੱਖਾਂ ਨੂੰ ਸੇਵਾਦਾਰ ਥਾਪਿਆ ਗਿਆ। ਆਪ ਨੇ ਗ਼ਰੀਬ, ਮਜ਼ਲੂਮ ਤੇ ਦੱਬੇ ਕੁਚਲੇ ਲੋਕਾਂ ਨੂੰ ਮਾਣ-ਸਨਮਾਨ ਬਖ਼ਸ਼ਿਆ ਤੇ ਸੀਨੇ ਨਾਲ ਲਾਇਆ। ਲੰਗਰ ਦੀ ਮਰਿਆਦਾ ਵੱਲ ਆਪ ਨੇ ਵਿਸ਼ੇਸ਼ ਧਿਆਨ ਦਿੱਤਾ। ਗੁਰੂ ਦਰਸ਼ਨਾਂ ਲਈ ਆਈਆਂ ਸੰਗਤਾਂ ਲਈ ਪਹਿਲਾਂ ਲੰਗਰ ਛਕਣਾ ਆਪ ਨੇ ਜਰੂਰੀ ਬਣਾ ਦਿੱਤਾ - 'ਪਹਿਲੇ ਪੰਗਤ ਪਾਛੈ ਸੰਗਤ।' ਅਕਬਰ ਬਾਦਸ਼ਾਹ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਸੀ।

ਗੁਰੂ ਸਾਹਿਬ ਨੇ ਉਚ-ਨੀਚ, ਜਾਤ-ਪਾਤ ਨੂੰ ਖ਼ਤਮ ਕੀਤਾ। ਉਸ ਸਮੇਂ ਦੌਰਾਨ ਔਰਤ ਦੀ ਬਹੁਤ ਦੁਰਦਸ਼ਾ ਹੋ ਰਹੀ ਸੀ। ਔਰਤ ਨੂੰ ਮਰਦ ਪ੍ਰਧਾਨ ਸਮਾਜ ਆਪਣੇ ਬਰਾਬਰ ਦਾ ਹੱਕ ਦੇਣ ਲਈ ਤਿਆਰ ਨਹੀਂ ਸੀ। ਗੁਰੂ ਸਾਹਿਬ ਨੇ ਸਦੀਆਂ ਤੋਂ ਚੱਲੀ ਆ ਰਹੀ ਸਤੀ ਪ੍ਰਥਾ ਦਾ ਅੰਤ ਕੀਤਾ, ਜਿਸ ਵਿਚ ਪਤਨੀ ਨੂੰ ਪਤੀ ਦੀ ਮੌਤ 'ਤੇ ਚਿਤਾ ਵਿਚ ਜ਼ਿੰਦਾ ਸਾੜ ਦਿੱਤਾ ਜਾਂਦਾ ਸੀ। ਜਿਹੜੀਆਂ ਇਸਤਰੀਆਂ ਨਾਂਹ ਕਰਦੀਆਂ ਸਨ, ਉਨ੍ਹਾਂ ਨੂੰ ਜ਼ਬਰਦਸਤੀ ਚਿਤਾ ਵਿਚ ਸੜਨ ਲਈ ਮਜਬੂਰ ਕੀਤਾ ਜਾਂਦਾ ਸੀ।

ਆਪ ਨੇ ਸਦੀਆਂ ਤੋਂ ਲਿਤਾੜੇ ਹੋਏ ਮਜ਼ਲੂਮ, ਅਨਪੜ੍ਹ ਤੇ ਗ਼ਰੀਬ ਲੋਕਾਂ ਨੂੰ ਭਰਮ-ਭੁਲੇਖੇ ਤੇ ਵਹਿਮਾਂ-ਭਰਮਾਂ ਵਿੱਚੋਂ ਬਾਹਰ ਕੱਢਿਆ ਤੇ ਉਸ ਅਕਾਲ ਪੁਰਖ ਦੇ ਚਰਨਾਂ ਨਾਲ ਜੁੜਨ ਦਾ ਰਾਹ ਦੱਸਿਆ। ਆਪ ਨੇ ਸਮਾਜ ਵਿਚ ਮਨੁੱਖੀ ਸਮਾਨਤਾ ਨੂੰ ਪਹਿਲ ਦਿੱਤੀ, ਇਸਤਰੀ ਨੂੰ ਮਰਦ ਦੇ ਬਰਾਬਰ ਸਮਾਨਤਾ ਦਿੱਤੀ, ਪਰਦੇ ਜਾਂ ਘੁੰਡ ਕੱਢਣ ਦਾ ਰਿਵਾਜ ਹਟਾਇਆ, ਕੁੜੀ-ਮਾਰਾਂ ਦਾ ਵਿਰੋਧ ਕੀਤਾ, ਵਿਧਵਾ ਵਿਆਹ ਤੇ ਅੰਤਰ-ਸ਼੍ਰੇਣੀ ਵਿਆਹ ਨੂੰ ਇਜਾਜ਼ਤ ਦਿੱਤੀ, ਵਿਆਹ ਤੇ ਦਾਨ ਦਾ ਵਿਰੋਧ ਕੀਤਾ, ਨਸ਼ਿਆ ਦਾ ਵਿਰੋਧ ਕੀਤਾ, ਲੋਕਾਈ ਨੂੰ ਭਰਮ-ਭੁਲੇਖਿਆਂ 'ਚੋਂ ਕੱਢਿਆ, ਮ੍ਰਿਤਕ ਕੁਰੀਤੀਆਂ ਰੋਣ-ਪਿੱਟਣ ਤੋਂ ਵਰਜਿਆ, ਮਰਨ ਸਮੇਂ ਦੀਵਾ ਜਗਾਉਣਾ, ਪਿੰਡ ਪੱਤਲ, ਮਰੇ ਨੂੰ ਸਜਾਉਣਾ, ਘੜਾ ਭੰਨਣਾ, ਅਸਥੀਆਂ ਪ੍ਰਵਾਹ ਕਰਨੀਆਂ, ਭੂਤਾਂ-ਪ੍ਰੇਤਾਂ ਤੇ ਕਿਰਿਆਂ ਕਰਨ ਵਰਗੇ ਵਹਿਮਾਂ ਭਰਮਾਂ ਤੋਂ ਵਰਜਿਆ। ਗੁਰੂ ਜੀ ਨੇ ਮਨੁੱਖ ਦੇ ਅੰਤ ਵੇਲੇ ਸਿਰਫ਼ ਕੀਰਤਨ ਕਰਨ ਨੂੰ ਪਹਿਲ ਦਿੱਤੀ। ਉਸ ਪ੍ਰਭੂ ਪਰਮਾਤਮਾ ਨਾਲ ਮੇਲ-ਮਿਲਾਪ ਦਾ ਰਾਹ ਸੱਚੀ ਬਾਣੀ ਪੜ੍ਹਨੀ ਦੱਸਿਆ। ਨਾਮ ਜਪਣਾ ਦੱਸਿਆ। ਦਸਾਂ ਨਹੁੰਆਂ ਦੀ ਕਿਰਤ ਕਰਨੀ ਦੱਸੀ। ਲੋੜਵੰਦਾਂ ਦੀ ਮਦਦ ਕਰਨੀ ਦੱਸੀ, ਜੋ ਸਾਰੀ ਸੰਗਤ ਨੇ ਪ੍ਰਵਾਨ ਕੀਤਾ। ਭਾਈ ਗੁਰਦਾਸ ਜੀ ਆਪ ਦੇ ਭਤੀਜੇ ਤੇ ਭਾਈ ਈਸ਼ਰਦਾਸ ਜੀ ਦੇ ਬੇਟੇ ਸਨ। ਭਾਈ ਗੁਰਦਾਸ ਜੀ ਵਾਰ ਪਹਿਲੀ ਦੀ 46ਵੀਂ ਪਉੜੀ ਵਿਚ ਲਿਖਦੇ ਹਨ :

*ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।*

*ਗੁਰੁ ਬੈਠਾ ਅਮਰ ਸਰੂਪ ਹੋਇ ਗੁਰਮੁਖਿ ਪਾਈ ਦਾਤ ਇਲਾਹੀ।*

*ਫੇਰਿ ਵਸਾਇਆ ਗੋਇੰਦਵਾਲ, ਅਚਰਜੁ ਖੇਲੁ ਨ ਲਖਿਆ ਜਾਇ।*

*ਦਾਤਿ ਜੋਤਿ ਖਸਮੈ ਵਡਿਆਈ।*

ਭਾਈ ਗੁਰਦਾਸ ਜੀ ਇਸ ਸ਼ਬਦ ਵਿਚ ਦੱਸਦੇ ਹਨ ਕਿ ਗੋਇੰਦਵਾਲ ਵਿਖੇ ਅਚਰਜ ਖੇਲ ਹੋ ਰਹਿਆ ਹੈ, ਜੋ ਬਿਆਨ ਨਹੀਂ ਕੀਤਾ ਜਾ ਸਕਦਾ। ਸ੍ਰੀ ਗੁਰੂ ਅਮਰਦਾਸ ਜੀ ਦੀ ਸਾਹਿਤ ਨੂੰ ਵੀ ਵਡਮੁੱਲੀ ਦੇਣ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀ ਬਾਣੀ ਸਿਰੀ, ਮਾਝ, ਗਉੜੀ, ਆਸਾ, ਗੁਜਰੀ, ਵਡਹੰਸ, ਸੋਰਿਠ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ 17 ਰਾਗਾਂ ਵਿੱਚ 907 ਸ਼ਬਦ ਹਨ (ਮਹਾਨ ਕੋਸ਼ ਅਨੁਸਾਰ ਸ਼ਬਦਾਂ ਦੀ ਗਿਣਤੀ 869 ਹੈ।

'ਅਨੰਦ ਸਾਹਿਬ' ਆਪ ਦੀ ਮਹਾਨ ਰਚਨਾ ਹੈ। ਇਸ ਬਾਣੀ ਦਾ ਹਰ ਅਵਸਰ ਜਾਂ ਸਮਾਗਮ 'ਤੇ ਪਾਠ ਹੁੰਦਾ ਹੈ। 40 ਪਉੜੀਆਂ ਦੀ ਇਹ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਪੋਤਰੇ ਅਨੰਦ ਦੇ ਜਨਮ ਸਮੇਂ 1554 ਵਿਚ ਉਚਾਰਣ ਕੀਤੀ ਸੀ। ਆਪ ਨੇ 'ਸਤਿਗੁਰੂ ਬਿਨਾਂ ਹੋਰ ਕੱਚੀ ਹੈ ਬਾਣੀ' ਦੀ ਚਿਤਾਵਨੀ ਦੇ ਕੇ ਸੰਗਤਾਂ ਨੂੰ ਸੱਚੀ ਬਾਣੀ ਨਾਲ ਜੋੜਿਆ। ਗੋਇੰਦਵਾਲ ਸਾਹਿਬ ਵਿਚ 84 ਪਉੜੀਆਂ ਵਾਲੀ ਬਾਉਲੀ ਆਪ ਦੀ ਉੱਤਮ ਦੇਣ ਹੈ। ਜ਼ਿਆਦਾ ਸਮਾਂ ਆਪ ਮਾਝੇ ਵਿਚ ਹੀ ਰਹੇ। ਆਪ ਨੇ ਗੁਮਟਾਲਾ, ਤੁੰਗ, ਸੁਲਤਾਨਵਿੰਡ ਤੇ ਗਿਲਵਾਲੀ ਆਦਿ ਪਿੰਡਾਂ ਲਾਗੇ 1570 ਨੂੰ ਅੰਮ੍ਰਿਤਸਰ ਵਸਾਉਣ ਲਈ ਮੋਹੜੇ ਗਡਵਾਏ ਤੇ ਉਸ ਅਸਥਾਨ ਦਾ ਨਾਂ ਚੱਕ-ਗੁਰੂ ਰੱਖਿਆ, ਜਿਸ ਦਾ ਕੰਮ ਗੁਰੂ ਰਾਮਦਾਸ ਜੀ ਨੇ ਆਪਣੀ ਨਿਗਰਾਨੀ ਹੇਠ ਕਰਵਾਇਆ। ਮਹਾਨ ਕੋਸ਼ ਅਨੁਸਾਰ ਆਪ 95 ਵਰ੍ਹੇ 3 ਮਹੀਨੇ ਤੇ 27 ਦਿਨ ਦੀ ਆਯੂ ਵਿੱਚੋਂ 22 ਸਾਲ 5 ਮਹੀਨੇ ਗੁਰਗੱਦੀ 'ਤੇ ਬਿਰਾਜਮਾਨ ਰਹੇ। ਆਪ 1 ਸਤੰਬਰ 1574 ਨੂੰ ਗੁਰਗੱਦੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੌਂਪ ਕੇ ਗੋਇੰਦਵਾਲ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। •

# ਧੰਨੁ ਧੰਨੁ ਰਾਮਦਾਸ ਗੁਰੁ

ਰਮੇਸ਼ ਬੱਗਾ ਚੋਹਲਾ

ਸਿੱਖ ਧਰਮ ਵਿਚ ਗੁਰਿਆਈ ਇਕ ਅਧਿਆਤਮਿਕ ਉੱਚਤਾ ਤੇ ਵਿਹਾਰਕ ਸੁੱਚਤਾ ਦਾ ਨਾਂ ਹੈ। ਸੇਵਾ, ਸਿਮਰਨ, ਪਰਉਪਕਾਰ ਤੇ ਹੁਕਮ ਅਨੁਸਾਰੀ ਬਿਰਤੀ ਗੁਰਿਆਈ ਤਕ ਦੇ ਸਫ਼ਰ ਨੂੰ ਸੁਖਾਲਾ ਬਣਾਉਂਦੀ ਰਹੀ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਗੁਰਿਆਈ ਦੀ ਬਖ਼ਸ਼ਿਸ਼ ਲਈ ਸੇਵਾ-ਭਾਵਨਾ ਤੇ ਹਉਮੈ ਰਹਿਤ ਵਿਹਾਰ ਨੂੰ ਤਰਜ਼ੀਹ ਦਿੱਤੀ ਗਈ ਹੈ। ਬਾਕੀ ਦੇ ਗੁਰੂ ਸਾਹਿਬਾਨ ਵੱਲੋਂ ਵੀ ਆਪੋ ਆਪਣੇ ਸਮੇਂ ਵਿਚ ਇਸ ਤਰਜ਼ੀਹ ਨੂੰ ਕਾਇਮ ਰੱਖਿਆ ਗਿਆ। *'ਤਖਤਿ ਬਹੈ ਤਖਤੈ ਕੀ ਲਾਇਕ'* ਦੀ ਧਾਰਨਾ ਮੁਤਾਬਕ ਗੁਰੂ ਨਾਨਕ ਦਰਬਾਰ ਦਾ ਵਾਰਿਸ ਹਮੇਸ਼ਾ ਉਸ ਨੂੰ ਬਣਾਇਆ ਜਾਂਦਾ ਰਿਹਾ ਹੈ ਜਿਹੜਾ ਇਸ ਵਿਰਾਸਤ ਲਈ ਵਿਸ਼ੇਸ਼, ਵਿਲੱਖਣ ਤੇ ਸਰਵਪ੍ਰਵਾਨਿਤ ਯੋਗਤਾ ਰੱਖਦਾ ਰਿਹਾ ਹੈ। ਇਸ ਤਰ੍ਹਾਂ ਦੀ ਹੀ ਯੋਗਤਾ ਤੀਸਰੇ ਨਾਨਕ ਸ੍ਰੀ ਗੁਰੂ ਅਮਰਦਾਸ ਜੀ ਨੂੰ ਭਾਈ ਜੇਠਾ ਜੀ ਵਿਚ ਦਿਖਾਈ ਦਿੱਤੀ, ਜਿਸ ਕਾਰਨ ਉਨ੍ਹਾਂ ਨੇ ਭਾਈ ਜੇਠਾ ਜੀ ਨੂੰ ਭਾਦੋਂ ਸੁਦੀ 15, ਮੁਤਾਬਕ 1 ਸਤੰਬਰ 1574 ਨੂੰ ਗੁਰਿਆਈ ਬਖ਼ਸ਼ਿਸ਼ ਕਰ ਕੇ ਸੋਢੀ ਪਾਤਸ਼ਾਹ ਗੁਰੂ ਰਾਮਦਾਸ ਬਣਾ ਦਿੱਤਾ ਸੀ।

ਸ੍ਰੀ ਗੁਰੂ ਰਾਮਦਾਸ ਜੀ ਦਾ ਬਚਪਨ ਦਾ ਨਾਂ ਭਾਈ ਜੇਠਾ ਸੀ। ਉਨ੍ਹਾਂ ਦਾ ਜਨਮ 24 ਸਤੰਬਰ 1534 ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ ਜੀ ਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਪਲੇਠਾ ਪੁੱਤਰ ਹੋਣ ਕਰਕੇ ਉਨ੍ਹਾਂ ਦਾ ਨਾਂ ਭਾਈ ਜੇਠਾ ਜੀ ਹੋ ਗਿਆ। ਭਾਈ ਜੇਠਾ ਜੀ ਅਜੇ ਬਚਪਨ ਦੀ ਦਹਿਲੀਜ਼ 'ਤੇ ਹੀ ਵਿਚਰ ਰਹੇ ਸਨ ਕਿ ਪਹਿਲਾਂ ਮਾਤਾ ਜੀ ਤੇ ਫਿਰ ਪਿਤਾ ਜੀ ਦੁਨੀਆ ਤੋਂ ਕੂਚ ਕਰ ਗਏ। ਆਪ ਜੀ ਦੀ ਨਾਨੀ ਆਪ ਨੂੰ ਪਿੰਡ ਬਾਸਰਕੇ ਲੈ ਆਈ। ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ ਤੇ ਇਨ੍ਹਾਂ ਦੀ ਵੱਟਕ ਨਾਲ ਗੁਜ਼ਾਰਾ ਕਰਦੇ ਸਨ। ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ।

ਜਦੋਂ ਗੋਂਦੇ ਖੱਤਰੀ ਦੀ ਬੇਨਤੀ 'ਤੇ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨ੍ਹਾਂ ਦੇ ਕਈ ਰਿਸ਼ਤੇਦਾਰ ਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇਥੇ ਲੈ ਆਈ। ਉਸ ਵਕਤ ਉਨ੍ਹਾਂ ਦੀ ਆਯੂ ਕਰੀਬ 12 ਸਾਲ ਸੀ। ਅਵਸਥਾ ਭਾਵੇਂ ਬਾਲਪਨ ਵਾਲੀ ਸੀ ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਭਾਵ ਸਦਕਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਰੰਗਤ ਭਾਈ ਜੇਠਾ ਜੀ 'ਤੇ ਖ਼ੂਬ ਚੜ੍ਹਨ ਲੱਗੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ 'ਚ ਰੱਖਿਆ ਤੇ ਉਨ੍ਹਾਂ ਸਾਰੇ ਗੁਣਾਂ ਨੂੰ ਵਾਚਿਆ ਜੋ ਕਿਸੇ ਉਚੇਚੀ ਜ਼ਿੰਮੇਵਾਰੀ ਲਈ ਜ਼ਰੂਰੀ ਹੁੰਦੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ।



1557 ਵਿਚ ਜਦੋਂ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਨੂੰ ਲਾਗੂ ਕਰਨ ਲਈ ਸਮਾਜ ਵਿੱਚੋਂ ਛੂਤ-ਛਾਤ ਖ਼ਤਮ ਕਰਨ ਦਾ ਬੀੜਾ ਚੁੱਕਿਆ ਤਾਂ ਗੁਰੂ-ਘਰ ਦੇ ਦੋਖੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋਈ। ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂ ਦਰਬਾਰ ਦੇ ਖ਼ਿਲਾਫ਼ ਕੰਨ ਭਰੇ। ਆਪਣੀ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜਿਆ। ਬਿਰਧ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਨੂੰ ਇਹ ਜ਼ਿੰਮੇਵਾਰੀ ਦਿੱਤੀ। ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਤੇ ਅਕਬਰ ਦੇ ਭਰਮ-ਭੁਲੇਖੇ ਦੂਰ ਕੀਤੇ।

ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦੇ ਨਿਰਮਾਣ ਸਮੇਂ ਭਾਈ ਜੇਠਾ ਜੀ ਇਕ ਨਿਮਾਣੇ ਸਿੱਖ ਵਾਂਗ ਸਿਰ 'ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਇਕ ਦਿਨ ਜਦੋਂ ਉਹ ਤਨ-ਮਨ ਨਾਲ ਸੇਵਾ ਵਿਚ ਲੀਨ ਸਨ ਤਾਂ ਲਾਹੌਰ ਤੋਂ ਉਨ੍ਹਾਂ ਦੇ ਸ਼ਰੀਕੇ-ਭਾਈਚਾਰੇ ਦੇ ਕੁਝ ਲੋਕ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹੋਏ ਸ੍ਰੀ ਗੋਇੰਦਵਾਲ ਵਿਖੇ ਆ ਗਏ। ਜਦੋਂ ਉਨ੍ਹਾਂ ਨੇ ਤੱਕਿਆ ਕਿ ਭਾਈ ਜੇਠਾ ਜੀ ਮਜ਼ਦੂਰਾਂ ਵਾਂਗੂ ਸਿਰ 'ਤੇ ਟੋਕਰੀ ਚੁੱਕੀ ਜਾ ਰਹੇ ਹਨ ਤਾਂ ਉਹ ਕ੍ਰੋਧਿਤ ਹੋ ਉੱਠੇ ਤੇ ਸ਼ਿਸ਼ਟਾਚਾਰ ਦਾ ਪੱਲਾ ਛੱਡ ਬੈਠੇ। ਉਹ ਭਰੇ-ਪੀਤੇ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ, 'ਸਾਡੇ ਭਰਾ ਜੇਠੇ ਕੋਲੋਂ ਮਜ਼ਦੂਰੀ ਕਰਵਾ ਕੇ ਤੁਸੀਂ ਸਾਡੇ ਮਾਣ-ਸਤਿਕਾਰ ਨੂੰ ਢਾਹ ਲਾਈ ਹੈ। ਤੁਹਾਡੇ ਇਸ ਵਤੀਰੇ ਨਾਲ ਸਾਨੂੰ ਬੜੀ ਨਮੋਸ਼ੀ ਹੋਈ ਹੈ।'

ਸ਼ਰੀਕੇ-ਭਾਈਚਾਰੇ ਦੀਆਂ ਖਰ੍ਹਵੀਆਂ ਗੱਲਾਂ ਕਾਰਨ ਭਾਈ ਜੇਠਾ ਜੀ ਨੇ ਗੁਰੂ ਅਮਰਦਾਸ ਪਾਤਸ਼ਾਹ ਕੋਲੋਂ ਹੱਥ ਜੋੜ ਕੇ ਮਾਫ਼ੀ ਮੰਗੀ ਤੇ ਕਹਿਣ ਲੱਗੇ, 'ਸੱਚੇ ਪਾਤਸ਼ਾਹ ਇਹ ਅਣਜਾਣ ਹਨ, ਇਨ੍ਹਾਂ ਦੀਆਂ ਕੌੜੀਆਂ-ਕੁਸੈਲੀਆਂ ਤੇ ਮਨ ਦੀ ਮੈਲੀਆਂ ਗੱਲਾਂ ਨੂੰ ਲੇਖੇ ਵਿਚ ਨਾ ਲਿਆਉਣਾ।' ਇਸ ਤਰ੍ਹਾਂ ਉਨ੍ਹਾਂ ਨੇ ਜਿੱਥੇ ਆਪਣੇ ਸ਼ਰੀਕੇ ਦੀ ਰੱਖ ਦਿਖਾਈ ਉੱਥੇ ਗੁਰੂ ਸਾਹਿਬ ਦੀ ਪ੍ਰਸੰਨਤਾ ਦੇ ਪਾਤਰ ਵੀ ਬਣੇ।

ਆਪ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਦੇਵ ਤੇ (ਗੁਰੂ) ਅਰਜਨ ਦੇਵ ਜੀ ਨੇ ਜਨਮ ਲਿਆ। ਬਾਬਾ ਪ੍ਰਿਥੀ ਚੰਦ ਭਾਵੇਂ ਘਰ ਦਾ ਵੱਡਾ ਪੁੱਤਰ ਸੀ ਪਰ ਲਾਲਚੀ ਤੇ ਵਡਿਆਈਖ਼ੋਰੇ ਸੁਭਾਅ ਕਾਰਨ ਆਪਣੇ ਗੁਰੂ-ਪਿਤਾ ਦੀਆਂ ਖ਼ੁਸ਼ੀਆਂ ਲੈਣ ਤੋਂ ਵਾਂਝਾ ਰਹਿ ਗਿਆ। ਇਸੇ ਕਾਰਨ ਉਹ ਸਾਰੀ ਹਯਾਤੀ ਈਰਖਾ ਤੇ ਦਵੈਤ ਦੀ ਅੱਗ 'ਚ ਸੜਦਾ ਰਿਹਾ ਤੇ ਸੰਗਤਾਂ ਦੇ ਤ੍ਰਿਸਕਾਰ ਦਾ ਪਾਤਰ ਬਣਦਾ ਰਿਹਾ।

ਗੁਰੂ ਨਾਨਕ ਦੇਵ ਜੀ ਦੁਆਰਾ ਲਗਾਇਆ ਸਿੱਖੀ ਦਾ ਬੂਟਾ ਜਿਵੇਂ-ਜਿਵੇਂ ਜੋਬਨ 'ਤੇ ਆ ਰਿਹਾ ਸੀ, ਇਸ ਦੀ ਮਹਿਕ ਦੂਰ-ਦੁਰਾਡੇ ਫ਼ੈਲ ਰਹੀ ਸੀ। ਇਸੇ ਕਾਰਨ ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਇਸ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਆਪ ਜੀ ਨੇ ਇਹ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਈ।

ਗੁਰੂ ਅਮਰਦਾਸ ਜੀ ਹੁਣ ਸਰੀਰਕ ਤੌਰ 'ਤੇ ਕਾਫ਼ੀ ਬਿਰਧ ਹੋ ਚੁੱਕੇ ਸਨ। ਸੱਚਖੰਡ ਵਾਪਸੀ ਦਾ ਸਮਾਂ ਨੇੜੇ ਆਇਆ ਜਾਣ ਕੇ ਉਨ੍ਹਾਂ ਨੇ ਸੰਮਤ 1631 ਦੇ ਭਾਦੋਂ ਮਹੀਨੇ ਸਮੂਹ ਸੰਗਤ ਅਤੇ ਆਪਣੇ ਪਰਿਵਾਰ ਦੇ ਸਨਮੁਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ ਵਾਰਿਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ।

ਗੁਰਿਆਈ ਦੀ ਬਖ਼ਸ਼ਿਸ਼ ਛੋਟੀ ਜਾਂ ਸਧਾਰਨ ਗੱਲ ਨਹੀਂ ਸੀ, ਕਿਉਂਕਿ ਗੁਰੂ ਰਾਮਦਾਸ ਨੂੰ ਉਸ ਰੱਬੀ ਤਖ਼ਤ ਦੀ ਪ੍ਰਾਪਤੀ ਹੋ ਗਈ ਸੀ, ਜਿਸ ਦੇ ਅੱਗੇ ਰਾਜੇ-ਮਹਾਰਾਜਿਆਂ ਦਾ ਸੀਸ ਝੁਕਦਾ ਆ ਰਿਹਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਵਿੱਚੋਂ ਇਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਦੇਖ ਕੇ ਆਪ ਵੈਰਾਗ ਵਿਚ ਆ ਗਏ ਤੇ ਉਚਾਰਣ ਕੀਤਾ :

*ਜੋ ਹਮਰੀ ਬਿਧਿ ਹੋਤੀ, ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥*

*ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੂਛਤਾ, ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ॥*

ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਮਾਝੇ ਦਾ ਇਲਾਕਾ ਬੌਧਿਕ ਅਤੇ ਰੂਹਾਨੀ ਤੌਰ 'ਤੇ ਜਾਗ ਪਿਆ। ਇਸ ਜਾਗ੍ਰਿਤੀ ਕਾਰਨ ਗੁਰੂ ਸਾਹਿਬ ਨੇ ਸੋਚਿਆ ਕਿ ਇਸ ਕੇਂਦਰੀ ਸਥਾਨ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਇਕ ਸ਼ਾਨਦਾਰ ਧਾਰਮਿਕ ਸਥਾਨ ਉਸਾਰਿਆ ਜਾਵੇ, ਜੋ ਸੰਗਤ ਦੀਆਂ ਰੂਹਾਨੀ ਜ਼ਰੂਰਤਾਂ ਪੂਰੀਆਂ ਕਰ ਸਕੇ। ਇਸ ਪਵਿੱਤਰ ਅਸਥਾਨ 'ਤੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਸ੍ਰੀ ਅੰਮ੍ਰਿਤਸਰ ਵਿਖੇ ਪਹਿਲਾਂ ਸਰੋਵਰ ਅਤੇ ਬਾਅਦ ਵਿਚ 'ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋਈ। ਇਨ੍ਹਾਂ ਦੋ ਮਹਾਨ ਉਪਰਾਲਿਆਂ ਨਾਲ ਸਿੱਖ ਧਰਮ ਦੇ ਨਕਸ਼-ਨੁਹਾਰ ਹੋਰ ਵੀ ਨਿਖਰਨ ਲੱਗੇ। ਜਿਵੇਂ ਤੀਸਰੇ ਪਾਤਸ਼ਾਹ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਅਤੇ 52 ਪੀੜ੍ਹਿਆਂ ਦੀ ਸਥਾਪਨਾ ਕੀਤੀ ਸੀ, ਉਸ ਨੂੰ ਅੱਗੇ ਵਧਾਉਂਦਿਆਂ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਆਰੰਭ ਕੀਤੀ। ਇਹ ਮਸੰਦ ਦੂਰ-ਦੁਰਾਡੇ ਇਲਾਕਿਆਂ ਵਿਚ ਸਿੱਖੀ-ਸਿਧਾਂਤਾਂ ਦਾ ਪ੍ਰਚਾਰ ਕਰਦੇ ਅਤੇ ਸਿੱਖੀ ਦੇ ਬੂਟੇ ਨੂੰ ਆਪਣੀ ਸੇਵਾ ਨਾਲ ਸਿੰਜਦੇ ਸਨ।

ਭਾਵੇਂ ਗੁਰੂ ਰਾਮਦਾਸ ਜੀ ਕੋਲ ਬਹੁਤ ਸਾਰੇ ਰੁਝੇਵੇਂ ਸਨ ਪਰ ਉਨ੍ਹਾਂ ਦੀ ਤਰਜੀਹ ਹਮੇਸ਼ਾ ਕਾਰ-ਸੇਵਾ ਵਿਚ ਬਣੀ ਰਹਿੰਦੀ। ਵਕਤ ਮਿਲਣ 'ਤੇ ਆਪ ਟੋਕਰੀ ਚੁੱਕ ਲੈਂਦੇ ਅਤੇ ਇੱਟਾਂ, ਗਾਰੇ ਤੇ ਚੂਨੇ ਆਦਿ ਦੀ ਹੱਥੀਂ ਸੇਵਾ ਕਰਦੇ। ਇਹ ਸਭ ਕੁਝ ਉਹ ਕਿਰਤ ਦੇ ਸਿਧਾਂਤ ਨੂੰ ਵਡਿਆਉਣ ਤੇ ਪਕਿਆਉਣ ਲਈ ਵੀ ਕਰਦੇ ਸਨ। ਇਸ ਤਰ੍ਹਾਂ ਕਰਦਿਆਂ ਇਕ ਦਿਨ ਉਹ ਵੀ ਆ ਗਿਆ ਜਿਸ ਦਿਨ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਚੱਜੀ ਅਗਵਾਈ ਤੇ ਸੰਗਤਾਂ ਦੇ ਸਹਿਯੋਗ ਸਦਕਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਸਵਰਗ ਦੀ ਝਲਕ (ਸੱਚਖੰਡ ਦੇ ਰੂਪ 'ਚ) ਦਿਖਾਈ ਦੇਣ ਲੱਗੀ। ਅਜੋਕੇ ਸਮੇਂ ਵੀ ਇਹ ਸਥਾਨ ਰੱਬੀ ਸਿਫ਼ਤ-ਸਲਾਹ ਦਾ ਇਕ ਪ੍ਰਮੁੱਖ ਕੇਂਦਰ ਹੈ।

ਗੁਰੂ ਪਰਿਵਾਰ ਦੇ ਤਿੰਨਾਂ ਸਾਹਿਬਜ਼ਾਦਿਆਂ ਵਿੱਚੋਂ ਸਭ ਤੋਂ ਛੋਟੇ ਸ੍ਰੀ (ਗੁਰੂ) ਅਰਜਨ ਦੇਵ ਜੀ ਦੀਨ-ਦੁਨੀਆ ਦੇ ਮਾਮਲੇ ਵਿਚ ਸਭ ਤੋਂ ਯੋਗ ਸਾਬਤ ਹੋਏ। ਉਹ ਜਿੱਥੇ ਪਰਵਾਰਿਕ ਪੱਖੋਂ ਪੂਰੇ ਜ਼ਿੰਮੇਵਾਰ ਸਨ ਉੱਥੇ ਅਧਿਆਤਮਿਕ ਪੱਖ ਤੋਂ ਵੀ ਸਰਬ-ਕਲਾ ਸਮਰੱਥ ਸਨ। ਇਸ ਸਮਰਥਾ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਅਰਜਨ ਦੇਵ ਜੀ ਨੂੰ ਉਨ੍ਹਾਂ ਨੇ ਗੁਰਿਆਈ ਦੀ ਬਖ਼ਸ਼ਿਸ਼ ਕੀਤੀ। ਗੁਰੂ ਪਿਤਾ ਵੱਲੋਂ ਵੱਡੇ ਪੁੱਤਰ (ਪ੍ਰਿਥੀ ਚੰਦ) ਨੂੰ ਅਣਡਿੱਠ ਕਰ ਕੇ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਕੇ ਘਰ ਦੀ ਵਡਿਆਈ (ਗੁਰਗੱਦੀ) ਦਿੱਤੇ ਜਾਣ ਦਾ ਪ੍ਰਿਥੀ ਚੰਦ ਨੇ ਡਟਵਾਂ ਵਿਰੋਧ ਕੀਤਾ ਪਰ ਗੁਰੂ ਰਾਮਦਾਸ ਜੀ ਨੇ ਕੇਵਲ ਯੋਗਤਾ ਨੂੰ ਹੀ ਪਹਿਲ ਦਿੱਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰ ਗੱਦੀ ਦੀ ਜ਼ਿੰਮੇਵਾਰੀ ਸੌਂਪ ਕੇ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਕੁਝ ਦਿਨ ਇਥੇ ਟਿਕਾਣਾ ਕਰਨ ਤੋਂ ਬਾਅਦ ਅੱਸੂ ਮਹੀਨੇ ਦੇ ਦੂਜੇ ਦਿਨ, ਮੁਤਾਬਕ ਸੰਮਤ 1638 (ਸਤੰਬਰ 1581 ਈਸਵੀ) ਨੂੰ ਜੋਤੀ ਜੋਤ ਸਮਾ ਗਏ।

ਅਧਿਆਤਮਿਕ ਆਗੂ ਹੋਣ ਦੇ ਨਾਲ-ਨਾਲ ਗੁਰੂ ਰਾਮਦਾਸ ਜੀ ਉੱਚ ਕੋਟੀ ਦੇ ਬਾਣੀਕਾਰ ਵੀ ਸਨ, ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ 19 ਰਾਗਾਂ ਦੀ ਵਰਤੋਂ ਕਰਦਿਆਂ ਅਤੇ 11 ਹੋਰ ਰਾਗਾਂ ਸਮੇਤ ਕੁੱਲ 30 ਰਾਗਾਂ ਵਿਚ ਬਾਣੀ ਰਚੀ। •

94631-32719

# ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਗਿੱਲਾਂ

ਮਨਮੋਹਨ ਸਿੰਘ ਬਾਸਰਕੇ

ਅੰਮ੍ਰਿਤਸਰ ਦੀ ਇਤਿਹਾਸਕ ਤੇ ਸਨਅਤੀ ਨਗਰੀ ਛੇਹਰਟਾ ਤੋਂ ਕਰੀਬ ਕਿਲੋਮੀਟਰ ਹਟਵਾਂ ਹੈ ਇਤਿਹਾਸਕ ਪਿੰਡ ਬਾਸਰਕੇ ਗਿੱਲਾਂ, ਜੋ ਛੇਹਰਟਾ-ਝਬਾਲ ਰੋਡ 'ਤੇ ਸਥਿਤ ਹੈ। ਇਸ ਪਿੰਡ ਨੂੰ ਗੁਰੂ ਨਾਨਕ ਦੇਵ ਜੀ ਦੀ ਤੀਸਰੀ ਜੋਤ ਗੁਰੂ ਅਮਰਦਾਸ ਦਾਸ ਜੀ ਦੀ ਜਨਮ ਨਗਰੀ ਹੋਣ ਦਾ ਮਾਣ ਹਾਸਲ ਹੈ। ਭਾਈ ਜੇਠਾ ਜੀ, ਜੋ ਬਾਅਦ ਵਿਚ ਸਿੱਖਾਂ ਦੇ ਚੌਥੇ ਗੁਰੂ ਰਾਮਦਾਸ ਜੀ ਹੋਏ, ਦੀ ਪਰਵਰਿਸ਼ ਵੀ ਇਸੇ ਪਿੰਡ ਵਿਚ ਨਾਨਕੇ ਘਰ 'ਚ ਹੋਈ ਸੀ, ਕਿਉਂਕਿ ਬਾਲ ਵਰੇਸੇ ਹੀ ਉਨ੍ਹਾਂ ਦੇ ਮਾਤਾ-ਪਿਤਾ ਅਕਾਲ ਪੁਰਖ ਦੇ ਚਰਨਾਂ 'ਚ ਜਾ ਬਿਰਾਜੇ ਸਨ। ਇਸ ਲਈ ਉਨ੍ਹਾਂ ਦੀ ਨਾਨੀ ਉਨ੍ਹਾਂ ਨੂੰ ਪਿੰਡ ਬਾਸਰਕੇ ਲੈ ਆਈ। ਬੀਬੀ ਭਾਨੀ ਜੀ ਗੁਰੂ ਅਮਰਦਾਸ ਦਾਸ ਜੀ ਦੀ ਪੁੱਤਰੀ ਅਤੇ ਗੁਰੂ ਰਾਮਦਾਸ ਜੀ ਦੀ ਸੁਪਤਨੀ ਸਨ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਪਿੰਡ ਬਾਸਰਕੇ ਵਿਚ ਨਾਨਕੇ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਮਾਤਾ ਖੀਵੀ ਜੀ ਦੀ ਸਪੁੱਤਰੀ ਬੀਬੀ ਅਮਰੋ, ਗੁਰੂ ਅਮਰਦਾਸ ਦਾਸ ਜੀ ਦੇ ਭਤੀਜੇ ਭਾਈ ਜਸੂ ਜੀ ਨਾਲ ਇਸੇ ਪਿੰਡ ਵਿਆਹੇ ਸਨ। ਗੁਰੂ ਅਮਰਦਾਸ ਜੀ ਦਾ ਗੁਰੂ ਅੰਗਦ ਦੇਵ ਜੀ ਨਾਲ ਮੇਲ ਕਰਵਾਉਣ ਵਾਲੇ ਬੀਬੀ ਅਮਰੋ ਜੀ ਸਨ। ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਚਰਨਛੋਹ ਵੀ ਇਸ ਪਿੰਡ ਨੂੰ ਪ੍ਰਾਪਤ ਹੈ। ਇਸ ਪਿੰਡ ਵਿਚ ਤਿੰਨ ਇਤਿਹਾਸਕ ਗੁਰਦੁਆਰੇ ਹਨ, ਜਿਨ੍ਹਾਂ ਵਿਚ ਗੁਰਦੁਆਰਾ ਜਨਮ ਅਸਥਾਨ ਗੁਰੂ ਅਮਰਦਾਸ ਜੀ, ਗੁਰਦੁਆਰਾ ਸੰਨ੍ਹ ਸਾਹਿਬ ਅਤੇ ਗੁਰਦੁਆਰਾ ਅੰਗੀਠਾ ਬੀਬੀ ਅਮਰੋ ਜੀ ਹਨ।

ਅੱਜ ਗੁਰਦੁਆਰਾ ਸੰਨ੍ਹ ਸਾਹਿਬ ਬਾਸਰਕੇ ਗਿੱਲਾਂ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤਿ ਦਿਵਸ ਸਾਲਾਨਾ ਚੁਰਾਸੀ ਕੱਟ ਮੇਲਾ ਵਜੋਂ ਮਨਾਇਆ ਜਾ ਰਿਹਾ ਹੈ। ਜਿੱਥੋਂ ਤਕ ਗੁਰਦੁਆਰਾ ਸੰਨ੍ਹ ਸਾਹਿਬ ਦੇ ਇਤਿਹਾਸ ਦਾ ਸਬੰਧ ਹੈ, ਜਦੋ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਦਿੱਤੀ ਤਾਂ ਗੁਰੂ ਅੰਗਦ ਦੇਵ ਜੀ ਦੇ ਪੁੱਤਰਾਂ ਦਾਤੂ ਅਤੇ ਦਾਸੂ ਨੇ ਕਰੜਾ ਵਿਰੋਧ ਕੀਤਾ। ਭਾਈ ਦਾਸੂ ਤਾਂ ਮਾਤਾ ਖੀਵੀ ਜੀ ਦੇ ਸਮਝਾਉਣ 'ਤੇ ਸਹਿਮਤ ਹੋ ਗਏ ਪਰ ਦਾਤੂ ਅੜੇ ਰਹੇ। ਗੁਰੂ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਆਦੇਸ਼ 'ਤੇ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਚਲੇ ਗਏ ਪਰ ਦਾਤੂ ਨੇ ਵਿਰੋਧਤਾ ਨਾ ਛੱਡੀ ਅਤੇ ਭਰੇ ਦਰਬਾਰ ਵਿਚ ਗੁਰੂ ਜੀ ਨੂੰ ਲੱਤ ਮਾਰੀ ਤੇ ਕਿਹਾ ਕਿ ਸਾਡੇ ਟੁੱਕਰਾਂ 'ਤੇ ਪਲਣ ਵਾਲਾ ਅੱਜ ਗੁਰੂ ਬਣ ਬੈਠਾ ਹੈ। ਸੇਵਾ ਤੇ ਸ਼ਾਂਤੀ ਦੇ ਪੁੰਜ ਗੁਰੂ ਅਮਰਦਾਸ ਜੀ ਨੇ ਚਰਨ ਪਕੜ ਕੇ ਕਿਹਾ ਮੇਰੇ ਹੱਡ ਸਖ਼ਤ ਹਨ, ਤੁਸੀਂ ਗੁਰੂ ਜੀ ਦੇ ਸਾਹਿਬਜ਼ਾਦੇ ਹੋ, ਤੁਹਾਡੇ ਚਰਨ ਕੋਮਲ ਹਨ, ਕਿਤੇ ਸੱਟ ਤਾਂ ਨਹੀਂ ਲਗੀ।

ਇਹ ਸੁਣ ਕੇ ਦਾਤੂ ਕਹਿਣ ਲਗਾ, ਤੇਰੀ ਇਸ ਨਿਮਰਤਾ ਨੇ ਸਾਡੀ ਗੱਦੀ ਖੋਹੀ ਹੈ। ਗੁਰੂ ਅਮਰਦਾਸ ਜੀ ਨਹੀਂ ਚਾਹੁੰਦੇ ਸਨ ਕਿ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਨਾਲ ਕਿਸੇ ਤਰ੍ਹਾਂ ਦਾ ਵਿਰੋਧ ਪੈਦਾ ਹੋਵੇ। ਇਸ ਲਈ ਉਹ ਰਾਤੋ ਰਾਤ ਬਿਨਾਂ ਕਿਸੇ ਨੂੰ ਦੱਸਿਆਂ ਗੋਇੰਦਵਾਲ ਤੋਂ ਆਪਣੇ ਪਿੰਡ ਬਾਸਰਕੇ ਆ ਗਏ ਤੇ ਮਲ੍ਹੇ-ਝਾੜੀਆਂ ਵਿਚ ਵਾਗੀਆਂ ਵੱਲੋਂ ਮੀਹ-ਕਣੀ ਤੋਂ ਬਚਾਅ ਲਈ ਬਣਾਏ ਇਕ ਕਮਰੇ 'ਚ ਭਜਨ ਬੰਦਗੀ ਲਈ ਬੂਹਾ ਬੰਦ ਕਰ ਕੇ ਬੈਠ ਗਏ। ਸਵੇਰੇ ਦੀਵਾਨ ਵੇਲੇ ਸੰਗਤਾਂ ਇਕੱਤਰ ਹੋਈਆਂ ਤਾਂ ਗੁਰੂ ਜੀ ਬਿਨਾਂ ਗੋਇੰਦਵਾਲ ਭਾਂ-ਭਾਂ ਕਰ ਰਿਹਾ ਸੀ। ਸੰਗਤਾਂ ਦੀ ਹਾਲਤ ਗੁਰੂ ਜੀ ਤੋਂ ਬਿਨਾਂ ਪਾਣੀ ਬਿਨ ਮਛਲੀ ਵਰਗੀ ਸੀ। ਸੰਗਤਾਂ ਦਾ ਇਕੱਠ ਹੋਇਆ, ਵਿਚਾਰਾਂ ਹੋਈਆਂ ਅਤੇ ਬਾਬਾ ਬੁੱਢਾ ਜੀ ਨੂੰ ਅਰਜ ਕੀਤੀ ਕਿ ਤੁਸੀਂ ਹੀ ਗੁਰੂ ਜੀ ਨੂੰ ਸੰਗਤ ਨਾਲ ਮਿਲਾ ਸਕਦੇ ਹੋ, ਇਸ ਲਈ ਬੇਨਤੀ ਸਵੀਕਾਰ ਕਰੋ।

ਬਾਬਾ ਬੁੱਢਾ ਜੀ ਨੇ ਗੁਰੂ ਜੀ ਦੀ ਘੋੜੀ ਮੰਗਵਾਈ। ਘੋੜੀ ਦੋਹਰੇ ਪੈਂਡੇ ਨਾਲ ਮੁੜ੍ਹਕੋ-ਮੁੜ੍ਹਕੀ ਹੋਈ ਸੀ। ਬਾਬਾ ਬੁੱਢਾ ਜੀ ਸਮਝ ਗਏ। ਉਨ੍ਹਾਂ ਕਿਹਾ ਕਿ ਜਿਸ ਨੇ ਗੁਰੂ ਵਿਛੋੜੇ ਹਨ, ਉਹੀ ਮਿਲਾਵੇਗੀ। ਬਾਬਾ ਬੁੱਢਾ ਜੀ ਨੇ ਘੋੜੀ ਦੀਆਂ ਵਾਗਾਂ ਛੱਡ ਦਿਤੀਆਂ। ਅੱਗੇ-ਅੱਗੇ ਘੋੜੀ ਤੇ ਪਿੱਛੇ-ਪਿੱਛੇ ਬਾਬਾ ਬੁੱਢਾ ਜੀ ਅਤੇ ਮਗਰ ਸੰਗਤ ਸਤਿਨਾਮੁ ਵਾਹਿਗੁਰੂ ਦਾ ਜਾਪ ਕਰਦੀ ਹੋਈ ਚੱਲ ਪਈ। ਘੋੜੀ ਨੇ ਉਸ ਥਾਂ ਆ ਨਮਸਕਾਰ ਕੀਤੀ, ਜਿਥੇ ਉਹ ਗੁਰੂ ਜੀ ਨੂੰ ਛੱਡ ਕੇ ਗਈ ਸੀ। ਸੰਗਤਾਂ ਘੋਰ ਨਿਰਾਸ ਹੋ ਗਈਆਂ ਜਦੋਂ ਬੂਹੇ 'ਤੇ ਗੁਰੂ ਜੀ ਦਾ ਹੁਕਮ ਪੜ੍ਹਿਆ ਕਿ ਜੋ ਬੂਹਾ ਖਲ੍ਹੇਗਾ, ਗੁਰੂ ਦਾ ਸਿੱਖ ਨਹੀਂ ਹੋਵੇਗਾ।

ਬਾਬਾ ਬੁੱਢਾ ਜੀ ਨੇ ਸੰਗਤਾਂ ਨੂੰ ਧੀਰਜ ਰੱਖਣ ਲਈ ਕਿਹਾ ਅਤੇ ਬੂਹਾ ਖੋਲ੍ਹਣ ਦੀ ਬਜਾਏ ਕੰਧ ਨੂੰ ਸੰਨ੍ਹ ਲਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਸੰਗਤਾਂ ਨੂੰ ਵੀ ਕਰਵਾਏ। ਬਾਬਾ ਬੁੱਢਾ ਜੀ ਨੇ ਗਲ਼ 'ਚ ਪਰਨਾ ਪਾ ਕੇ ਅਰਜ ਕੀਤੀ, 'ਪਾਤਸ਼ਾਹ ਤੁਹਾਡੇ ਹੁਕਮਾਂ ਦੀ ਅਵੱਗਿਆ ਨਹੀਂ ਕੀਤੀ।' ਗੁਰੂ ਅਮਰਦਾਸ ਦਾਸ ਜੀ ਨੇ ਮੁਸਕਰਾ ਕੇ ਕਿਹਾ, 'ਬਾਬਾ ਜੀ ਤੁਸੀਂ ਸੰਨ੍ਹ ਨਹੀਂ ਲਗਾਈ ਸਗੋਂ ਸੰਗਤਾਂ ਲਈ ਮੁਕਤੀ ਦਾ ਦਰ ਖੋਲ੍ਹ ਦਿੱਤਾ ਹੈ। ਜੋ ਇਸ ਸੰਨ੍ਹ ਵਿਚ ਦੀ ਲੰਘ ਜਾਵੇਗਾ, ਚੁਰਾਸੀ ਦੇ ਗੇੜ ਤੋਂ ਮੁਕਤ ਹੋ ਜਾਵੇਗਾ।'

ਗੁਰਦੁਆਰਾ ਸੰਨ੍ਹ ਸਾਹਿਬ ਵਿਖੇ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਪੁਰਬ ਮਨਾਇਆ ਜਾ ਰਿਹਾ ਹੈ। ਇਸ ਅਸਥਾਨ ਦੀ ਸੇਵਾ ਬਾਬਾ ਖੜਕ ਸਿੰਘ ਬੀੜ ਸਾਹਿਬ ਵਾਲਿਆਂ ਨੇ ਕਰਵਾਈ ਹੈ ਅਤੇ ਰਹਿੰਦੇ ਕਾਰਜਾਂ ਦੀ ਸੇਵਾ ਬਾਬਾ ਸਬੇਗ ਸਿੰਘ ਗੋਇੰਦਵਾਲ ਸਾਹਿਬ ਵਾਲੇ ਕਰਵਾ ਰਹੇ ਹਨ। •

99147-16616





**ਪਿੰਡ ਬਾਸਰਕੇ ਵਿਚ ਤਿੰਨ ਇਤਿਹਾਸਕ ਗੁਰਦੁਆਰੇ ਹਨ- ਗੁਰਦੁਆਰਾ ਜਨਮ ਅਸਥਾਨ ਗੁਰੂ ਅਮਰਦਾਸ ਜੀ, ਗੁਰਦੁਆਰਾ ਸੰਨ੍ਹ ਸਾਹਿਬ ਤੇ ਗੁਰਦੁਆਰਾ ਅੰਗੀਠਾ ਬੀਬੀ ਅਮਰੋ ਜੀ...**

# ਸਿਹਤ ਵਿਭਾਗ ਦਾ ਡੇਂਗੂ 'ਤੇ ਵਾਰ: ਗੁਰਦਾਸਪੁਰ 'ਚ 1.45 ਲੱਖ ਤੋਂ ਵੱਧ ਘਰਾਂ ਦੀ ਕੀਤੀ ਜਾ ਚੁੱਕੀ ਜਾਂਚ

**ਕੌਮੀ ਪਤ੍ਰਿਕਾ**

ਗੁਰਦਾਸਪੁਰ 8 ਸਤੰਬਰ। ਸਿਹਤ ਵਿਭਾਗ ਵੱਲੋਂ ਡੇਂਗੂ ਅਤੇ ਹੋਰ ਮੱਛਰ ਜਨਿਤ ਬਿਮਾਰੀਆਂ ਦੀ ਰੋਕਥਾਮ ਲਈ ਜ਼ਿਲ੍ਹਾ ਗੁਰਦਾਸਪੁਰ ਵਿੱਚ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਹੁਣ ਤੱਕ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ 1,45,608 ਘਰਾਂ ਦੀ ਜਾਂਚ ਕੀਤੀ ਜਾ ਚੁੱਕੀ ਹੈ, ਜਿਨ੍ਹਾਂ ਵਿੱਚੋਂ 2,223 ਥਾਵਾਂ 'ਤੇ ਮੱਛਰ ਦਾ ਲਾਰਵਾ ਮਿਲਿਆ ਹੈ। ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਾਰਵਾ ਮਿਲਣ ਵਾਲੀਆਂ ਥਾਵਾਂ 'ਤੇ ਉਸ ਨੂੰ ਨਸ਼ਟ ਕਰਨ ਦੇ ਨਾਲ-ਨਾਲ ਮੱਛਰਾਂ ਦੇ ਖਾਤਮੇ ਲਈ ਸਪਰੇਅ ਅਤੇ ਫੌਗਿੰਗ ਦੀਆਂ ਗਤੀਵਿਧੀਆਂ ਨਿਰੰਤਰ ਜਾਰੀ ਹਨ। ਜ਼ਿਲ੍ਹਾ ਐਪਿਡਮੋਲੋਜਿਸਟ ਡਾਕਟਰ ਮਮਤਾ ਵਸ਼ਿਸ਼ਟ ਅਤੇ ਐਮ.ਓ.ਐਚ. ਡਾਕਟਰ ਕੁਲਵਿੰਦਰ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਨੈਸ਼ਨਲ ਵੈਕਟਰ ਬੋਰਨ ਡਿਸੀਜ਼ ਕੰਟਰੋਲ ਪ੍ਰੋਗਰਾਮ ਤਹਿਤ ਸਿਹਤ ਮੰਤਰੀ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਇਹ ਮੁਹਿੰਮ ਚਲਾਈ ਜਾ ਰਹੀ ਹੈ। ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਦੀ ਅਗਵਾਈ ਹੇਠ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ



ਘਰ-ਘਰ ਜਾ ਕੇ ਮੱਛਰ ਦੇ ਲਾਰਵੇ ਦੀ ਜਾਂਚ ਕੀਤੀ ਜਾ ਰਹੀ ਹੈ। ਜਿੱਥੇ ਵੀ ਲਾਰਵਾ ਮਿਲਦਾ ਹੈ, ਉਸ ਨੂੰ ਤੁਰੰਤ ਨਸ਼ਟ ਕੀਤਾ ਜਾ ਰਿਹਾ ਹੈ। ਵਿਭਾਗ ਦੇ ਅੰਕੜਿਆਂ ਅਨੁਸਾਰ ਸ਼ਹਿਰੀ ਖੇਤਰ ਵਿੱਚ ਹੁਣ ਤੱਕ 94,399 ਘਰਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 1,916 ਥਾਵਾਂ 'ਤੇ ਲਾਰਵਾ ਮਿਲਿਆ। ਇਸੇ ਤਰ੍ਹਾਂ ਪੇਂਡੂ ਖੇਤਰ ਵਿੱਚ 51,209 ਘਰਾਂ ਦੀ ਜਾਂਚ ਦੌਰਾਨ 307 ਥਾਵਾਂ 'ਤੇ ਲਾਰਵਾ ਪਾਇਆ ਗਿਆ। ਇਸੇ ਮੁਹਿੰਮ ਤਹਿਤ ਸ਼ਹਿਰੀ ਖੇਤਰ ਵਿੱਚ 2,81,637 ਕੰਟੇਨਰਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 2,145 ਕੰਟੇਨਰਾਂ ਵਿੱਚ ਲਾਰਵਾ ਮਿਲਿਆ। ਪੇਂਡੂ ਖੇਤਰ ਵਿੱਚ 76,743 ਕੰਟੇਨਰਾਂ ਦੀ ਜਾਂਚ ਦੌਰਾਨ 361 ਕੰਟੇਨਰਾਂ ਵਿੱਚ ਲਾਰਵਾ ਪਾਇਆ ਗਿਆ। ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਇਨ੍ਹਾਂ ਸਾਰੇ ਸਥਾਨਾਂ 'ਤੇ ਲਾਰਵਾ ਨਸ਼ਟ ਕੀਤਾ ਗਿਆ। ਇਸ ਦੌਰਾਨ ਜ਼ਿਲ੍ਹੇ ਵਿੱਚ ਚੱਲ ਰਹੀਆਂ ਡੇਂਗੂ ਰੋਕਥਾਮ ਗਤੀਵਿਧੀਆਂ ਦਾ ਜਾਇਜ਼ਾ ਲੈਣ ਲਈ ਸਟੇਟ ਪ੍ਰੋਗਰਾਮ ਅਫ਼ਸਰ ਡਾਕਟਰ ਅਰਸ਼ਦੀਪ ਕੌਰ ਦੀ ਅਗਵਾਈ ਹੇਠ ਪਹੁੰਚੀ ਰਾਜ ਪੱਧਰੀ ਟੀਮ ਨੇ ਬਟਾਲਾ ਸ਼ਹਿਰ ਵਿੱਚ ਡੇਂਗੂ ਰੋਕਥਾਮ ਪ੍ਰਬੰਧਾਂ ਦੀ ਸਮੀਖਿਆ ਕੀਤੀ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਮਨਿੰਦਰਜੀਤ ਸਿੰਘ ਵੀ ਮੌਜੂਦ ਸਨ। ਜ਼ਿਲ੍ਹਾ ਐਪਿਡਮੋਲੋਜਿਸਟ ਡਾਕਟਰ ਮਮਤਾ ਵਸ਼ਿਸ਼ਟ ਅਤੇ ਐਮ.ਓ.ਐਚ. ਡਾਕਟਰ ਕੁਲਵਿੰਦਰ ਕੌਰ ਨੇ ਦੱਸਿਆ ਕਿ ਡੇਂਗੂ ਰੋਕਥਾਮ ਮੁਹਿੰਮ ਵਿੱਚ ਆਸ਼ਾ ਵਰਕਰਾਂ ਅਤੇ ਨਰਸਿੰਗ ਵਿਦਿਆਰਥੀਆਂ ਦੀ ਵੀ ਸ਼ਮੂਲੀਅਤ ਕਰਵਾਈ ਗਈ ਹੈ। ਫੀਲਡ ਸਟਾਫ਼ ਵੱਲੋਂ ਲਾਰਵੇ ਦੀ ਜਾਂਚ, ਸਪਰੇਅ ਅਤੇ ਫੌਗਿੰਗ ਦੇ ਨਾਲ ਲੋਕਾਂ ਨੂੰ ਮੱਛਰ ਜਨਿਤ ਬਿਮਾਰੀਆਂ ਤੋਂ ਬਚਾਅ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਮੱਛਰਾਂ ਦੇ ਖਾਤਮੇ ਲਈ ਵਿਭਾਗ ਵੱਲੋਂ ਟੀਮਾਂ ਨੂੰ ਫੌਗਿੰਗ ਮਸ਼ੀਨਾਂ ਅਤੇ ਸਪਰੇਅ ਪੰਪ ਮੁਹੱਈਆ ਕਰਵਾਏ ਗਏ ਹਨ। ਵੱਖ-ਵੱਖ ਖੇਤਰਾਂ ਵਿੱਚ ਫੌਗਿੰਗ ਅਤੇ ਸਪਰੇਅ ਲਗਾਤਾਰ ਕੀਤੀ ਜਾ ਰਹੀ ਹੈ। ਲੋਕਾਂ ਨੂੰ ਵੀ ਆਪਣੇ ਘਰਾਂ ਅਤੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦੇਣ ਅਤੇ ਮੱਛਰਾਂ ਦੇ ਪੈਦਾ ਹੋਣ ਨੂੰ ਰੋਕਣ ਲਈ ਲੋੜੀਂਦੀਆਂ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਜਾ ਰਹੀ ਹੈ।

## ਬੀਕਾਨੇਰ ਸ਼ਹਿਰ ਕਾਂਗਰਸ ਪ੍ਰਧਾਨ ਦੀ ਕੁੱਟਮਾਰ, ਮੁੱਢਲੀ ਮੈਂਬਰਸ਼ਿਪ ਤੋਂ ਦੋ ਆਗੂ ਛੇ ਸਾਲਾਂ ਲਈ ਮੁਅੱਤਲ

ਜੈਪੁਰ 8 ਸਤੰਬਰ। ਬੀਕਾਨੇਰ ਸ਼ਹਿਰ ਵਿਚ ਕਾਂਗਰਸ ਜ਼ਿਲ੍ਹਾ ਪ੍ਰਧਾਨ ਮਦਨ ਗੋਪਾਲ ਮੇਘਵਾਲ ਦੇ ਕਥਿਤ ਹਮਲੇ ਅਤੇ ਅਸ਼ਲੀਲ ਵਿਵਹਾਰ ਦੇ ਸਬੰਧ ਵਿੱਚ ਰਾਜਸਥਾਨ ਕਾਂਗਰਸ ਨੇ ਦੋ ਸਾਬਕਾ ਕੌਂਸਲਰਾਂ ਵਿਰੁੱਧ ਵੱਡੀ ਕਾਰਵਾਈ ਕੀਤੀ। ਪਾਰਟੀ ਨੇ ਦੀਪਕ ਅਰੋੜਾ ਅਤੇ ਮੋਹਿਤ ਅਰੋੜਾ ਨੂੰ ਤੁਰੰਤ ਪ੍ਰਭਾਵ ਨਾਲ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋਂ 6 ਸਾਲਾਂ ਲਈ ਮੁਅੱਤਲ ਕਰ ਦਿੱਤਾ ਹੈ। ਨਾਲ ਹੀ ਉਨ੍ਹਾਂ ਨੇ ਮਹਿਲਾ ਕਾਂਗਰਸ ਜ਼ਿਲ੍ਹਾ ਪ੍ਰਧਾਨ ਸ਼ਸ਼ੀਕਲਾ ਰਾਠੌਰ ਦੀ ਕਥਿਤ ਭੂਮਿਕਾ ਦੀ ਜਾਂਚ ਦੇ ਹੁਕਮ ਦਿੱਤੇ ਹਨ। ਪਾਰਟੀ ਆਗੂਆਂ ਨੇ ਵੀਰਵਾਰ ਨੂੰ ਕਿਹਾ ਕਿ ਕਾਂਗਰਸ ਦੀ ਸੂਬਾ ਇਕਾਈ ਦੇ ਪ੍ਰਧਾਨ ਗੋਵਿੰਦ ਸਿੰਘ ਦੋਤਾਸਰਾ ਨੇ ਮਹਿਲਾ ਕਾਂਗਰਸ ਦੀ ਸੂਬਾ ਪ੍ਰਧਾਨ ਸਾਰਿਕਾ ਸਿੰਘ ਨੂੰ ਰਾਠੌਰ ਵਿਰੁੱਧ ਲੱਗੇ ਦੋਸ਼ਾਂ ਦੀ ਜਾਂਚ ਕਰਨ ਅਤੇ ਦੋ ਦਿਨਾਂ ਦੇ ਅੰਦਰ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਕਾਰਵਾਈ ਬੁੱਧਵਾਰ ਨੂੰ ਬੀਕਾਨੇਰ ਦੇ ਵਾਰਡ ਨੰਬਰ 50 ਤੋਂ ਕਾਂਗਰਸ ਉਮੀਦਵਾਰ ਦੇ ਚੋਣ ਦਫ਼ਤਰ ਦੇ ਉਦਘਾਟਨ ਦੌਰਾਨ ਮੇਘਵਾਲ 'ਤੇ ਕਥਿਤ ਤੌਰ 'ਤੇ ਹਮਲਾ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਕੀਤੀ ਹੈ। ਪਾਰਟੀ ਦੇ ਜਨਰਲ ਸਕੱਤਰ (ਸੰਗਠਨ) ਲਲਿਤ ਤੂਨਵਾਲ ਵਲੋਂ ਜਾਰੀ ਕੀਤੇ ਗਏ ਪੱਤਰ ਅਨੁਸਾਰ ਦੀਪਕ ਅਰੋੜਾ, ਮੋਹਿਤ ਅਰੋੜਾ ਅਤੇ ਕੁਝ ਹੋਰ ਲੋਕਾਂ ਨੇ ਮੇਘਵਾਲ 'ਤੇ ਕਥਿਤ ਤੌਰ 'ਤੇ ਹਮਲਾ ਕਰਦੇ ਹੋਏ ਦੁਰਵਿਵਹਾਰ ਕੀਤਾ। ਪਾਰਟੀ ਨੇ ਬੁੱਧਵਾਰ ਰਾਤ ਨੂੰ ਦੀਪਕ ਅਰੋੜਾ ਅਤੇ ਮੋਹਿਤ ਅਰੋੜਾ ਨੂੰ ਇਸ ਘਟਨਾ ਵਿੱਚ ਕਥਿਤ ਸ਼ਮੂਲੀਅਤ ਲਈ ਛੇ ਸਾਲ ਲਈ ਮੁਅੱਤਲ ਕਰ ਦਿੱਤਾ। ਮੇਘਵਾਲ ਨੇ ਸ਼ਸ਼ੀਕਲਾ ਰਾਠੌਰ 'ਤੇ ਵੀ ਇਸ ਘਟਨਾ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਅਤੇ ਦੋਤਾਸਰਾ ਨੂੰ ਸ਼ਿਕਾਇਤ ਕੀਤੀ। ਇਸ ਤੋਂ ਬਾਅਦ, ਉਸਦੀ ਭੂਮਿਕਾ ਦੀ ਜਾਂਚ ਦੇ ਹੁਕਮ ਦਿੱਤੇ ਗਏ। ਸੂਬਾ ਮਹਿਲਾ ਕਾਂਗਰਸ ਪ੍ਰਧਾਨ ਸਾਰਿਕਾ ਸਿੰਘ ਨੂੰ ਮਾਮਲੇ ਦੀ ਜਾਂਚ ਕਰਕੇ ਲੋੜੀਂਦੀ ਕਾਰਵਾਈ ਕਰਨ ਅਤੇ ਦੋ ਦਿਨਾਂ ਦੇ ਅੰਦਰ ਸੂਬਾ ਕਾਂਗਰਸ ਨੂੰ ਆਪਣੀ ਰਿਪੋਰਟ ਸੌਂਪਣ ਲਈ ਕਿਹਾ ਗਿਆ ਹੈ। ਘਟਨਾ ਦੀ ਜਾਣਕਾਰੀ ਦਿੰਦੇ ਹੋਏ ਮੇਘਵਾਲ ਨੇ ਕਿਹਾ ਕਿ ਕੁਝ ਲੋਕਾਂ ਨੇ ਗੱਲਬਾਤ ਦੇ ਬਹਾਨੇ ਉਨ੍ਹਾਂ ਨੂੰ ਵਾਰਡ ਦਫ਼ਤਰ ਦੇ ਬਾਹਰ ਬੁਲਾਇਆ ਸੀ। ਉਨ੍ਹਾਂ ਕਿਹਾ, ਜਿਵੇਂ ਹੀ ਮੈਂ ਪੌੜੀਆਂ ਤੋਂ ਹੇਠਾਂ ਆਇਆ, ਉਨ੍ਹਾਂ ਨੇ ਅਚਾਨਕ ਮੈਨੂੰ ਕੁੱਟਣਾ ਅਤੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਉੱਥੇ ਮੌਜੂਦ ਵਰਕਰਾਂ ਨੇ ਦਖਲ ਦਿੰਦੇ ਹੋਏ ਬਚਾਅ ਕੀਤਾ। ਇਸ ਘਟਨਾ ਦਾ ਇੱਕ ਕਥਿਤ ਵੀਡੀਓ ਸੋਸ਼ਲ ਮੀਡੀਆ 'ਤੇ ਵੀ ਸਾਹਮਣੇ ਆਇਆ ਹੈ। ਇਹ ਘਟਨਾ ਸ਼ਹਿਰੀ ਬਾਡੀ ਚੋਣਾਂ ਲਈ ਟਿਕਟਾਂ ਦੀ ਵੰਡ ਤੋਂ ਬਾਅਦ ਕਾਂਗਰਸ ਪਾਰਟੀ ਦੇ ਅੰਦਰ ਚੱਲ ਰਹੀ ਅੰਦਰੂਨੀ ਅਸੰਤੁਸ਼ਟੀ ਦੇ ਵਿਚਕਾਰ ਆਈ ਹੈ। ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਇਸ ਘਟਨਾ ਦੀ ਨਿੰਦਾ ਕੀਤੀ ਅਤੇ ਜ਼ਿੰਮੇਵਾਰ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਿਰਫ਼ ਇੱਕ ਵਿਅਕਤੀ ਨੂੰ ਪਾਰਟੀ ਟਿਕਟ ਮਿਲ ਸਕਦੀ ਹੈ, ਪਰ ਟਿਕਟ ਵੰਡ ਨੂੰ ਲੈ ਕੇ ਮਤਭੇਦ ਕਿਸੇ ਵੀ ਹਾਲਤ ਵਿੱਚ ਹਿੰਸਾ ਨੂੰ ਜਾਇਜ਼ ਨਹੀਂ ਠਹਿਰਾ ਸਕਦੇ।

## 30 ਸਤੰਬਰ ਤੋਂ ਪਹਿਲਾਂ ਟੈਕਸ ਅਦਾ ਕਰਨ ਵਾਲੇ ਸ਼ਹਿਰੀਆਂ ਨੂੰ 10 ਫ਼ੀਸਦੀ ਦੀ ਮਿਲੇਗੀ ਛੋਟ !

ਪਟਿਆਲਾ 8 ਸਤੰਬਰ। ਨਗਰ ਨਿਗਮ ਦੀ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਨੇ ਇਕ ਵਿਸ਼ੇਸ਼ ਸੁਨੇਹਾ ਜਾਰੀ ਕਰਦਿਆਂ ਸਮੂਹ ਪਟਿਆਲਾ ਨਿਵਾਸੀਆਂ ਨੂੰ ਵਿੱਤੀ ਸਾਲ 2026-27 ਲਈ ਆਪਣਾ ਪ੍ਰਾਪਰਟੀ ਟੈਕਸ ਸਮੇਂ ਸਿਰ ਜਮ?ਹਾਂ ਕਰਵਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ 30 ਸਤੰਬਰ ਤੋਂ ਪਹਿਲਾਂ ਟੈਕਸ ਅਦਾ ਕਰਨ ਵਾਲੇ ਸ਼ਹਿਰੀਆਂ ਨੂੰ ਸਰਕਾਰ ਵੱਲੋਂ ਦਿੱਤੀ ਜਾ ਰਹੀ 10 ਫ਼ੀਸਦੀ ਵਿਸ਼ੇਸ਼ ਛੋਟ ਦਾ ਲਾਭ ਹੋਵੇਗਾ। ਕਮਿਸ਼ਨਰ ਨੇ ਕਿਹਾ ਕਿ ਘਰਾਂ, ਗਲੀਆਂ ਅਤੇ ਸਮੁੱਚੇ ਸ਼ਹਿਰ ਨੂੰ ਖ਼ੂਬਸੂਰਤ ਬਣਾਉਣ 'ਚ ਸ਼ਹਿਰ ਵਾਸੀਆਂ ਦਾ ਹਮੇਸ਼ਾ ਵਡਮੁੱਲਾ ਯੋਗਦਾਨ ਰਿਹਾ ਹੈ। ਇਸੇ ਯੋਗਦਾਨ ਦੀ ਇਕ ਅਹਿਮ ਕੜੀ ਸਮੇਂ ਸਿਰ ਪ੍ਰਾਪਰਟੀ ਟੈਕਸ ਜਮ?ਹਾਂ ਕਰਵਾਉਣਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਪ੍ਰਾਪਰਟੀ ਟੈਕਸ ਰਾਹੀਂ ਇਕੱਠਾ ਹੋਣ ਵਾਲਾ ਇਕ-ਇਕ ਪੈਸਾ ਸ਼ਹਿਰ ਦੇ ਸਰਵਪੱਖੀ ਵਿਕਾਸ, ਸਫ਼ਾਈ ਵਿਵਸਥਾ ਅਤੇ ਸੁੰਦਰੀਕਰਨ ਦੇ ਕਾਰਜਾਂ 'ਤੇ ਹੀ ਖ਼ਰਚ ਕੀਤਾ ਜਾਂਦਾ ਹੈ।

# ਜ਼ਹਿਰੀਲੀ ਸ਼ਰਾਬ ਨੇ ਇਕ ਵਾਰ ਫ਼ਰੀ ਢਾਹਿਆ ਕਹਿਰ ! 4 ਪਿੰਡਾਂ 'ਚ ਵਿਛਾ'ਤੇ ਸੱਥਰ

ਸਾਗਰ 8 ਸਤੰਬਰ। ਮੱਧ ਪ੍ਰਦੇਸ਼ ਦੇ ਸਾਗਰ ਜ਼ਿਲ੍ਹੇ ਦੀ ਬਾਂਦਾ ਤਹਿਸੀਲ ਦੇ ਚਾਰ ਪਿੰਡਾਂ 'ਚ ਕਥਿਤ ਤੌਰ 'ਤੇ ਜ਼ਹਿਰੀਲੀ ਸ਼ਰਾਬ ਪੀਣ ਤੋਂ ਬਾਅਦ ਸ਼ਨੀਵਾਰ ਅਤੇ ਐਤਵਾਰ ਰਾਤ ਦੀ ਦਰਮਿਆਨੀ ਰਾਤ 9 ਲੋਕਾਂ ਦੀ ਮੌਤ ਹੋ ਗਈ। ਇਕ ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਸਾਗਰ ਦੇ ਮੁੱਖ ਮੈਡੀਕਲ ਅਤੇ ਸਿਹਤ ਅਧਿਕਾਰੀ (ਸੀ.ਐੱਮ.ਐੱਚ.ਓ.) ਦੇਵੇਸ਼ ਪਟੇਰੀਆ ਨੇ ਬਾਂਦਾ 'ਚ ਪੱਤਰਕਾਰਾਂ ਨੂੰ ਦੱਸਿਆ ਕਿ ਕਥਿਤ ਤੌਰ 'ਤੇ ਜ਼ਹਿਰੀਲੀ ਸ਼ਰਾਬ ਪੀਣ ਤੋਂ ਬਾਅਦ 9 ਤੋਂ 10 ਲੋਕਾਂ ਦੀ ਮੌਤ ਹੋਈ। ਉਨ੍ਹਾਂ ਕਿਹਾ ਕਿ 5 ਲੋਕਾਂ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਸਾਗਰ ਜ਼ਿਲ੍ਹਾ ਹਸਪਤਾਲ ਭੇਜਿਆ ਗਿਆ ਹੈ। ਹਾਲਾਂਕਿ, ਸਾਗਰ ਜ਼ਿਲ੍ਹਾ ਮੈਜਿਸਟ?ਰੇਟ ਪ੍ਰਤਿਭਾ ਪਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਜ਼ਰੂਰੀ ਨਹੀਂ ਹੈ ਕਿ ਮੌਤਾਂ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਹੋਣ। ਉਨ੍ਹਾਂ ਕਿਹਾ, ਕੁਝ ਲੋਕ ਬੀਮਾਰ ਪਏ ਹਨ ਅਤੇ ਕੁਝ ਦੀ ਮੌਤ ਵੀ ਹੋਈ ਹੈ। ਉਨ੍ਹਾਂ ਦੀ ਸਿਵਲ ਹਸਪਤਾਲ 'ਚ ਜਾਂਚ ਕੀਤੀ ਜਾ ਰਹੀ ਹੈ। ਨੌਰਾਜ ਅਤੇ ਘੁੱਗਰ ਸਮੇਤ ਪਛਾਣੇ ਗਏ ਖੇਤਰਾਂ 'ਚ ਡਾਕਟਰਾਂ ਅਤੇ ਅਧਿਕਾਰੀਆਂ ਦੀਆਂ ਜਾਂਚ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਜ਼ਿਲ੍ਹਾ ਮੈਜਿਸਟ?ਰੇਟ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੀ ਵਿਅਕਤੀ ਜਿਸ ਨੇ ਪਿਛਲੇ 24 ਤੋਂ 48 ਘੰਟਿਆਂ 'ਚ ਕਿਸੇ ਵੀ ਕਿਸਮ ਦੀ ਸ਼ਰਾਬ ਪੀਤੀ ਹੈ ਅਤੇ ਕੋਈ ਲੱਛਣ ਮਹਿਸੂਸ ਕਰ ਰਿਹਾ ਹੈ, ਤਾਂ ਉਸ ਨੂੰ ਤੁਰੰਤ ਡਾਕਟਰ ਤੋਂ ਆਪਣੀ ਜਾਂਚ ਕਰਵਾਉਣੀ



ਚਾਹੀਦੀ ਹੈ। ਉਨ੍ਹਾਂ ਕਿਹਾ, ਪ੍ਰਸ਼ਾਸਨ ਅਜਿਹੇ ਸਾਰੇ ਮਾਮਲਿਆਂ ਦੀ ਨਿਗਰਾਨੀ ਕਰ ਰਿਹਾ ਹੈ ਅਤੇ ਜਾਂਚ ਦੇ ਆਧਾਰ 'ਤੇ ਜ਼ਰੂਰੀ ਕਾਰਵਾਈ ਕੀਤੀ ਜਾਵੇਗੀ। ਬਾਂਦਾ ਦੇ ਸਾਬਕਾ ਵਿਧਾਇਕ ਤਰਵਾਰ ਲੋਧੀ ਨੇ ਦਾਅਵਾ ਕੀਤਾ ਕਿ ਜ਼ਹਿਰੀਲੀ ਸ਼ਰਾਬ ਪੀਣ ਕਾਰਨ 9 ਲੋਕਾਂ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਬਾਂਦਾ ਵਿਕਾਸ ਬਲਾਕ ਦੇ ਬਰਾਜ, ਘੁਘਰ, ਨੌਰਾਜ ਅਤੇ ਆਲੇ-ਦੁਆਲੇ ਦੇ ਪਿੰਡਾਂ 'ਚ ਰਹਿਣ ਵਾਲੇ ਕਈ ਲੋਕਾਂ ਨੇ ਸ਼ਨੀਵਾਰ ਰਾਤ ਨੂੰ ਸ਼ਰਾਬ ਪੀਤੀ ਸੀ, ਜਿਸ ਤੋਂ ਬਾਅਦ ਉਨ੍ਹਾਂ ਦੀ ਸਿਹਤ ਅਚਾਨਕ ਵਿਗੜ ਗਈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰਾਂ ਨੇ ਉਨ੍ਹਾਂ ਨੂੰ ਇਲਾਜ ਲਈ ਬਾਂਦਾ ਸਰਕਾਰੀ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਕਈਆਂ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਕਿਹਾ ਕਿ ਚਾਰ ਜਾਂ ਪੰਜ ਲੋਕ ਬਾਂਦਾ ਸਿਵਲ ਹਸਪਤਾਲ 'ਚ ਦਾਖਲ ਹਨ, ਜਦੋਂ ਕਿ ਚਾਰ ਜਾਂ ਪੰਜ ਨੂੰ ਸਾਗਰ ਭੇਜਿਆ ਗਿਆ ਹੈ। ਲੋਧੀ ਨੇ ਜਨਤਾ ਨੂੰ ਅਪੀਲ ਕੀਤੀ ਕਿ ਜਿਸ ਕਿਸੇ ਨੇ ਵੀ ਪਿਛਲੇ 2 ਜਾਂ 3 ਦਿਨਾਂ 'ਚ ਬਾਂਦਾ ਖੇਤਰ 'ਚ ਕਿਸੇ ਵੀ ਦੁਕਾਨ ਜਾਂ ਗੈਰ-ਕਾਨੂੰਨੀ ਸ਼ਰਾਬ ਵੇਚਣ ਵਾਲੇ ਤੋਂ ਸ਼ਰਾਬ ਖਰੀਦੀ ਹੈ ਜਾਂ ਪੀਤੀ ਹੈ ਅਤੇ ਕੋਈ ਵੀ ਸਿਹਤ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ, ਉਸ ਨੂੰ ਤੁਰੰਤ ਹਸਪਤਾਲ ਜਾਣਾ ਚਾਹੀਦਾ ਹੈ ਅਤੇ ਡਾਕਟਰ ਤੋਂ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਜ਼ਿਲ੍ਹਾ ਮੈਜਿਸਟ?ਰੇਟ ਪ੍ਰਤਿਭਾ ਪਾਲ ਅਤੇ ਪੁਲਸ ਸੁਪਰਡੈਂਟ ਅਨੁਰਾਗ ਸੁਜਾਨੀਆ ਦੀ ਅਗਵਾਈ 'ਚ ਪ੍ਰਸ਼ਾਸਨ ਅਤੇ ਪੁਲਸ ਦੀ ਇਕ ਟੀਮ ਮੌਕੇ 'ਤੇ ਮੌਜੂਦ ਹੈ। ਅਧਿਕਾਰੀ ਮਾਮਲੇ ਦੀ ਜਾਂਚ ਕਰ ਰਹੇ ਹਨ।

# ਗੁਰਸਿੱਖ ਨੌਜਵਾਨ 'ਤੇ ਪੁਲਸ ਤਸ਼ੱਦਦ ਨਿੰਦਣਯੋਗ : ਧਾਮੀ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 8 ਸਤੰਬਰ। ਪੰਜਾਬ 'ਚ ਨਸ਼ਿਆਂ ਦੀ ਗੰਭੀਰ ਸਮੱਸਿਆ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਵਾਲ ਕਰਨ ਵਾਲੇ ਗੁਰਸਿੱਖ ਨੌਜਵਾਨ ਸ. ਮੋਹਨਜੀਤ ਸਿੰਘ ਸ਼ੇਰੋਂ ਨਾਲ ਪੁਲਸ ਵੱਲੋਂ ਕਥਿਤ ਤੌਰ 'ਤੇ ਤਸ਼ੱਦਦ ਕਰਨ ਅਤੇ ਉਸ ਦੇ ਕਕਾਰਾਂ ਦੀ ਬੇਅਦਬੀ ਕੀਤੇ ਜਾਣ ਦੀ ਘਟਨਾ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਰੋਸ ਪ੍ਰਗਟਾਇਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਨੂੰ ਬੇਹੱਦ ਮੰਦਭਾਗੀ ਅਤੇ ਨਿੰਦਣਯੋਗ ਕਰਾਰ ਦਿੰਦਿਆਂ ਦੋਸ਼ੀ ਪੁਲਿਸ ਮੁਲਾਜ਼ਮਾਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਨਸ਼ਿਆਂ ਵਰਗੇ ਗੰਭੀਰ ਸਮਾਜਿਕ ਮੁੱਦੇ 'ਤੇ ਸਰਕਾਰ ਤੋਂ ਸਵਾਲ ਪੁੱਛਣਾ ਹਰ ਨਾਗਰਿਕ ਦਾ ਹੱਕ ਹੈ। ਨਸ਼ਿਆਂ ਖ਼?ਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਨੌਜਵਾਨ ਨੂੰ ਸਵਾਲ ਪੁੱਛਣ ਦੀ ਸਜ਼ਾ ਦੇਣ ਦੀ ਬਜਾਏ ਸਰਕਾਰ ਨੂੰ ਉਸ ਦੇ ਸਵਾਲਾਂ ਦਾ ਜਵਾਬ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਰੋਧ ਦੀ ਆਵਾਜ਼ ਨੂੰ



ਪੁਲਿਸ ਦੀ ਤਾਕਤ ਨਾਲ ਦਬਾਉਣਾ ਲੋਕਤੰਤਰ ਦੀ ਭਾਵਨਾ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਨੌਜਵਾਨ ਨਾਲ ਕਥਿਤ ਤਸ਼ੱਦਦ ਦੇ ਨਾਲ ਉਸ ਦੇ ਕੇਸਾਂ ਅਤੇ ਕਕਾਰਾਂ ਦੀ ਬੇਅਦਬੀ ਕੀਤੇ ਜਾਣ ਦੀ ਗੱਲ ਸਾਹਮਣੇ ਆਈ ਹੈ। ਕਕਾਰ ਸਿੱਖ ਦੀ ਧਾਰਮਿਕ ਪਹਿਚਾਣ, ਰਹਿਤ ਅਤੇ ਗੁਰੂ ਪ੍ਰਤੀ ਆਸਥਾ ਦੇ ਪ੍ਰਤੀਕ ਹਨ। ਕਿਸੇ ਵੀ ਸਿੱਖ ਦੇ ਕਕਾਰਾਂ ਨਾਲ ਜਾਣਬੁੱਝ ਕੇ ਅਪਮਾਨਜਨਕ ਵਿਵਹਾਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਲੈ ਕੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠ ਰਹੇ ਹਨ। ਅਜਿਹੇ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਚੁੱਕਣ ਵਾਲੇ ਨੌਜਵਾਨਾਂ ਨਾਲ ਸਖ਼ਤੀ ਕਰਨ ਦੀ ਬਜਾਏ ਸਰਕਾਰ ਨੂੰ ਨਸ਼ਿਆਂ ਦੀ ਰੋਕਥਾਮ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਦੀ ਵਰਦੀ ਲੋਕਾਂ ਨੂੰ ਡਰਾਉਣ ਲਈ ਨਹੀਂ, ਸਗੋਂ ਲੋਕਾਂ ਦੀ ਸੁਰੱਖਿਆ ਅਤੇ ਕਾਨੂੰਨ ਦੀ ਰੱਖਿਆ ਲਈ ਹੈ। ਉਨ੍ਹਾਂ ਮੰਗ ਕੀਤੀ ਕਿ ਘਟਨਾ ਦੀ ਨਿਰਪੱਖ ਜਾਂਚ ਕਰਵਾ ਕੇ ਜੇਕਰ ਕਿਸੇ ਪੁਲਿਸ ਕਰਮਚਾਰੀ ਵੱਲੋਂ ਕਾਨੂੰਨ ਦੀ ਉਲੰਘਣਾ ਜਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਪੁਸ਼ਟੀ ਹੁੰਦੀ ਹੈ ਤਾਂ ਉਸ ਦੀ ਜ਼ਿੰਮੇਵਾਰੀ ਤੈਅ ਕਰਦਿਆਂ ਸਖ਼ਤ ਕਾਰਵਾਈ ਕੀਤੀ ਜਾਵੇ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਮਾਮਲਾ ਸਿਰਫ਼ ਇੱਕ ਨੌਜਵਾਨ ਨਾਲ ਹੋਈ ਕਥਿਤ ਵਧੀਕੀ ਤੱਕ ਸੀਮਤ ਨਹੀਂ, ਸਗੋਂ ਇਹ ਵੀ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਪੰਜਾਬ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਵਰਗੇ ਗੰਭੀਰ ਮੁੱਦਿਆਂ 'ਤੇ ਸਰਕਾਰ ਤੋਂ ਸਵਾਲ ਪੁੱਛਣ ਦੀ ਆਜ਼ਾਦੀ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪੀੜਤ ਨੌਜਵਾਨ ਦੇ ਨਾਲ ਖੜ੍ਹੀ ਹੈ ਅਤੇ ਉਸ ਨੂੰ ਹਰ ਲੋੜੀਂਦਾ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਅਤੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੂੰ ਪੀੜਤ ਨੌਜਵਾਨ ਕੋਲ ਭੇਜਿਆ ਗਿਆ ਹੈ, ਜੋ ਮਾਮਲੇ ਸਬੰਧੀ ਪੂਰੀ ਜਾਣਕਾਰੀ ਹਾਸਲ ਕਰਕੇ ਲੋੜੀਂਦੀ ਮਦਦ ਯਕੀਨੀ ਬਣਾਉਣਗੇ।

# ਜਨਹਿੱਤ ਮੁੱਦੇ 'ਤੇ ਸਾਂਤਮਈ ਤਰੀਕੇ ਨਾਲ ਆਪਣੇ ਸੰਵਿਧਾਨਕ ਮੌਲਿਕ ਅਧਿਕਾਰ ਤਹਿਤ ਵਿਰੋਧ ਕਰਨ ਵਾਲੇ ਨੌਜਵਾਨ 'ਤੇ ਪੁਲਿਸ ਤਸ਼ੱਦਦ ਨਿੰਦਣਯੋਗ : ਸੁਨੀਲ ਜਾਖੜ

**ਕੌਮੀ ਪਤ੍ਰਿਕਾ**

ਚੰਡੀਗੜ੍ਹ 8 ਸਤੰਬਰ। ਭਾਰਤੀ ਜਨਤਾ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪਿੰਡ ਸੇਰੋਂ ਵਿਚ ਨਸ਼ੇ ਖਿਲਾਫ ਲੋਕ ਹਿੱਤ ਦੇ ਮੁੱਦੇ ਤੇ ਆਪਣੇ ਮੌਲਿਕ ਅਧਿਕਾਰਾਂ ਤਹਿਤ ਵਿਰੋਧ ਕਰਨ ਵਾਲੇ ਸਿੱਖ ਨੌਜਵਾਨ ਤੇ ਭਗਵੰਤ ਮਾਨ ਸਰਕਾਰ ਦੀ ਪੁਲਿਸ ਵੱਲੋਂ ਕੀਤੇ ਅਣਮਨੁੱਖੀ ਤਸਦੱਦ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸੁਨੀਲ ਜਾਖੜ ਨੇ ਕਿਹਾ ਹੈ ਕਿ ਲੋਕਤੰਤਰ ਵਿਚ ਭਾਰਤੀ ਨਾਗਰਿਕਾਂ ਨੂੰ ਸਾਂਤਮਈ ਤਰੀਕੇ ਨਾਲ ਵਿਰੋਧ ਕਰਨ ਦਾ ਸੰਵਿਧਾਨਕ ਹੱਕ ਹਾਸਲ ਹੈ ਪਰ ਮੁੱਖ ਮੰਤਰੀ ਆਪਣੇ ਆਪ ਨੂੰ ਮੁਗਲੀਆ ਦੌਰ ਦੌਰ ਦੇ ਸ਼ਾਸਕ ਸਮਝਣ ਲੱਗੇ ਹਨ ਅਤੇ ਹੁਣ ਲੋਕਾਂ ਦੇ ਲੋਕਤੰਤਰਿਕ ਅਧਿਕਾਰਾਂ ਦਾ ਘਾਣ ਕਰਨ ਲੱਗੇ ਹਨ। ਉਨ੍ਹਾਂ ਨੇ ਕਿਹਾ ਕਿ ਇਕ ਸਿੱਖ ਨੌਜਵਾਨਾਂ ਦੇ ਕਕਾਰਾਂ ਦੀ ਬੇਅਦਬੀ ਹੋਰ ਵੀ ਗੰਭੀਰ ਅਪਰਾਧ ਹੈ ਅਤੇ ਪੁਲਿਸ ਜਬਰ ਜਕਰੀਆ ਖਾਨ ਦੇ ਸਿੱਖਾਂ ਤੇ ਜੁਲਮ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਨੇ ਇਸ ਸਬੰਧੀ ਸੋ?ਸਲ ਮੀਡੀਆ ਤੇ ਸਾਂਝੇ ਕੀਤੇ ਸੁਨੇਹੇ ਵਿਚ ਲਿਖਿਆ ਹੈ, ਪੰਥ ਦੋਖੀ ਮੁੱਖ ਮੰਤਰੀ ਭਗਵੰਤ ਮਾਨ ਹੁਣ ਲੋਕਤੰਤਰ ਅਤੇ ਮਨੁੱਖਤਾ ਦਾ ਘਾਣ ਕਰਨ ਤੇ ਉੱਤਰ ਆਏ ਹਨ। ਪਿੰਡ ਸ਼ੇਰੋਂ ਦੇ ਨੌਜਵਾਨ ਮੋਹਨਜੀਤ ਸਿੰਘ ਵੱਲੋਂ ਆਪਣੇ ਮੁਢਲੇ ਅਧਿਕਾਰ ਤਹਿਤ ਇਲਾਕੇ ਵਿਚ ਵਿਕਦੇ ਨਸ਼ੇ ਵਰਗੇ ਲੋਕ ਹਿੱਤ ਦੇ ਮੁੱਦੇ ਤੇ ਕੀਤੇ ਵਿਰੋਧ ਨੂੰ ਨਾ ਸਹਾਰਦਿਆਂ ਉਸ ਤੇ ਜਕਰੀਆ



ਖਾਨ ਦੀ ਹਕੂਮਤ ਵਰਗੇ ਪੁਲਸੀਆ ਜਬਰ ਕਰਵਾਉਣ ਅਤੇ ਉੱਚ ਅਹੁਦਿਆਂ ਤੇ ਬੈਠੇ ਅਫ਼ਸਰਾਂ ਵੱਲੋਂ ਇਸ ਤਸਦੱਦ ਨੂੰ ਲਾਈਵ ਵੇਖਣਾ ਇਹ ਪ੍ਰਮਾਣ ਕਰਦਾ ਹੈ ਕਿ ਮੁੱਖ ਮੰਤਰੀ ਕਿਸ ਹੱਦ ਤੱਕ ਸੱਤਾ ਦੇ ਹੰਕਾਰ ਵਿੱਚ ਚੂਰ ਹੋ ਕੇ ਲੋਕਾਂ ਦੇ ਮੌਲਿਕ ਅਧਿਕਾਰਾਂ ਦਾ ਹਨਨ ਕਰਨ ਲੱਗੇ ਹਨ। ਇੱਕ ਗੁਰਸਿੱਖ ਨੌਜਵਾਨ ਨੂੰ ਕਰੰਟ ਲਗਾਉਣਾ ਅਤੇ ਬੁਰੀ ਤਰ੍ਹਾਂ ਮਾਰ ਕੁੱਟ ਕਰਨਾ ਅਤੇ ਗੁਰਸਿੱਖ ਦੇ ਕਕਾਰਾਂ ਦੀ ਬੇਅਦਬੀ ਕਰਨਾ, ਇਸ ਘਟਨਾ ਨੇ ਮੁਗਲ ਸਾਮਰਾਜ ਦਾ ਦੌਰ ਯਾਦ ਕਰਵਾ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਜੀ ਯਾਦ ਰੱਖਿਓ ਸੱਤਾ ਹਮੇਸ਼ਾ ਨਹੀਂ ਰਹਿੰਦੀ, ਪਰ ਜੋ ਕਾਲਖ ਤੁਸੀਂ ਖੱਟ ਰਹੇ ਹੋ ਇਹ ਤਾਅ - ਉਮਰ ਤੁਹਾਡੇ ਨਾਂ ਨਾਲ ਜੁੜੀ ਰਹੇਗੀ। ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਨੇ ਤੁਰੰਤ ਮੁੱਖ ਮੰਤਰੀ ਨੂੰ ਮਾਫੀ ਮੰਗਣ ਅਤੇ ਸਿੱਖ ਨੌਜਵਾਨ ਤੇ ਅਣਮਨੁੱਖੀ ਤਸਦੱਦ ਕਰਨ ਵਾਲੇ ਪੁਲਿਸ ਅਧਿਕਾਰੀਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਲੋਕਤੰਤਰ ਨੇ ਜੋ ਸ਼ਕਤੀ ਆਮ ਨਾਗਰਿਕਾਂ ਨੂੰ ਦਿੱਤੀ ਹੈ, ਉਸਦੇ ਇਸਤੇਮਾਲ ਦਾ ਸਮਾਂ ਹੁਣ ਨੇੜੇ ਆ ਗਿਆ ਹੈ ਅਤੇ ਅਗਲੀਆਂ ਚੋਣਾਂ ਵਿਚ ਲੋਕ ਇਸ ਤਾਨਾਸ਼ਾਹ ਸਰਕਾਰ ਦਾ ਅੰਤ ਕਰਨਗੇ।

## ਚਾਕੂ ਦੀ ਨੋਕ 'ਤੇ ਲੁਟੇਰਿਆਂ ਨੇ ਸਬਜ਼ੀ ਵੇਚਣ ਵਾਲੇ ਪ੍ਰਵਾਸੀ ਮਜ਼ਦੂਰ ਨਾਲ ਕੀਤੀ ਲੁੱਟ

ਬੰਗਾ 8 ਸਤੰਬਰ। ਦੋ ਮੋਟਰਸਾਈਕਲ ਸਵਾਰ ਨਕਾਬਪੋਸ਼ ਲੁਟੇਰਿਆਂ ਵੱਲੋਂ ਸਬਜ਼ੀ ਵੇਚਣ ਵਾਲੇ ਪ੍ਰਵਾਸੀ ਮਜ਼ਦੂਰ ਕੋਲੋਂ ਚਾਕੂ ਦੀ ਨੋਕ 'ਤੇ ਹਜ਼ਾਰਾਂ ਰੁਪਏ ਲੁੱਟ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਲੁੱਟ ਦਾ ਸ਼ਿਕਾਰ ਹੋਏ ਪ੍ਰਵਾਸੀ ਮਜ਼ਦੂਰ ਰਾਮ ਮੂਰਤੀ ਨੇ ਦੱਸਿਆ ਉਹ ਯੂ. ਪੀ. ਦਾ ਰਹਿਣ ਵਾਲਾ ਹੈ ਅਤੇ ਇਸ ਸਮੇਂ ਪਰਿਵਾਰ ਸਮੇਤ ਪਿੰਡ ਖਟਕੜ ਖੁਰਦ ਵਿਖੇ ਰਹਿੰਦਾ ਹੈ ਅਤੇ ਸਾਰਾ ਦਿਨ ਰਿਕਸ਼ੇ 'ਤੇ ਸਬਜ਼ੀ ਵੇਚ ਮਿਹਨਤ ਮਜ਼ਦੂਰੀ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦਾ ਹੈ। ਉਸ ਨੇ ਦੱਸਿਆ ਕਿ ਬੀਤੀ ਇਕ ਸਤੰਬਰ ਨੂੰ ਜਦੋਂ ਉਹ ਪਿੰਡ ਕਜਲਾ ਸਾਈਡ ਨੂੰ ਆਪਣੇ ਰਿਕਸ਼ੇ 'ਤੇ ਸਵਾਰ ਹੋ ਕੇ ਸਬਜ਼ੀ ਵੇਚਣ ਲਈ ਜਾ ਰਿਹਾ ਸੀ ਤਾਂ ਰਸਤੇ 'ਚ ਪੈਂਦੇ ਇਕ ਧਾਰਮਿਕ ਸਥਾਨ ਨੇੜੇ ਇਕ ਮੋਟਰਸਾਈਕਲ 'ਤੇ ਸਵਾਰ ਦੋ ਨਕਾਬਪੋਸ਼ ਵਿਅਕਤੀਆਂ ਨੇ ਉਸ ਪਾਸੋਂ ਪਿਆਜ਼ਾ ਦਾ ਭਾਅ ਪੁੱਛਿਆ ਅਤੇ 5 ਕਿੱਲੋ ਪਿਆਜ਼ ਦੇਣ ਲਈ ਕਿਹਾ। ਉਸ ਨੇ ਦੱਸਿਆ ਕਿ ਉਸ ਨੇ ਉਕਤ ਨੌਜਵਾਨਾਂ ਨੂੰ ਥੋੜਾ ਅੱਗੇ ਆਉਣ ਲਈ ਕਿਹਾ ਬੱਸ ਫਿਰ ਉਨ੍ਹਾਂ ਨੇ ਉਸ 'ਤੇ ਚਾਕੂ ਤਾਣ ਦਿੱਤਾ, ਜਿਸ ਤੋਂ ਬਾਅਦ ਉਹ ਮੌਕੇ ਤੋਂ ਭੱਜਣ ਲੱਗਾ ਤਾਂ ਉਪਰੋਕਤ ਲੁਟੇਰਿਆਂ ਨੇ ਉਸ ਨੂੰ ਪਿੱਛੇ ਤੋਂ ਫੜ ਲਿਆ ਅਤੇ ਹੇਠਾਂ ਸੁੱਟ ਲਿਆ। ਜਿਸ ਤੋਂ ਬਾਅਦ ਉਨ੍ਹਾਂ ਨੇ ਉਸ ਦੇ ਪਹਿਨੇ ਹੋਏ ਕੱਪੜੇ ਪਾੜ ਕੇ ਉਨ੍ਹਾਂ ਵਿੱਚੋਂ ਉਸ ਦੇ ਪੈਸੇ ਲੁੱਟ ਲਏ ਅਤੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਹੱਪੋਵਾਲ ਵੱਲ ਫਰਾਰ ਹੋ ਗਏ। ਉਸ ਨੇ ਦੱਸਿਆ ਲੁੱਟ ਕਰਨ ਵਾਲੇ ਵਿਅਕਤੀਆਂ ਦੀ ਉਮਰ ਅੰਦਾਜ਼ਨ 20 ਤੋਂ 22 ਸਾਲ ਦੀ ਹੋਵੇਗੀ। ਉਸ ਨੇ ਆਪਣੇ ਨਾਲ ਹੋਈ ਵਾਰਦਾਤ ਦੀ ਜਾਣਕਾਰੀ 112 ਨੰਬਰ 'ਤੇ ਦੇਣੀ ਚਾਹੀ ਤਾਂ 112 ਨਹੀਂ ਲੱਗਿਆ, ਜਿਸ ਤੋਂ ਬਾਅਦ ਉਸ ਨੇ ਹੋਏ ਘਟਨਾਕ?ਮ ਦੀ ਜਾਣਕਾਰੀ 100 ਨੰਬਰ 'ਤੇ ਦਿੱਤੀ। ਜਿਸ ਉਪਰੰਤ ਥਾਣਾ ਬੰਗਾ ਪੁਲਸ ਦੇ ਅਧਿਕਾਰੀ ਅਤੇ ਕਰਮਚਾਰੀ ਮੌਕੇ 'ਤੇ ਪੁੱਜੇ ਅਤੇ ਆਪਣੀ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਉਸ ਨੇ ਪ੍ਰਸ਼ਾਸਨ ਤੋਂ ਮੰਗ ਕਰਦੇ ਉਪਰੋਕਤ ਲੁਟੇਰਿਆਂ ਨੂੰ ਜਲਦ ਤੋਂ ਜਲਦ ਕਾਬੂ ਕਰਕੇ ਉਸ ਦੀ ਮਿਹਨਤ ਦੇ ਪੈਸੇ ਵਾਪਸ ਦਿਵਾਉਣ ਦੀ ਮੰਗ ਕੀਤੀ।

## ਪੰਜਾਬ 'ਚ ਲਾਵਾਰਿਸ ਲਾਸ਼ਾਂ ਦੀ ਸ਼ਨਾਖਤ ਲਈ ਡਿਜੀਟਲ ਪੋਰਟਲ 'ਪਹਿਚਾਣ' ਸ਼ੁਰੂ

ਚੰਡੀਗੜ੍ਹ/ਜਲੰਧਰ 8 ਸਤੰਬਰ। ਸੂਬੇ ਭਰ ਦੇ ਸਰਕਾਰੀ ਮੁਰਦਾਘਰਾਂ 'ਚ ਲਿਆਂਦੀਆਂ ਜਾਣ ਵਾਲੀਆਂ ਅਣਪਛਾਤੀਆਂ ਅਤੇ ਲਾਵਾਰਿਸ ਲਾਸ਼ਾਂ ਦੀ ਡਿਜੀਟਲ ਸ਼ਨਾਖ਼ਤ ਲਈ ਸੂਬਾ ਪੱਧਰੀ ਜਨਤਕ ਪੋਰਟਲ 'ਪਹਿਚਾਣ' ਸ਼ੁਰੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੇ ਬੁੱਧਵਾਰ ਨੂੰ ਇਸ ਦਾ ਰਸਮੀ ਉਦਘਾਟਨ ਕੀਤਾ। ਜਾਣਕਾਰੀ ਅਨੁਸਾਰ 'ਪਹਿਚਾਣ' ਪਹਿਲਕਦਮੀ ਤਹਿਤ ਪੰਜਾਬ ਦੇ ਕਿਸੇ ਵੀ ਸਰਕਾਰੀ ਮੁਰਦਾਘਰ 'ਚ ਪੋਸਟਮਾਰਟਮ ਦੇ 48 ਘੰਟਿਆਂ ਦੇ ਅੰਦਰ-ਅੰਦਰ ਹਰੇਕ ਅਣਪਛਾਤੇ, ਲਾਵਾਰਿਸ ਮ੍ਰਿਤਕ ਦੇ ਚਿਹਰੇ ਦੀਆਂ ਤਸਵੀਰਾਂ, ਸਥਾਈ ਸ਼ਨਾਖ਼ਤੀ ਨਿਸ਼ਾਨ ਜਿਵੇਂ ਕਿ ਟੈਟੂ, ਜਨਮ ਤੋਂ ਕੋਈ ਨਿਸ਼ਾਨ, ਕਿਸੇ ਖ਼ਾਸ ਸਰੀਰਕ ਨੁਕਸ ਦੀਆਂ ਤਸਵੀਰਾਂ ਅਤੇ ਵਿਸਥਾਰਤ ਸਰੀਰਕ ਹੁਲੀਆ ਪੋਰਟਲ 'ਤੇ ਅਪਲੋਡ ਕੀਤਾ ਜਾਵੇਗਾ। ਇਹ ਪੋਰਟਲ ਸਿਹਤ ਵਿਭਾਗ ਦੀਆਂ ਸਾਰੀਆਂ ਅਧਿਕਾਰਤ ਵੈੱਬਸਾਈਟਾਂ ਰਾਹੀਂ ਬਿਲਕੁਲ ਮੁਫ਼ਤ ਉਪਲਬਧ ਹੈ ਤੇ ਦੇਸ਼ ਜਾਂ ਵਿਦੇਸ਼ 'ਚ ਕਿਸੇ ਵੀ ਥਾਂ ਤੋਂ ਪਰਿਵਾਰਾਂ ਵੱਲੋਂ ਇਸ ਪੋਰਟਲ ਰਾਹੀਂ ਖੋਜ ਕੀਤੀ ਜਾ ਸਕਦੀ ਹੈ।

## ਜਵਾਹਰ ਨਵੋਦਿਆ ਵਿਦਿਆਲਿਆ ਪ੍ਰਵੇਸ਼ ਪ੍ਰੀਖਿਆ ਲਈ 30 ਤੱਕ ਭਰੇ ਜਾਣਗੇ ਆਨਲਾਈਨ ਫਾਰਮ

ਤਰਨਤਾਰਨ 8 ਸਤੰਬਰ। ਜਵਾਹਰ ਨਵੋਦਿਆ ਵਿਦਿਆਲਿਆ ਪ੍ਰਵੇਸ਼ ਪ੍ਰੀਖਿਆ ਜਮਾਤ ਨੌਵੀਂ ਅਤੇ ਗਿਆਰਵੀਂ, ਸੈਸ਼ਨ 2027-28, ਜੋ ਕਿ ਮਿਤੀ 10.04.2027 ਨੂੰ ਹੋਵੇਗੀ, ਉਸ ਵਾਸਤੇ ਦੋਵਾਂ ਜਮਾਤਾਂ ਦੇ ਆਨਲਾਈਨ ਫਾਰਮ 1 ਸਤੰਬਰ, 2026 ਤੋਂ ਭਰਨੇ ਸ਼ੁਰੂ ਹੋ ਗਏ ਹਨ। ਇਹ ਜਾਣਕਾਰੀ ਦਿੰਦਿਆਂ ਜਵਾਹਰ ਨਵੋਦਿਆ ਵਿਦਿਆਲਿਆ, ਗੋਇੰਦਵਾਲ ਸਾਹਿਬ (ਤਰਨਤਾਰਨ) ਦੇ ਪ੍ਰਿੰਸੀਪਲ ਰਵਿੰਦਰ ਕੁਮਾਰ ਨੇ ਦੱਸਿਆ ਕਿ ਫਾਰਮ ਭਰਨ ਦੀ ਆਖ਼ਰੀ ਮਿਤੀ 30 ਸਤੰਬਰ, 2026 ਹੈ। ਉਨ੍ਹਾਂ ਕਿਹਾ ਕਿ ਉਹ ਉਮੀਦਵਾਰ ਜੋ ਸਿਰਫ਼ ਜ਼ਿਲਾ ਤਰਨਤਾਰਨ ਵਿਚ ਸੈਸ਼ਨ 2026-2027 ਵਿਚ ਅੱਠਵੀਂ ਅਤੇ ਦਸਵੀਂ ਜਮਾਤ ਵਿਚ ਪੜ੍ਹ ਰਹੇ ਹਨ, ਫਾਰਮ ਭਰਨ ਦੇ ਯੋਗ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਨਵੋਦਿਆ ਵਿਦਿਆਲਿਆ ਸਮਿਤੀ (ਐੱਨ.ਵੀ.ਐੱਸ) ਦੇ ਪੋਰਟਲ 'ਤੇ ਆਨ ਲਾਈਨ ਫਾਰਮ ਭਰਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਨੌਵੀਂ ਜਮਾਤ ਲਈ ਆਨਲਾਈਨ ਫਾਰਮ ਭਰਨ ਲਈ ਲਿੰਕ ਅਤੇ ਗਿਆਰਵੀਂ ਜਮਾਤ ਲਈ ਉੱਤੇ ਲਾਗਇਨ ਕੀਤਾ ਜਾ ਸਕਦਾ ਹੈ। ਉਨ੍ਹਾਂ ਜ਼ਿਲਾ ਤਰਨਤਾਰਨ ਦੇ ਅਧੀਨ ਆਉਂਦੇ ਵਿੱਦਿਅਕ ਅਦਾਰਿਆਂ ਨੂੰ ਆਪਣੇ ਵਿਦਿਆਰਥੀਆਂ ਨੂੰ ਜਵਾਹਰ ਨਵੋਦਿਆ ਵਿਦਿਆਲਿਆ ਪ੍ਰਵੇਸ਼ ਪ੍ਰੀਖਿਆ ਸਬੰਧੀ ਵੱਧ ਤੋਂ ਵੱਧ ਪ੍ਰੇਰਿਤ ਕਰਨ ਦੀ ਅਪੀਲ ਕੀਤੀ।

# ਲੋਕਾਂ ਦੀ ਆਵਾਜ਼ ਦਬਾਉਣ ਵਾਲੀ ਸਰਕਾਰ ਦਾ ਅੰਤ ਨੇੜੇ, 2027 'ਚ ਲੋਕ ਦੇਣਗੇ ਜਵਾਬ : ਕੇਵਲ ਸਿੰਘ ਢਿੱਲੋਂ

**ਕੌਮੀ ਪਤ੍ਰਿਕਾ**

ਚੰਡੀਗੜ੍ਹ 8 ਸਤੰਬਰ। ਸੁਨਾਮ? ਹਲਕੇ ਦੇ ਪਿੰਡ ਸ਼ੇਰੋ ਵਿੱਚ ਮੁੱਖ ਮੰਤਰੀ ਪੰਜਾਬ ਦੇ ਸਾਹਮਣੇ ਪੰਜਾਬ ਵਿੱਚ ਨਸ਼ਿਆਂ ਦਾ ਮੁੱਦਾ ਉਠਾਉਣ ਵਾਲੇ ਗੁਰਸਿੱਖ ਨੌਜਵਾਨ ਮੋਹਨਜੀਤ ਸਿੰਘ ਨਾਲ ਪੁਲਿਸ ਵੱਲੋਂ ਕਥਿਤ ਤੌਰ 'ਤੇ ਕੀਤੇ ਤਸ਼ੱਦਦ ਦੀ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਤਿੱਖੇ ਸ਼ਬਦਾਂ ਵਿੱਚ ਨਿੰਦਾ ਕੀਤੀ। ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪੀੜਤ ਮੋਹਨਜੀਤ ਸਿੰਘ ਨਾਲ ਵੀਡੀਓ ਕਾਲ 'ਤੇ ਗੱਲ ਵੀ ਕੀਤੀ ਉਸ ਦਾ ਹਾਲ ਜਾਣਿਆ ਅਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਆਵਾਜ਼ ਉਠਾਉਣ 'ਤੇ ਉਸ ਦੀ ਹੌਸਲਾ-ਅਫ਼ਜ਼ਾਈ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਇਸ ਮੁਸ਼ਕਲ ਘੜੀ ਵਿੱਚ ਮੋਹਨਜੀਤ ਦੇ ਨਾਲ ਡਟ ਕੇ ਖੜ੍ਹੀ ਹੈ ਅਤੇ ਉਸ ਨੂੰ ਇਨਸਾਫ਼ ਦਿਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸਬੰਧੀ ਉਨ੍ਹਾਂ ਨੇ ਐੱਸਐੱਸਪੀ ਸੰਗਰੂਰ ਅਤੇ ਡੀਜੀਪੀ ਪੰਜਾਬ ਨਾਲ ਵੀ ਫੋਨ 'ਤੇ ਗੱਲਬਾਤ ਕੀਤੀ ਹੈ ਅਤੇ ਮੋਹਨਜੀਤ ਸਿੰਘ ਨਾਲ ਹੋਏ ਕਥਿਤ ਤਸ਼ੱਦਦ ਦੀ ਨਿਰਪੱਖ ਜਾਂਚ ਕਰਵਾਉਣ ਅਤੇ ਪੀੜਤ ਨੂੰ ਇਨਸਾਫ਼ ਦਿਵਾਉਣ ਦੀ ਮੰਗ ਕੀਤੀ ਹੈ। ਢਿੱਲੋਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਇਸ ਨੌਜਵਾਨ ਨਾਲ ਡੱਟ ਕੇ ਖੜੀ ਹੈ ਅਤੇ ਉਹਨਾਂ ਦੇ ਸੰਗਰੂਰ -2 ਦੇ ਜ਼ਿਲ੍ਹਾ ਪ੍ਰਧਾਨ ਦਾਮਨ ਥਿੰਦ ਬਾਜਵਾ ਆਪਣੀ ਟੀਮ ਨਾਲ ਪੀੜਤ ਦੀ ਮੱਦਦ ਲਈ ਲੱਗੇ? ਹੋਏ ਹਨ। ਪੀੜਤ ਨੂੰ ਹਰ ਤਰ੍ਹਾਂ ਦੀ ਮੱਦਦ ਭਾਜਪਾ ਦੇਵੇਗੀ। ਕੇਵਲ ਸਿੰਘ ਢਿੱਲੋਂ ਨੇ



ਕਿਹਾ ਕਿ ਮੋਹਨਜੀਤ ਸਿੰਘ ਨੇ ਕੋਈ ਗੈਰ-ਕਾਨੂੰਨੀ ਗਤੀਵਿਧੀ ਨਹੀਂ ਕੀਤੀ, ਸਗੋਂ ਉਸ ਨੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਦਾ ਗੰਭੀਰ ਨਸ਼ੇ ਦਾ ਮੁੱਦਾ ਸਿੱਧਾ ਮੁੱਖ ਮੰਤਰੀ ਦੇ ਸਾਹਮਣੇ ਰੱਖਿਆ ਸੀ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਸਰਕਾਰ ਤੋਂ ਸਵਾਲ ਪੁੱਛਣਾ ਅਤੇ ਆਪਣੀ ਗੱਲ ਰੱਖਣਾ ਹਰ ਨਾਗਰਿਕ ਦਾ ਅਧਿਕਾਰ ਹੈ। ਪਰ ਇਸ ਗੁਰਸਿੱਖ ਨੌਜਵਾਨ ਨੂੰ ਨਸ਼ਿਆਂ ਦਾ ਮੁੱਦਾ ਉਠਾਉਣ ਦੇ ਬਦਲੇ ਪੁਲਿਸ ਵਲੋਂ ਹਿਰਾਸਤ ਵਿੱਚ ਲੈ ਕੇ ਉਸ ਨਾਲ ਕੁੱਟਮਾਰ ਅਤੇ ਤਸ਼ੱਦਦ ਕਰਨਾ ਅਤੇ ਉਸ ਦੇ ਕਕਾਰਾਂ ਦੀ ਬੇਅਦਬੀ ਕਰਨੀ ਬੇਹੱਦ ਹੀ ਮੰਦਭਾਗੀ ਹੈ। ਭਾਜਪਾ ਪੰਜਾਬ ਪ੍ਰਧਾਨ ਨੇ ਕਿਹਾ ਕਿ ਇਹ ਘਟਨਾ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਨਸ਼ਿਆਂ ਵਿਰੁੱਧ ਜੰਗ' ਮੁਹਿੰਮ ਦੇ ਦਾਅਵਿਆਂ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਸਰਕਾਰ ਨਸ਼ਾ ਰੋਕਣ ਵਿੱਚ ਪੂਰੀ ਤਰ੍ਹਾਂ ਨਾਲ ਫੇਲ ਹੋਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਨਸ਼ਿਆਂ ਖ਼?ਲਾਫ਼ ਆਵਾਜ਼ ਉਠਾਉਣ ਵਾਲੇ ਨੌਜਵਾਨਾਂ ਨੂੰ ਸੁਣਨਾ ਅਤੇ ਉਨ੍ਹਾਂ ਦਾ ਸਾਥ ਦੇਣਾ ਚਾਹੀਦਾ ਹੈ, ਨਾ ਕਿ ਪੁਲੀਸ ਦੀ ਤਾਕਤ ਰਾਹੀਂ ਉਨ੍ਹਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਧਰਨਿਆਂ ਅਤੇ ਲੋਕਾਂ ਦੇ ਸੰਘਰਸ਼ਾਂ ਵਿੱਚੋਂ ਨਿਕਲੀ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਲੋਕਾਂ ਦੇ ਸਵਾਲਾਂ ਤੋਂ ਹੀ ਡਰਨ ਲੱਗ ਪਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵੱਲੋਂ ਲੋਕਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਸਵਾਲ ਪੁੱਛਣ ਵਾਲਿਆਂ ਨਾਲ ਜ਼ਬਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਇਸ ਸਰਕਾਰ ਦੇ ਜ਼ਬਰ ਅਤੇ ਧੱਕੇਸ਼ਾਹੀ ਤੋਂ ਅੱਕ ਚੁੱਕੇ ਹਨ। ਇਸ ਸਰਕਾਰ ਦੇ ਅੱਤ ਦਾ ਅੰਤ ਨੇੜੇ ਹੈ ਅਤੇ ਪੰਜਾਬ ਦੇ ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਜ਼ਬਰ ਕਰਨ ਵਾਲੀ ਸਰਕਾਰ ਨੂੰ ਸੱਤਾ ਤੋਂ ਬਾਹਰ ਕਰਨ ਲਈ ਤਿਆਰ ਬੈਠੇ ਹਨ।

## ਖੇਤਾਂ 'ਚ ਪਾਣੀ ਲਾਉਣ ਗਏ ਕਿਸਾਨ ਨਾਲ ਕੁੱਟਮਾਰ

ਟਾਂਡਾ ਉੜਮੁੜ 8 ਸਤੰਬਰ। ਪਿੰਡ ਟਾਹਲੀ ਵਾਸੀ ਕਿਸਾਨ ਨਾਲ ਕੁੱਟਮਾਰ ਕਰਨ ਦੇ ਦੋਸ਼ ਵਿਚ ਟਾਂਡਾ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਥਾਣਾ ਮੁਖੀ ਟਾਂਡਾ ਇੰਸਪੈਕਟਰ ਅਮਰਜੀਤ ਕੌਰ ਨੇ ਦੱਸਿਆ ਕਿ ਪੁਲਸ ਨੇ ਇਹ ਮਾਮਲਾ ਕੁੱਟਮਾਰ ਦਾ ਸ਼ਿਕਾਰ ਹੋਏ ਸੰਦੀਪ ਸੰਧੂ ਪੁੱਤਰ ਸੁਖਵਿੰਦਰਪਾਲ ਸਿੰਘ ਵਾਸੀ ਪਿੰਡ ਟਾਹਲੀ ਦੇ ਬਿਆਨ ਦੇ ਆਧਾਰ 'ਤੇ ਹਰਜੀਤ ਸਿੰਘ ਉਰਫ਼ ਸੋਨੂੰ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਬਸਤੀ ਬੋਹੜਾ ਖ਼?ਲਾਫ਼ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨ ਵਿਚ ਸੰਦੀਪ ਨੇ ਦੱਸਿਆ ਕਿ ਬੀਤੇ ਦਿਨੀਂ ਉਹ ਝੋਨੇ ਦੀ ਫ਼ਸਲ ਨੂੰ ਇਕੱਲਾ ਹੀ ਪਾਣੀ ਲਗਾ ਰਿਹਾ ਸੀ ਕਿ ਉੱਥੇ ਹਰਜੀਤ ਸਿੰਘ ਅਤੇ ਉਸ ਦੇ ਨਾਲ ਕਰੀਬ 40-50 ਵਿਅਕਤੀਆਂ ਨੇ ਉਸ ਦੀ ਕੁੱਟਮਾਰ ਕਰਦੇ ਹੋਏ ਗੰਭੀਰ ਜ਼ਖ਼ਮੀ ਕਰ ਦਿੱਤਾ